**ਅੱਜ ਦਾ ਵਿਚਾਰ**

ਜਿੰਨਾਂ ਨੇ ਮੰਜ਼ਿਲਾਂ 'ਤੇ ਪਹੁੰਚਣਾ ਹੁੰਦਾ ਹੈ, ਉਹ ਕਦੇ ਸ਼ਿਕਵਾ ਨਹੀਂ ਕਰਦੇ, ਜੋ ਲੋਕ ਸ਼ਿਕਵੇ ਸ਼ਿਕਾਇਤਾਂ ਕਰਦੇ ਰਹਿੰਦੇ ਹਨ ਉਹ ਕਦੇ ਮੰਜ਼ਿਲਾਂ 'ਤੇ ਨਹੀਂ ਪਹੁੰਚਦੇ

PREETNAMA

# ਪ੍ਰੀਤਨਾਮਾ

ਖਰਾ ਸੱਚ

ਨਿਊਯਾਰਕ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ Online and Print Media +1 201-312-4180

ਰੋਜ਼ਾਨਾ ਦੀਆਂ ਤਾਜ਼ੀਆਂ ਖ਼ਬਰਾਂ, ਲੇਖ ਅਤੇ ਕਾਵਿ ਕਵਿਤਾਵਾਂ ਲਈ ਦੇਖੋ ਸਾਡੀ ਵੈਬਸਾਈਟ www.preetnama.com

ਸਾਲ 1, ਅੰਕ 15, ਮਿਤੀ : ਅਗਸਤ 16, 2019 ਤੋਂ ਅਗਸਤ 22, 2019 ਵੈਬਸਾਈਟ : www.preetnama.com ਈਮੇਲ preetnamausa@gmail.com


# ਸਫਲਤਾ ਪੂਰਵਕ ਸੰਪਨ ਹੋਈ ਸ਼ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ ਐਸ ਏ ਵੈਸਟ ਦੀ ਮੀਟਿੰਗ

## ਮੀਟਿੰਗ ਵਿਚ ਰਚਿਆ ਗਿਆ ਨਵਾਂ ਇਤਿਹਾਸ




ਅਗਸਤ ਗਿਆਰਾਂ 2019 ਨੂੰ ਰੌਇਲ ਪੈਲੇਸ ਰਿਚਮੰਡ ਹਿੱਲ ਨਿਉਯਾਰਕ ਵਿੱਚ ਸ਼ਰੋਮਣੀ ਅਕਾਲੀ ਦੱਲ ਅੰਮ੍ਰਿਤਸਰ ਯੂ ਐਸ਼ ਏ ਵੈਸਟ ਵੱਲੋਂ ਅਯੋਜਿਤ ਕੀਤੀ ਗਈ ਮੀਟਿੰਗ ਇਕ ਇਤਿਹਾਸਕ ਮੀਟਿੰਗ ਹੋ ਨਿਬੜੀ। ਸ਼ਿਖਾ ਦਾ ਭਰਵਾ ਹੁੰਗਾਰਾ ਮੀਟਿੰਗ ਨੂੰ ਰੈਲੀ ਦਾ ਰੂਪ ਦੇ ਗਿਆ। 350 ਤੋਂ ਵੱਧ ਸ਼ਿਖਾ ਨੇ ਇਸ ਪ੍ਰੋਗਰਾਮ ਵਿੱਚ ਹਾਜ਼ਰੀ ਭਰੀ। ਇਲਾਕੇ ਦੀਆ ਮੋਹਤਵਾਰ ਸ਼ਖ਼ਸੀਅਤਾਂ ਨੇ ਇਸ ਵਿੱਚ ਹਾਜ਼ਰੀ ਲਗਵਾਈ। ਗੁਰੂ ਘਰਾਂ ਦੀਆ ਕਮੇਟੀਆਂ,ਪੰਥਕ ਜਥੇਬੰਦੀਆਂ ਅਤੇ ਸਭਾ ਸੋਸਾਈਟੀਆ ਦੇ ਸਤਿਕਾਰ ਯੋਗ ਅਹੁਦੇਦਾਰਾਂ ਤੋਂ ਇਲਾਵਾ ਸਤਿਕਾਰ ਸ਼ਖ਼ਸੀਅਤਾਂ ਵੱਲੋਂ ਬੋਲਦਿਆਂ ਸ: ਸਿਮਰਨਜੀਤ ਸਿੰਘ ਮਾਨ ਪਾਰਟੀ ਪ੍ਰਧਾਨ ਦੀਆ ਕੌਮ ਲਈ ਕੀਤੀਆ ਕੁਰਬਾਨੀਆਂ ਦੀ ਸ਼ਲਾਘਾ ਕਰਦਿਆਂ ਮਨੁੱਖੀ ਹੱਕਾਂ ਦੇ ਪਹਿਰੇਦਾਰ, ਘੱਟ ਗਿਣਤੀਆਂ ਉਤੇ ਹੋ ਰਹੇ ਅੱਤਿਆਚਾਰ ਵਿਰੁੱਧ ਅਵਾਜ਼ ਅੰਤਰਰਾਸ਼ਟਰੀ ਪੱਧਰ ਤੱਕ ਲੈ ਜਾਣ, ਸਿੱਖਾਂ ਦੀਆ ਧਾਰਮਿਕ,ਰਾਜਨੀਤਿਕ ਅਤੇ ਆਰਥਿਕ ਮੁਸ਼ਕਲਾਂ ਨੂੰ ਸਮਝਣ ਅਤੇ ਇਸ ਦੇ ਇੱਕੋ ਇਕ ਹੱਲ ਖਾਲਸਾ ਰਾਜ ਖਾਲਿਸਤਾਨ ਦੀ ਲੜਾਈ ਇਮਾਨਦਾਰੀ ਨਾਲ ਲੜਨ ਵਾਲੇ ਜਰਨੈਲ ਮੰਨਿਆ। ਉਂਨਾਂ ਇਹ ਵੀ ਮੰਨਿਆ ਕਿ ਜ਼ਮੀਨੀ ਪੱਧਰ ਤੇ ਪੰਜਾਬ ਵਿੱਚ ਇਕ ਹੀ ਪਾਰਟੀ ਲੜਾਈ ਲੜ ਰਹੀ ਹੈ ਉਹ ਹੈ ਸ਼ਰੋਮਣੀ ਅਕਾਲੀ ਦੱਲ ਅਮਤ੍ਰਿਸਰ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂ ਐਸ ਏ ਦੇ ਸੀਨੀਅਰ ਮੀਤ ਪ੍ਰਧਾਨ ਸ: ਰੇਸ਼ਮ ਸਿੰਘ ਨੇ ਪਾਰਟੀ ਪ੍ਰਧਾਨ ਸ: ਮਾਨ ਦੀਆ ਹੁਣ ਤੱਕ ਦੀਆ ਕੁਰਬਾਨੀਆਂ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਉਂਨਾਂ ਨੂੰ ਜੇਲ ਦਿੱਤੇ ਤਸੀਹੇ, ਸਰਕਾਰਾਂ ਵੱਲੋਂ ਪਾਏ ਝੂਠੇ ਕੇਸਾਂ ਦਾ ਜ਼ਿਕਰ ਕਰਦਿਆਂ ਕਿਸੇ ਵੀ ਕੇਸ ਵਿੱਚ ਦੋਸ਼ੀ ਨਾਂ ਪਾਏ ਜਾਣ ਦਾ ਜ਼ਿਕਰ ਵੀ ਕੀਤਾ।ਭਾਰਤੀ ਹਕੂਮਤ ਵੱਲੋਂ ਘੱਟ ਗਿਣਤੀਆਂ ਵਿਰੁੱਧ ਕੀਤੀਆ ਘਿਨਾਉਣੀਆ ਕਾਰਵਾਈਆ ਦਾ ਜ਼ਿਕਰ ਵੀ ਕੀਤਾ ਗਿਆ। ਕਸ਼ਮੀਰ ਦੀ ਤਾਜਾ ਸਥਿਤੀ ਤੇ ਵੀ ਵਿਚਾਰ ਹੋਈ।ਸਿੱਖ ਸੰਸਥਾਵਾਂ ਦੇ ਜਿਹੜੇ ਅਗੂਆ ਨੇ ਸ਼ਮੂਲੀਅਤ ਕੀਤੀ ਉਂਨਾਂ ਵਿੱਚ ਸ: ਗੁਰਦੇਵ ਸਿੰਘ ਕੰਗ,ਸ:ਕੁਲਦੀਪ ਸਿੰਘ ਢਿੱਲੋ ਪ੍ਰਧਾਨ ਰਿਚਮੰਡ ਹਿੱਲ ,ਭਾਈ ਭੁਪਿੰਦਰ ਸਿੰਘ ਹੈੱਡ ਗ੍ਰੰਥੀ,ਈਸਟ ਕੋਰਟ ਕਮੇਟੀ ਦੇ ਪ੍ਰਧਾਨ ਸ: ਹਿੰਮਤ ਸਿੰਘ,ਡੀ ਏ ਐਸ ਤੋਂ ਸ ਹਰਮੇਲ ਸਿੰਘ,ਐਸ ਬੀ ਪ੍ਰੇਮ ਸਿੰਘ ਸੋਸਾਈਟੀ ਕੁਲਵੰਤ ਸਿੰਘ,ਬਲਜੀਤ ਸਿੰਘ,ਬੰਦਾ ਸਿੰਘ ਬਹਾਦਰ ਸੋਸਾਈਟੀ ਸ: ਟਹਿਲ ਸਿੰਘ, ਸਿਖਸ ਫਾਂਰ ਜਸਟਿਸ ਵੱਲੋਂ ਸ: ਅਵਤਾਰ ਸਿੰਘ ਪੰਨੂੰ ਅਤੇ ਸ ਬਲਜਿੰਦਰ ਸਿੰਘ,ਸ ਕੁਲਦੀਪ ਸਿੰਘ, ਸਾਬਕਾ ਪ੍ਰਧਾਨ ਸ ਬੋਪਾਰਾਏ ਅਤੇ ਸ ਕਿਰਪਾਲ ਸਿੰਘ ਨੇ ਪਾਰਟੀ ਨੂੰ ਸਹਿਯੋਗ ਦੇਣ ਦਾ ਵਾਅਦਾ ਕੀਤਾ। ਪਾਰਟੀ ਦੀ ਵੈਸਟ ਕੋਰਟ ਵੱਲੋਂ ਜਿਹੜੇ ਸੀਨੀਅਰ ਆਗੂਆ ਨੇ ਹਾਜ਼ਰੀ ਭਰੀ ਉਂਨਾਂ ਵਿੱਚ ਬਲਵਿੰਦਰ ਸਿੰਘ ਮਿੱਠੇ,ਪਰਮਜੀਤ ਸਿੰਘ ਸਿਆਟਲ, ਜਗਤਾਰ ਸਿੰਘ ਗਿੱਲ,ਜਸਵੀਰ ਸਿੰਘ ਤੱਖਰ, ਜੁਗਰਾਜ ਸਿੰਘ ਧਾਲੀਵਾਲ ਅਤੇ ਸਨਪ੍ਰੀਤ ਸਿੰਘਪੁਰੀਆ।ਮੀਟਿੰਗ ਵਿੱਚ 140 ਦੇ ਕਰੀਬ ਨੌਜੁਆਨਾ ਨੇ ਹਾਜ਼ਰੀ ਭਰੀ ਜਿਨਾ ਵਿੱਚ ਵੱਡੀ ਗਿਣਤੀ ਵਿੱਚ ਪਹਿਲਾ ਹੀ ਪਾਰਟੀ ਦੇ ਮੈਂਬਰ ਬਣ ਚੁੱਕੇ ਹਨ।ਮੀਡੀਏ ਦੇ ਸਵਾਲਾਂ ਦੇ ਜਬਾਵ ਦਿੰਦਿਆਂ ਸ: ਰੇਸ਼ਮ ਸਿੰਘ ਨੇ ਸੰਗਤਾਂ ਅਤੇ ਮੀਡੀਏ ਨੂੰ ਸ਼ਪੱਸ਼ਟ ਕੀਤਾ ਜਿੱਥੇ ਕੰਮ ਹੋਵੇ ਉੱਥੇ ਥੋੜੇ ਬਹੁਤ ਮੱਤ ਭੇਦ ਜ਼ਰੂਰ ਹੁੰਦੇ ਹਨ ਪਾਰਟੀ ਦੇ ਸੀਨੀਅਰ ਆਗੂ ਪ੍ਰਧਾਨ ਸਾਹਿਬ ਦੀ ਅਗਵਾਈ ਇਸ ਦਾ ਹੱਲ ਜ਼ਰੂਰ ਕੱਢ ਲੈਣਗੇ। ਉਂਨਾਂ ਸਪੱਸ਼ਟ ਕੀਤਾ ਕਿ ਅਸੀਂ ਪਾਰਟੀ ਦੇ ਵਾਧੇ ਅਤੇ ਕੌਮ ਦੀ ਅਜ਼ਾਦੀ ਲਈ ਬਚਨਵੱਧ ਹਾਂ ਅਤੇ ਸ: ਮਾਨ ਦੀ ਅਗਵਾਈ ਤੇ ਪੂਰਣ ਭਰੋਸਾ ਹੈ। ਨਿਉਯਾਰਕ ਵਿੱਚ ਗਿਆਰਾਂ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਦੀ ਜ਼ੁਮੇਵਾਰੀ ਨਰਿੰਦਰ ਸਿੰਘ ਅਤੇ ਤਲਵਿੰਦਰ ਸਿੰਘ ਨੂੰ ਸੌਂਪੀ ਗਈ। ਅੰਤ ਵਿੱਚ ਸ: ਜਗਤਾਰ ਸਿੰਘ ਵੱਲੋਂ ਸਾਰਿਆ ਦਾ ਧੰਨਵਾਦ ਕੀਤਾ ਗਿਆ।

## ਸ਼੍ਰੋਮਣੀ ਅਕਾਲੀ ਦਲ ਯੂ.ਐਸ.ਏ.ਵੈਸਟ ਦਾ ਮਾਣ - ਸ. ਨਰਿੰਦਰ ਸਿੰਘ ਜੀ



ਸੰਤ ਜਰਨੈਲ ਸਿੰਘ ਭਿੰਡਰਾਂਵਾਲੇ



ਸ੍ਰ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ੍ਰੋ. ਅ. ਦ. (ਅੰਮ੍ਰਿਤਸਰ)




ਸ੍ਰ. ਰੇਸ਼ਮ ਸਿੰਘ ਸੀਨੀ. ਮੀਤ ਪ੍ਰਧਾਨ ਕੈਲੀਫੋਰਨੀਆ



ਸ੍ਰ. ਨਰਿੰਦਰ ਸਿੰਘ ਪ੍ਰਧਾਨ ਸ਼੍ਰੋ. ਅ. ਦ. ਅੰਮ੍ਰਿਤਸਰ ਯੂਐਸਏ (ਵੈਸਟ)

ਸ. ਨਰਿੰਦਰ ਸਿੰਘ ਸਿੰਘ ਜੀ ਰਿੱਚਮੰਡ ਹਿੱਲ ਨਿਊਯਾਰਕ ਦੇ ਨਿਵਾਸੀ ਹਨ ਜੋ ਬਹੁੱਤ ਹੀ ਸੁਲਝੇ ਹੋਏ ਇਨਸਾਨ ਹਨ। ਨਰਿੰਦਰ ਸਿੰਘ ਜੀ ਸ੍ਰੋਮਣੀ ਅਕਾਲੀ ਦਲ ਅਮ੍ਰਿਤਸਰ ਯੂ. ਐਸ.ਏ. ਵੈਸਟ ਕਮੇਟੀ ਦੇ ਪ੍ਰਧਾਨ ਹਨ ਜੋ ਬੜੇ ਹੀ ਵਧੀਆ ਢੰਗ ਨਾਲ ਇਸ 13 ਮੈਂਬਰੀ ਕਮੇਟੀ ਦੀ ਅਗਵਾਈ ਕਰ ਰਹੇ ਹਨ। ਇਹ ਕਮੇਟੀ ਸਿਮਰਨਜੀਤ ਸਿੰਘ ਮਾਨ ਤੋਂ ਮਾਨਤਾ ਪ੍ਰਾਪਤ ਹੈ। ਸ. ਰੇਸ਼ਮ ਸਿੰਘ ਕੈਲੇਫੋਰਨੀਆ (ਅਮਰੀਕਾ) ਸੀਨੀਅਰ ਵਾਈਸ ਪ੍ਰਧਾਨ ਜੀ ਨੇ ਨਰਿੰਦਰ ਸਿੰਘ ਨੂੰ ਨਿਊਯਾਰਕ ਵਿੱਚ ਇਸ ਪਾਰਟੀ ਦਾ ਮੁੱਖ ਅਹੁੱਦਾ ਸੋਪਿਆ ਹੈ। ਨਰਿੰਦਰ ਸਿੰਘ ਜੀ ਲੋੜਵੰਦਾ ਦੀ ਵੱਧ ਚੜ ਕੇ ਸਹਾਇਤਾ ਕਰਦੇ ਹਨ ਤੇ ਪੇਪਰ ਲੈਣ ਵਿੱਚ ਆ ਰਹੀਆਂ ਮੁਸ਼ਕਿਲਾ ਨੂੰ ਦੂਰ ਕਰਨ ਵਿੱਚ ਮੱਦਦ ਕਰਦੇ ਹਨ। ਬੀਤੇ ਦਿਨੀਂ ਉਹਨਾਂ ਦੁਆਰਾਂ ਰੋਇਲ ਪੈਲੇਸ ਰਿੰਚਮੰਡ ਹਿੱਲ ਵਿੱਚ ਇੱਕ ਵੱਡੀ ਮੀਟਿੰਗ ਕਰਵਾਈ ਗਈ ਜਿਸ ਵਿੱਚ 300 ਤੋਂ ਵੀ ਵੱਧ ਵੀਰਾ ਭੈਣਾਂ ਤੇ ਇਲਾਕੇ ਦੇ ਮੁਹਤਬਰਾ ਨੇ ਸ਼ਮੂਲੀਅਤ ਕੀਤੀ। ਇਸੇ ਮੋਕੇ ਤੇ ਲੋੜਵੰਦਾ ਦੇ ਆਈ.ਡੀ. ਫ਼ਾਰਮ ਵੀ ਭਰੇ ਗਏ ਤੇ ਉਹਨਾਂ ਦੇ ਪਹਿਚਾਣ ਪੱਤਰ ਬਣਾਏ ਗਏ। ਅਥਾਹ ਲੋਕਾਂ ਦਾ ਇਕੱਠ ਨਰਿੰਦਰ ਸਿੰਘ ਦੇ ਚੰਗੇ ਸੁਭਾਅ ਅਤੇ ਲੋਕਾਂ ਦੇ ਸਹਾਇਕ ਹੋਣ ਦਾ ਪ੍ਰਮਾਣ ਸੀ।ਗ਼ਰੀਬਾਂ ਤੇ ਲੋੜਵੰਦਾ ਦੇ ਸਹਾਇਕ ਨਰਿੰਦਰ ਸਿੰਘ ਬੜੇ ਸਰਲ ਵਰਤਾਰੇ ਵਾਲੇ ਇਨਸਾਨ ਹਨ। ਪਰਮਾਤਮਾ ਇੰਨਾਂ ਨੂੰ ਤੰਦਰੁਸਤੀ ਬਖ਼ਸ਼ੇ ਤਾਂ ਜੋ ਸ੍ਰੋਮਣੀ ਅਕਾਲੀ ਦਲ ਅਮ੍ਰਿਤਸਰ ਯੂ.ਐਸ.ਏ. ਵੈਸਟ ਕਮੇਟੀ ਹੋਰ ਸਫਲਤਾ ਪ੍ਰਾਪਤ ਕਰੇ ਤੇ ਲੋਕਾਂ ਦੱਸੀ ਸੇਵਾ ਕਰੇ। ਇਲਾਕਾ ਨਿਵਾਸਿਆਂ ਨੂੰ ਨਰਿੰਦਰ ਸਿੱਘ ਜੀ ਉੱਤੇ ਮਾਣ ਹੈ।

### ਇਸ ਮਹੀਨੇ ਦੇ ਦਿਨ ਤਿਉਹਾਰ

| | |
|---|---|
| ਰੱਖੜ ਪੁੰਨਿਆ | 15 ਅਗਸਤ |
| ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ | 30 ਅਗਸਤ |
| ਗੁਰਪੁਰਬ ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 31 ਅਗਸਤ |
| ਸੰਗਰਾਂਦ | 17 ਅਗਸਤ |
| ਪੂਰਨਮਾਸੀ | 15 ਅਗਸਤ |
| ਮੱਸਿਆ | 01 ਅਗਸਤ |
| ਪੰਚਮੀ | 05 ਅਗਸਤ |

### ਇਸ ਅੰਕ ਦਾ ਸਵਾਲ

ਕੀ ਉੱਤਰੀ ਰਾਜਾਂ ਵਲੋਂ ਨਸ਼ਿਆਂ ਨਾਲ ਨਜਿੱਠਣ ਲਈ ਸਾਂਝੀ ਰਣਨੀਤੀ ਅਪਨਾਉਣ ਨਾਲ ਨਸ਼ਿਆਂ ਨੂੰ ਠੱਲ੍ਹ ਪੈ ਸਕੇਗੀ ?

**ਜਵਾਬ** :-

**ਹਾਂ ਜਾਂ ਨਾਂਹ ਵਿੱਚ ਦੱਸੋ**

ਤੁਸੀਂ ਸਾਨੂੰ ਆਪਣੇ ਜੁਆਬ ਈਮੇਲ ਕਰ ਸਕਦੇ ਹੋ
preetnamausa@gmail.com

# ਪੰਜਾਬੀ ਮੇਲਾ 2019 ਅਮਿੱਟ ਯਾਦਾਂ ਛੱਡਦਿਆਂ ਹੋਇਆ ਸੰਪੰਨ

## ਗਗਨ ਕੋਕਰੀ, ਮੰਨਤ ਗਿੱਲ ਅਤੇ ਜੌਰਡਨ ਸੰਧੂ ਨੇ ਆਪਣੀ ਸੁਰੀਲੀ ਗਾਇਕੀ ਨਾਲ ਸਰੋਤਿਆਂ ਨੂੰ ਕੀਲਿਆ




ਨਿਊਯਾਰਕ : ਬੀਤੇ 11 ਅਗਸਤ ਨੂੰ ਨਿਊਯਾਰਕ ਦੇ ਯੌਰਕ ਕਾਲਜ ਜਮਾਇਕਾ ਵਿਖੇ ਪੰਜਾਬੀ ਮੇਲਾ 2019 ਕਰਵਾਇਆ ਗਿਆ। ਇਸ ਸ਼ੋਅ ਨੂੰ ਏ.ਆਰ. ਹੈਲਪਿੰਗ ਹੈਂਡਜ਼ ਫਾਊਂਡੇਸ਼ਨ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਕਰਵਾਇਆ ਗਿਆ। ਪੰਜਾਬੀ ਮੇਲੇ ਦੀ ਸ਼ੁਰੂਆਤੀ ਗਗਨ ਕੋਕਰੀ ਨੇ ਵੀ ਆਪਣੀ ਗਾਇਕੀ ਨਾਲ ਦਰਸ਼ਕਾਂ ਨੂੰ ਝੂੰਮਣ ਲਾ ਦਿੱਤਾ। ਉਨ੍ਹਾਂ ਵੱਲੋਂ ਬਲੈਸਿੰਗਜ਼ ਆਫ ਰੱਬ, ਬਲੈਸਿੰਗਜ਼ ਆਫ ਬੇਬੇ, ਬਲੈਸਿੰਗਜ਼ ਆਫ ਬਾਪੂ, ਅਸਲਾ, ਸਤਰੰਜ ਕੀਤਾ ਗਾਏ। ਇਸ ਸਮਾਗਮ ਵਿਚ ਗਗਨ ਨੇ ਦਰਸ਼ਕਾਂ ਨੂੰ ਆਪਣੀ ਗਾਇਕੀ ਨਾਲ ਬੰਨ੍ਹ ਕੇ ਰੱਖ ਦਿੱਤਾ। ਨਾਮਵਰ ਗਾਇਕੀ ਮੰਨਤ ਨੂਰ ਨੇ ਆਪਣੇ ਗਾਣੇ ਰੇਸ਼ਮੀ ਚੁੰਨੀ, ਕਿੰਨਾ ਪਿਆਰ, ਕਿੱਕਰਾ ਦੇ ਫੁੱਲ, ਮੁਲਤਾਨ ਨਾਲ ਸਰੋਤਿਆਂ ਨੂੰ ਕੁਰਸੀਆਂ ਤੋਂ ਹਿੱਲਣ ਤੱਕ ਨਹੀਂ ਦਿੱਤਾ। ਗਾਇਕ ਜੌਰਡਨ ਸੰਧੂ ਨੇ ਆਪਣੇ ਕਈ ਹਿੱਟ ਗਾਣਿਆਂ ਨਾਲ ਨੌਜਵਾਨਾਂ ਨੂੰ ਭੰਗੜਾ ਪਾਉਣ ਲਈ ਮਜ਼ਬੂਰ ਕਰ ਦਿੱਤਾ। ਉਨ੍ਹਾਂ ਦੇ ਗਾਣੇ ਡੂ ਯੂ ਰਿਮੈਂਬਰ, ਫਿਊਚਰ ਬਾਈਟ, ਤੀਜੇ ਵੀਕ, ਬਰਥਡੇ, ਸਰਦਾਰ ਬੰਦੇ 'ਤੇ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਇਸ ਪ੍ਰੋਗਰਾਮ ਵਿਚ ਬਿਟੂ ਸਪੀਡੋਰ, ਪਰਦੀਪ ਗਿੱਲ, ਓਂਕਾਰ ਸਿੰਘ, ਜੁਗਨੂੰ, ਬਿੱਟੂ ਭੁੱਲਰ, ਰਾਜ ਅਤੇ ਰੋਮੀ, ਜੇ ਸਿੰਘ ਅਤੇ ਰਾਜੀਵ ਮੈਨੀ ਵੱਲੋਂ ਵਿਸ਼ੇਸ਼ ਯੋਗਦਾਨ ਪਾਇਆ ਗਿਆ। ਪਰਦੀਪ ਗਿੱਲ ਨੇ ਸਟੇਜ ਸਕੱਤਰ ਵਜੋਂ ਆਪਣੀ ਭੂਮਿਕਾ ਨਿਭਾਈ। ਦਰਸ਼ਕਾਂ ਨੇ ਇਸ ਰੰਗਾਰੰਗ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ। ਅਖੀਰ ਵਿਚ ਸਾਰੇ ਪ੍ਰਬੰਧਕਾਂ ਵੱਲੋਂ ਸਮਾਗਮ ਵਿਚ ਪਹੁੰਚੇ ਹੋਏ ਸਾਰੇ ਮਹਿਮਾਨਾਂ, ਦਰਸ਼ਕਾਂ ਅਤੇ ਸਪਾਂਸਰਾ ਦਾ ਤਹਿ ਦਿੱਲੋਂ ਧੰਨਵਾਦ ਕੀਤਾ।

# ਸਾਹਿਬ ਇੰਟਰਟੇਨਮੈਂਟ ਅਤੇ ਸਰਦਾਰਨੀ ਪ੍ਰੋਡਕਸ਼ਨ ਵੱਲੋਂ ਕਰਵਾਇਆ ਗਿਆ ਤੀਆਂ ਤੀਜ ਦੀਆਂ ਪ੍ਰੋਗਰਾਮ ਸ.ਫਲਤਾਪੂਰਨ ਸੰਪੰਨ

## ਕਮਲਜੀਤ ਨੀਰੂ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ





ਨਿਊਯਾਰਕ : ਸਾਹਿਬ ਇੰਟਰਟੇਨਮੈਂਟ ਅਤੇ ਸਰਦਾਰਨੀ ਪ੍ਰੋਡਕਸ਼ਨ ਵੱਲੋਂ ਬੀਤੇ ਦਿਨੀਂ ਤੀਆਂ ਤੀਜ ਦੀਆਂ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ **The Ethical Community Charter School 95 Broad Way, Jersay City NJ 07306** ਵਿਖੇ ਕਰਵਾਇਆ ਗਿਆ। ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਕਮਲਜੀਤ ਨੀਰੂ ਨੇ ਸ਼ਮੂਲੀਅਤ ਕੀਤੀ। ਪ੍ਰੋਗਰਾਮ ਵਿਚ ਮਿਲ ਤੀਜ ਅਤੇ ਮਿਸਿਜ ਤੀਜ ਵੀ ਐਲਾਨੀ ਗਈ। ਇਹ ਪ੍ਰੋਗਰਾਮ ਦੇ ਮੁੱਖ ਸਪਾਂਸਰ ਸੁਹਾਗ ਜਿਊਨਰਜ਼ ਅਤੇ ਅਪਨਾ ਬਜ਼ਾਰ, ਸਿੰਘ ਐਂਡ ਸਿੰਘ ਡਿਸਟ੍ਰੀਬਿਊਟਰ, ਕੋਹਿਨੂਰ ਜਿਊਲਰਜ਼ ਸਨ।









# ਨਿਊਯਾਰਕ ਵਿਚ ਪੁਲਿਸ ਵੱਲੋਂ ਨੈਸ਼ਨਲ ਨਾਈਟ ਆਊਟ ਅਗੇਂਸਟ ਕ੍ਰਾਈਮ ਪ੍ਰੋਗਰਾਮ ਦੌਰਾਨ 3 ਪੰਜਾਬੀ ਸਨਮਾਨਿਤ

## ਵਿਸ਼ੇਸ਼ ਤੌਰ ’ਤੇ ਸ੍ਰ. ਹਰਬੰਸ ਸਿੰਘ ਢਿੱਲੋਂ ਨੂੰ ਮਿਲਿਆ ਸਟ੍ਰੀਟ ਐਵਾਰਡ








ਨਿਊਯਾਰਕ : ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਨੈਸ਼ਨਲ ਨਾਈਟ ਆਊਟ ਅਗੇਂਸਟ ਕਰਾਈਮ ਨਿਊਯਾਰਕ ਪੁਲਿਸ ਅਤੇ ਕਮਿਊਨਿਟੀ ਕੌਂਸਲ ਵੱਲੋਂ ਰਲ ਕੇ ਹਰ ਥਾਣੇ ਵਿਚ ਕੀਤਾ ਗਿਆ। ਪੰਜਾਬੀਆਂ ਦੀ ਜ਼ਿਆਦਾ ਵਸੋਂ ਵਾਲੇ ਥਾਣਾ ਨੰਬਰ 102 ਵੱਲੋਂ ਇਹ ਪ੍ਰੋਗਰਾਮ ਫੋਰਿਸਟ ਪਾਰਕ ਵਿਕਟਰੀ ਫੀਲਡ ਵਿਖੇ ਕੀਤਾ ਗਿਆ। ਪਿਛਲੇ ਸਾਲਾਂ ਨਾਲੋਂ ਇਸ ਵਾਰ ਲੋਕਾਂ ਦਾ ਵੱਡਾ ਇੱਕਠ ਸੀ। ਇਹ ਪ੍ਰੋਗਰਾਮ ਲੋਕਾਂ ਅਤੇ ਪੁਲਿਸ ਵਿਚਕਾਰ ਤਾਲਮੇਲ ਪੈਦਾ ਕਰਕੇ ਅਪਰਾਧ ਦੇ ਖਿਲਾਫ ਲੋਕ ਰਾਇ ਪੈਦਾ ਕਰਨਾ ਹੁੰਦਾ ਹੈ। ਪੁਲਿਸ ਵੱਲੋਂ ਵੱਖ ਵੱਖ ਸਟਾਲ ਲਗਾ ਕੇ ਅਨੇਕ ਤਰ੍ਹਾਂ ਦੇ ਖਾਣੇ ਜਿਨ੍ਹਾਂ ਵਿਚ ਪੀਜ਼ਾ, ਬਰਗਰ, ਹਾਟ ਡੋਗ ਅੰਗ੍ਰੇਜ਼ੀ ਚਾਈਨੀ ਅਤੇ ਘਾਣੀ ਖਾਣੇ ਸ਼ਾਮਲ ਹਨ ਦੁਆਰਾ ਸੇਵਾ ਕੀਤੀ ਗਈ। ਪੰਜਾਬੀਆਂ ਵੱਲੋਂ ਕੜੀ ਚੌਲ ਪੰਜਾਬੀ ਖਾਣੇ ਸੋਢੇ ਪਾਣੀ ਅਤੇ ਆਈਸਕ੍ਰੀਮ ਦਾ ਟਰੱਕ ਲਗਾ ਕੇ ਸੇਵਾ ਕੀਤੀ। ਸ੍ਰ. ਸਵਰਨ ਸਿੰਘ ਢਿੱਲੋਂ ਤਾਸਪੁਰ, ਜਰਨੈਲ ਸਿੰਘ ਗਿਲਜੀਆਂ, ਰਿਚੀ ਰਿਚ ਪੈਲੇਸ, ਭੁਪਿੰਦਰ ਸਿੰਘ ਬੋਪਾਰਾਏ, ਅਤੇ ਲੱਕੀ ਅਪਨਾ ਬਜ਼ਾਰ ਵੱਲੋਂ ਵਿਸ਼ੇਸ਼ ਤੌਰ ’ਤੇ ਇਹ ਸੇਵਾ ਨਿਭਾਈ ਗਈ। ਤਿੰਨ ਪੰਜਾਬੀਆਂ ਨੂੰ ਵਿਸ਼ੇਸ਼ ਤੌਰ ’ਤੇ ਪ੍ਰੋਗਰਾਮ ਦੌਰਾਨ ਸਨਮਾਨਿਤ ਵੀ ਕੀਤਾ ਗਿਆ। ਜਿਨ੍ਹਾਂ ਵਿਚ ਕਾਕਾ ਸੰਦੀਪ ਸਿੰਘ ਬੋਪਾਰਾਏ ਵੱਲੋਂ ਹਰ ਸਾਲ ਆਈਸ ਕ੍ਰੀਮ ਦਾ ਟਰੱਕ ਲੈ ਕੇ ਆਉਣਾ। ਬਲਕਾਰ ਸਿੰਘ ਸਲਾਂ ਵੱਲੋਂ ਲੰਗਰ ਦੀ ਸੇਵਾ ਕਰਲੀ ਦੋਹਾਂ ਨੂੰ ਸ਼ੀਲਡ ਦੇ ਕੇ ਸਨਮਾਨਿਤ ਕੀਤਾ ਗਿਆ। ਵਿਸ਼ੇਸ਼ ਤੌਰ ’ਤੇ ਸ੍ਰ. ਹਰਬੰਸ ਸਿੰਘ ਢਿੱਲੋਂ ਨੂੰ ਸਟ੍ਰੀਟ ਐਵਾਰਡ ਦਿੱਤਾ ਗਿਆ। ਐਚ. ਐਸ. ਢਿੱਲੋਂ ਨਾਮ ਵਾਲੀ ਤਖਤੀ (ਬੋਰਡ) ਸਟ੍ਰੀਟ ਦੇ ਨਾਮ ’ਤੇ ਦਿੱਤੀ। ਅਮਰੀਕਾ ਵਿਚ ਕਿਸੇ ਨਾਮ ’ਤੇਸਟ੍ਰੀਟ ਐਵਾਰਡ ਪ੍ਰਾਪਤ ਕਰਨ ਵਾਲੇ ਸ੍ਰ. ਢਿੱਲੋਂ ਪਹਿਲੇ ਸਿੱਖ ਹਨ। ਉਨ੍ਹਾਂ ਨੂੰ ਇਹ ਐਵਾਰਡ ਕਮਿਊਨਿਟੀ ਕੌਂਸਲ ਵਿਚ ਬਤੌਰ 20 ਸਾਲ ਤੋਂ ਸਾਰਜੈਂਟ ਐਟ ਆਰਮਜ਼ ਦੀ ਪੋਸਟ ਵਜੋਂ ਸੇਵਾ ਕਰ ਨੀ ਅਤੇ ਲੋਕਾਂ ਦੇ ਫੈਸਲੇ ਕਰਾਉਣ ਬਦਲੇ ਮਿਲਿਆ। ਕਮਿਊਨਿਟੀ ਕੌਂਸਲ ਦੇ ਪ੍ਰੋਜ਼ੀਡੈਂਟ ਮਿਸਟਰ ਸਿਮਕਾ, ਥਾਣੇ ਦੀ ਡਿਪਟੀ ਇੰਸਪੈਕਟਰ ਮਿਸ ਨਾਇਲਨ ਟ੍ਰੇਨਿੰਗ ਚੀਫ ਮਨਹਾਟਨ ਅਸੰਬਲੀ ਮੈਨ ਮਾਈਕ ਮਿਲਰ ਕਾਂਗਰਸਮੈਨ ਵੋਮੈਨ ਗਰੇਸਮੈਨ ਨੇ ਇਹ ਐਵਾਰਡ ਪ੍ਰਦਾਨ ਕੀਤਾ। ਵੱਖ-ਵੱਖ ਮਹਿਕਮਿਆਂ ਦੇ ਅਫਸਰਾਂ ਫੌਜੀ ਅਫਸਰ ਪੁਲਿਸ ਅਫਸਰ, ਮੇਅਰ ਆਫਿਸ ਆਦਿ ਨੇ ਭਾਗ ਲਿਾ। ਪੁਲਿਸ ਨੇ ਬੱਚਿਆਂ ਨੂੰ ਮੋਟਰ ਸਾਈਕਲ, ਕਾਰਾਂ ਆਦਿ ਤੇ ਬੈਠ ਕੇ ਮਨੋਰੰਜਨ ਕਰਵਾਇਆ। ਸਿੱਖ ਕਮਿਊਨਿਟੀ ਕੌਂਸਲ ਦੇ ਮੁੱਖ ਬੁਲਾਰੇ ਗਿਆਨੀ ਰਣਜੀਤ ਸਿੰਘ ਸੰਗੋਜਲਾ ਪ੍ਰਧਾਨ ਬਲਦੇਵ ਸਿੰਘ ਹਰਿਆਣਾ ਸਿੱਖ ਕਲਚਰਲ ਸੁਸਾਇਟੀ ਦੇ ਪ੍ਰਧਾਨ ਸ੍ਰ. ਭੁਪਿੰਦਰ ਸਿੰਘ ਬੋਪਾਰਾਂਹੇ ਅਤੇ ਸੰਤ ਪ੍ਰੇਮ ਸਿੰਘ ਸੁਸਾਇਟੀ ਦੇ ਪ੍ਰਧਾਨ ਸ੍ਰ. ਜਸਵਿੰਦਰ ਸਿੰਘ ਜੱਸੀ ਆਦਿ ਨੇ ਸਨਮਾਨ ਪ੍ਰਾਪਤ ਕਰਨ ਵਾਲੇ ਤਿੰਨੇ ਪੰਜਾਬੀਆਂ ਨੂੰ ਜਿਥੇ ਵਧਾਈ ਭੇਜੀ ਹੈ ਉਥੇ ਪੰਜਾਬੀਆਂ ਨੂੰ ਬੇਨਤੀ ਕੀਤੀ ਹੈ ਕਿ ਅਜਿਹੇ ਪ੍ਰੋਗਰਾਮ ਵਿਚ ਜ਼ਰੂਰ ਭਾਗ ਲਓ ਤਾਂ ਕਿ ਕੈਨੇਡਾ ਦੇ ਪੰਜਾਬੀਆਂ ਵਾਂਗ ਅਸੀਂ ਅਮਰੀਕਾ ਵਸੇ ਪੰਜਾਬੀਆਂ ਵੀ ਸਿਆਲਤ ਵਿਚ ਆ ਕੇ ਉਚੇ ਅਹੁਦਿਆਂ ’ਤੇ ਬੈਠ ਸਕੀਏ।

# ਕੀ ਭਾਜਪਾਈ ਲੀਡਰ ਹਵਸ ਦੇ ਭੁੱਖੇ ਹਨ ?

ਸੋਸ਼ਲ ਮੀਡੀਆ ਤੋਂ ਇਲਾਵਾ ਇਲੈਕਟ੍ਰੋਨਿਕ ਮੀਡੀਆ ਦੇ ਉੱਪਰ ਭਾਜਪਾਈ ਲੀਡਰਾਂ ਦੇ ਬਿਆਨ ਕਸ਼ਮੀਰ ਦੀਆਂ ਧੀਆਂ ਦੇ ਪ੍ਰਤੀ ਆ ਰਹੇ ਹਨ। ਭਾਜਪਾ ਦੇ ਲੀਡਰ ਕਸ਼ਮੀਰੀ ਧੀਆਂ ਨੂੰ ਵੰਨ ਸੁਵੰਨੇ ਨਾਵਾਂ ਤੋਂ ਇਲਾਵਾ ਕੁਮੈਂਟ ਕਰ ਰਹੇ ਹਨ। ਦੱਸ ਦਈਏ ਕਿ ਪਿਛਲੇ ਦਿਨੀਂ ਇੱਕ ਭਾਜਪਾ ਦੇ ਵਿਧਾਇਕ ਵਿਕਰਮ ਸੈਣੀ ਨੇ ਧਾਰਾ 370 ਕਸ਼ਮੀਰ ਵਿੱਚੋਂ ਖ਼ਤਮ ਕਰਨ ਤੋਂ ਬਾਅਦ ਬਿਆਨ ਦਿੱਤਾ ਸੀ ਕਿ ਇਹ ਬਿਆਨ ਸਮੂਹ ਭਾਜਪਾਈ ਦੇ ਲਈ ਬਹੁਤ ਹੀ ਲਾਭਕਾਰੀ ਹੋਵੇਗਾ, ਕਿਉਂਕਿ ਹੁਣ ਕਸ਼ਮੀਰੀ ਗੋਰੀਆਂ ਕੁੜੀਆਂ ਨਾਲ ਵਿਆਹ ਹਰ ਕੋਈ ਕਰਵਾ ਸਕਦਾ ਹੈ। ਦੱਸ ਦਈਏ ਕਿ ਇਸ ਭਾਜਪਾਈ ਵਿਧਾਇਕ ਨੇ ਇਹ ਵੀ ਆਖਿਆ ਸੀ ਕਿ ਭਾਰਤੀ ਜਨਤਾ ਪਾਰਟੀ ਦੇ ਕਵਾਰੇ ਲੀਡਰ ਵੀ ਹੁਣ ਕਸ਼ਮੀਰ ਜਾ ਕੇ ਉੱਥੇ ਪਲਾਟ ਖਰੀਦ ਸਕਦੇ ਹਨ ਅਤੇ ਵਿਆਹ ਕਰਵਾ ਕੇ ਰਹਿ ਸਕਦੇ ਹਨ। ਵਿਧਾਇਕ ਵਿਕਰਮ ਸੈਣੀ ਦਾ ਬਿਆਨ ਤਾਂ ਹਾਲੇ ਮੱਠਾ ਨਹੀਂ ਪਿਆ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਅਜਿਹਾ ਬਿਆਨ ਦੇ ਦਿੱਤਾ, ਜਿਸ ਨੇ ਪੂਰੇ ਭਾਰਤ ਦੇ ਅੰਦਰ ਹੀ ਤੜਥੱਲੀ ਮਚਾ ਕੇ ਰੱਖ ਦਿੱਤੀ ਹੈ। ਮਨੋਹਰ ਲਾਲ ਖੱਟੜ ਨੇ ਬੀਤੇ ਦਿਨੀਂ ਆਪਣੇ ਸੰਬੋਧਨ ਦੇ ਦੌਰਾਨ ਆਖਿਆ ਕਿ ਹੁਣ ‘‘ਕਸ਼ਮੀਰੀ ਕੁੜੀਆਂ ਨੂੰ ਵਿਆਹ ਕੇ ਲਿਆਉਣ ਦਾ ਰਸਤਾ ਸਾਫ਼ ਹੋ ਚੁੱਕਿਆ ਹੈ।“ ਖੱਟੜ ਨੇ ਆਪਣੇ ਸੰਬੋਧਨ ਦੇ ਜਰੀਏ ਮੰਤਰੀ ਓਪੀ ਧਨਖੜ ਦੇ ਵੀ ਕਾਫ਼ੀ ਸੋਹਲੇ ਗਾਏ ਅਤੇ ਕਿਹਾ ਕਿ ਉਹ ਬਿਹਾਰ ਤੋਂ ਨੂੰਹ ਲਿਆਉਣਗੇ। ਪਰ ਇਨ੍ਹਾਂ ਦਿਨਾਂ ਵਿੱਚ ਲੋਕ ਕਹਿ ਰਹੇ ਹਨ ਕਿ ਹੁਣ ਕਸ਼ਮੀਰ ਦਾ ਰਸਤਾ ਸਾਫ਼ ਹੋ ਗਿਆ ਹੈ ਅਤੇ ਸਾਡੇ ਲੋਕ ਕਸ਼ਮੀਰੀ ਤੋਂ ਨੂੰਹ ਲਿਆਉਣਗੇ।

ਦ ੱ ਸ ਦ ਈ ਏ ਿ ਕ ਪਹਿਲੋਂ



ਵ ੀ ਕ ਏ ੀ ਵਾਰ ਮਨੋਹਰ ਲਾਲ ਖੱਟੜ ਅਜਿਹੇ ਵਿਵਾਦਿਨ ਬਿਆਨ ਦੇ ਚੁੱਕੇ ਹਨ, ਜਿਸ ਦਾ ਹਮੇਸ਼ਾ ਹੀ ਵਿਰੋਧ ਹੁੰਦਾ ਰਿਹਾ ਹੈ। ਦੱਸ ਦਈਏ ਕਿ ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਖ਼ਤਮ ਹੋਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੇ ਸਮੂਹ ਲੀਡਰ ਇਸ ਪ੍ਰਕਾਰ ‘ਹਲਕੇ‘ ਹੋ ਗਏ ਹਨ ਕਿ ਜਿਵੇਂ ਉਨ੍ਹਾਂ ਨੇ ਕਦੇ ਕੁੜੀਆਂ ਵੇਖੀਆਂ ਹੀ ਨਾ ਹੋਣ। ਦੋਸਤੋਂ, ਤੁਹਾਨੂੰ ਦੱਸ ਦਈਏ ਕਿ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਵਿਕਰਮ ਸੈਣੀ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦੇ ਬਿਆਨਾਂ ਤੋਂ ਬਾਅਦ ਸਵਾਲ ਪੈਦਾ ਹੁੰਦੇ ਹਨ ਕਿ ਕੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਭਾਜਪਾਈ ਲੀਡਰਾਂ ਦੀ ‘ਅਯਾਸ਼ੀ ਖ਼ਾਤਰ‘ ਹੀ ਧਾਰਾ 370 ਕਸ਼ਮੀਰ ਦੇ ਵਿੱਚੋਂ ਖ਼ਤਮ ਕਰਵਾਈ ਹੈ ?

ਕੀ ਭਾਜਪਾਈ ਲੀਡਰ ਹਵਸ ਦੇ ਭੁੱਖੇ ਹਨ ? ਹੁਣ ਮਹਿਲਾਂ ਕਮਿਸ਼ਨ ਸੁੱਤਾ ਕਿਉਂ ਪਿਆ ਹੈ ? ਮਹਿਲਾਂ ਕਮਿਸ਼ਨ ਨੂੰ ਹੁਣ ਕਿਉਂ ਨਹੀਂ ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਦੀਆਂ ਕਰਤੂਤਾਂ ਦਿੱਸ ਰਹੀਆਂ ? ਦੱਸ ਦਈਏ ਕਿ ਭਾਜਪਾ ਲੀਡਰਾਂ ਨੂੰ ਧਾਰਾ 370 ਖ਼ਤਮ ਹੋਣ ਤੋਂ ਬਾਅਦ ਕਸ਼ਮੀਰ ਦੇ ਵਿੱਚ ਇੰਨੀਂ ਖੁੱਲ ਲੱਗਦੈ ਮਿਲ ਗਈ ਹੈ ਕਿ ਉਹ ਹੁਣ ਕਿਸੇ ਵੀ ਕਸ਼ਮੀਰੀ ਕੁੜੀ ਦੀ ਇੱਜਤ ਨਾਲ ਖਿਲਵਾੜ ਕੀਤਾ ਜਾ ਸੱਕੇ। ਵੇਖਿਆ ਜਾਵੇ ਤਾਂ ਉਕਤ ਭਾਜਪਾਈ ਲੀਡਰਾਂ ਕਿਉਂ 370 ਧਾਰਾ ਖ਼ਤਮ ਹੋਣ ਤੋਂ ਬਾਅਦ ਹੀ ਅਜਿਹਾ ਸਭ ਕੁਝ ਕਿਉਂ ਨਜ਼ਰ ਆਉਣ ਲੱਗਿਆ ? ਕੀ ਇਸ ਤੋਂ ਪਹਿਲਾਂ ਕਸ਼ਮੀਰੀ ਲੋਕਾਂ ਤੋਂ ਭਾਜਪਾਈ ਲੀਡਰ ਡਰਦੇ ਸਨ ? ਹੁਣ ਤਾਂ ਸਮੂਹ ਸਮਾਜ ਨੂੰ ਚਾਹੀਦਾ ਹੈ ਕਿ ਉਹ ਅੱਗੇ ਆਉਣਾ ਅਤੇ ਉਕਤ ਭਾਜਪਾਈਆਂ ਲੀਡਰਾਂ ਦਾ ਵਿਰੋਧ ਕਰਨ। ਵੇਖਿਆ ਜਾਵੇ ਤਾਂ ਧਾਰਾ 370 ਖ਼ਤਮ ਕਰਨ ਤੋਂ ਬਾਅਦ ਭਾਜਪਾ ਦਾ ਵਿਦੇਸ਼ੀ ਲੋਕ ਵੀ ਵਿਰੋਧ ਕਰ ਰਹੇ ਹਨ ਅਤੇ ਬੁੱਧੀਜੀਵੀ ਲੋਕ ਤਾਂ ਇਸ ਧਾਰਾ ਨੂੰ ਖ਼ਤਮ ਕਰਨਾ ਲੋਕਾਂ ਦੇ ਹੱਕਾਂ ‘ਤੇ ਡਾਕਾ ਮਾਰਨ ਦੇ ਬਰਾਬਰ ਦੱਸ ਰਹੇ ਹਨ।

**ਪ੍ਰਿਤਪਾਲ ਕੌਰ ਪ੍ਰੀਤ**

## ਸ੍ਰ. ਬਲਕਾਰ ਸਿੰਘ ਸਲ੍ਹਾਂ ਨੂੰ ਨਿਊਯਾਰਕ ਪੁਲਿਸ ਨੇ ਕੀਤਾ ਸਨਮਾਨਿਤ



ਰਿੱਚਮੰਡ ਹਿੱਲ ਨਿਊਯਾਰਕ ਨਿਵਾਸੀ ਬਲਕਾਰ ਸਿੰਘ ਸਲ੍ਹਾਂ ਜੀ ਨੂੰ ਜੁਲਾਈ 6, 2019 ਨੂੰ ਪੁਲਿਸ ਅਗੈਸਨਟ ਕਰਾਇਮ ਨਾਇਟ ਵਿੱਚ ਉਂਨਾਂ ਦੀਆ ਵਧੀਆਂ ਕਾਰਗੁਜਾਰੀਆ ਪੁਲਿਸ ਵੱਲੋਂ ਸਨਮਾਨਿਤ ਕੀਤਾ ਗਿਆ ।ਸ੍ਰ. ਬਲਕਾਰ ਕਿਸੇ ਜਾਣ ਪਛਾਣ ਦੇ ਮੁਹਤਾਜ ਨਹੀਂ । ਬਲਕਾਰ ਸਿੰਘ ਨਿਊਯਾਰਕ ਵਿੱਚ ਇੱਕ ਸਫਲ ਬਿਜਨਸਮੈਨ ਹਨ ਤੇ ਸਲ੍ਹਾਂ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਨ ਤੇ 15 ਸਾਲ ਤੋਂ ਨਿਊਯਾਰਕ ਵਿੱਚ ਲੋਕ ਭਲਾਈ ਦੇ ਕੰਮਾਂ ਵਿੱਚ ਲਗਾਤਾਰ ਸੇਵਾ ਨਿਭਾ ਰਹੇ ਹਨ। ਬਲਕਾਰ ਸਿੰਘ ਸਲ੍ਹਾਂ ਪੰਜਾਬ ਵਿੱਚ ਵੀ ਆਪਣੀਆ ਚੰਗੀਆਂ ਕਾਰਗੁਜ਼ਾਰੀਆਂ ਲਈ ਜਾਣੇ ਜਾਂਦੇ ਹਨ।

# ਮੈਰੀਲੈਂਡ ਦੇ ਲਾਇਸੰਸ ਨੂੰ ਫੈਡਰਲ ਨੇ ਰੀਅਲ ਆਈ .ਡੀ ਮੰਨ ਲਿਆ




ਮੈਰੀਲੈਂਡ ( ਰਾਜ ਗੋਗਨਾ) —ਬੀਤੇਂ ਦਿਨ ਫੈਡਰਲ ਰੀਅਲ ਆਈ .ਡੀ ਜਰੂਰਤਾਂ ਤੇ ਮੈਰੀਲੈਂਡ ਲਾਇਸੰਸ ਨੂੰ ਹਰੀ ਝੰਡੀ ਮਿਲ ਗਈ ਹੈ।ਸੰਯੁਕਤ ਰਾਜ ਦੇ ਹੋਮਲੈਂਡ ਸਿਕਿਉਰਟੀ ਵਿਭਾਗ ਨੇ ਐਮ ਡੋ ਟੀ ਐਮਵੀਏ ਦੀ ਅਸਲ ਆਈਡੀ ਪ੍ਰਕਿਰਿਆ ਨੂੰ ਮੁੜ ਤੋਂ ਪ੍ਰਵਾਨਿਤ ਕੀਤਾ, ਮੈਰੀਲੈਂਡ ਉਸ ਅਹੁਦੇ ਨੂੰ ਪ੍ਰਾਪਤ ਕਰਨ ਵਾਲਾ ਇਹ ਪਹਿਲਾ ਰਾਜ ਬਣ ਗਿਆ ਹੈ। ਫੈਡਰਲ ਅਧਿਕਾਰੀਆਂ ਨੇ ਮੈਰੀਲੈਂਡ ਨੂੰ ਰੀਅਲ ਆਈਡੀ ਜਰੂਰਤਾਂ ਤੇ ਹਰੀ ਝੰਡੀ ਦੇ ਦਿੱਤੀ ਹੈ।ਸੰਯੁਕਤ ਰਾਜ ਦੇ ਹੋਮਲੈਂਡ ਸਿਕਿਓਰਿਟੀ ਵਿਭਾਗ ਨੇ ਮੈਰੀਲੈਂਡ ਵਿਭਾਗ ਨੂੰ ਟਰਾਂਸਪੋਰਟੇਸ਼ਨ ਮੋਟਰ ਵਹੀਕਲ ਐਡਮਿਨਿਸਟ੍ਰੇਸ਼ਨ ਦੁਆਰਾ ਇਸ ਦੀ ਸੰਘੀ ਰੀਅਲ ਆਈਡੀ ਜ਼ਰੂਰਤਾਂ ਦੀ ਪਾਲਣਾ ਲਈ ਮਨਜ਼ੂਰੀ ਦੀ ਮੋਹਰ ਲਗਾ ਦਿੱਤੀ ਹੈ।ਏਜੰਸੀ ਨੇ ਐਮ.ਡੀ.ਓ.ਟੀ. ਐਮ.ਵੀ.ਏ. ਦੀ ਅਸਲ ਆਈ.ਡੀ. ਪ੍ਰੀਕਿਰਿਆ ਦੀ ਪੁਨਰ ਪ੍ਰਵਾਨਗੀ ਦਿੱਤੀ ਹੈ।ਮੈਰੀਲੈਂਡ ਉਸ ਅਹੁਦੇ ਨੂੰ ਪ੍ਰਾਪਤ ਕਰਨ ਵਾਲਾ ਪਹਿਲਾ ਰਾਜ ਬਣ ਗਿਆ।ਪੁਨਰ ਪ੍ਰਵਾਨਗੀ ਦੀ ਇਹ ਪੁਸ਼ਟੀ ਕਰਦੀ ਹੈ ਕਿ ਮੈਰੀਲੈਂਡ ਵਿਚ ਉਹ ਸਾਰੇ ਦਸਤਾਵੇਜ਼ ਅਤੇ ਸੁਰੱਖਿਆ ਪ੍ਰਕਿਰਿਆਵਾਂ ਹਨ ਜੋ ਰਾਜ ਦੇ ਅਸਲ ਆਈ .ਡੀ ਡਰਾਈਵਰ ਦੇ ਲਾਇਸੈਂਸਾਂ ਅਤੇ ਸ਼ਨਾਖਤੀ ਕਾਰਡਾਂ ਨੂੰ ਸੰਘੀ ਕਾਨੂੰਨ ਦੀ ਪਾਲਣਾ ਕਰਨ ਲਈ ਜ਼ਰੂਰੀ ਹਨ। 2011 ਵਿੱਚ, ਮੈਰੀਲੈਂਡ ਆਪਣੀ ਅਸਲ ਆਈ.ਡੀ ਪ੍ਰਕਿਰਿਆ ਨੂੰ ਪ੍ਰਮਾਣਿਤ ਕਰਨ ਵਾਲੇ ਦੇਸ਼ ਦੇ ਪਹਿਲੇ ਰਾਜਾਂ ਵਿੱਚੋਂ ਇੱਕ ਬਣ ਗਈ।ਰੀਅਲ ਆਈਡੀ ਐਕਟ ਦੀ ਲੋੜ ਹੈ ਕਿ ਸਾਰੇ ਰਾਜਾਂ ਨੂੰ ਸਮੇਂ-ਸਮੇਂ ਤੇ ਪ੍ਰਮਾਣਿਤ ਕੀਤਾ ਜਾਏ, ਡੀਐਚਐਸ ਦੁਆਰਾ ਨਿਰਧਾਰਤ ਸਮਾਂ-ਸਾਰਣੀ ਤੇਐਮ ਡੀ ਏ ਟੀ ਐਮਵੀਏ ਦੇ ਪ੍ਰਸ਼ਾਸਕ ਕ੍ਰਿਸਸੀ ਨਾਈਜ਼ਰ ਨੇ ਕਿਹਾ, "1 ਅਕਤੂਬਰ, 2020 ਤਕ ਲਗਭਗ 14 ਮਹੀਨਿਆਂ ਦੇ ਅੰਦਰ ਜਾਣ ਦੀ, ਰੀਅਲ ਆਈ ਡੀ ਦੀ ਅੰਤਮ ਤਾਰੀਖ, ਮੈਰੀਲੈਂਡ ਦੇ ਅੱਧੇ ਤੋਂ ਵੱਧ ਲੋਕ ਅਸਲ ਆਈਡੀ ਦੀ ਪਾਲਣਾ ਕਰ ਰਹੇ ਹਨ," ਐਮਡੀਓਟੀ ਐਮਵੀਏ ਦੇ ਪ੍ਰਸ਼ਾਸਕ ਕ੍ਰਿਸਸੀ ਨਾਈਜ਼ਰ ਨੇ ਕਿਹਾ. "ਮੈਂ ਆਪਣੇ ਗਾਹਕਾਂ ਨੂੰ ਉਨ੍ਹਾਂ ਦੇ ਦਸਤਾਵੇਜ਼ ਇਕੱਤਰ ਕਰਨ ਅਤੇ ਸਾਡੀ ਸ਼ਾਖਾਵਾਂ ਵਿਚ ਆਉਣ ਲਈ ਸਮਾਂ ਕੱਢਣ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ। ਇਸ ਪ੍ਰਵਾਨਗੀ ਨਾਲ ਮੈਰੀਲੈਂਡ ਦੇ ਲੋਕ ਵਿਸ਼ਵਾਸ ਕਰ ਸਕਦੇ ਹਨ ਕਿ ਉਨ੍ਹਾਂ ਦਾ ਅਸਲ ਆਈ ਡੀ ਡਰਾਈਵਿੰਗ ਲਾਇਸੈਂਸ ਜਾਂ ਸ਼ਨਾਖਤੀ ਕਾਰਡ ਦੇਸ਼ ਵਿਚ ਸਭ ਤੋਂ ਸੁਰੱਖਿਅਤ ਹੈ." ਕੀ ਤੁਹਾਡਾ ਮੈਰੀਲੈਂਡ ਡਰਾਈਵਰ ਦਾ ਲਾਇਸੈਂਸ ਵਾਪਿਸ ਲਿਆ ਜਾ ਸਕਦਾ ਹੈ ? 11 ਸਤੰਬਰ 2001 ਨੂੰ ਅੱਤਵਾਦੀ ਹਮਲੇ ਤੋਂ ਬਾਅਦ ਕਾਂਗਰਸ ਦੁਆਰਾ ਰੀਅਲ ਆਈਡੀ ਐਕਟ ਪਾਸ ਕੀਤਾ ਗਿਆ ਸੀ, ਅਤੇ ਦੇਸ਼ ਭਰ ਵਿੱਚ ਸੁਰੱਖਿਅਤ ਡਰਾਈਵਰਾਂ ਦੇ ਲਾਇਸੈਂਸਾਂ ਅਤੇ ਸ਼ਨਾਖਤੀ ਕਾਰਡਾਂ ਲਈ ਮਾਪਦੰਡ ਤਿਆਰ ਕਰਦਾ ਸੀ।ਅਕਤੂਬਰ 2020 ਦੀ ਆਖਰੀ ਮਿਤੀ ਤੱਕ, ਸਾਰੇ ਮੈਰੀਲੈਂਡ ਵਾਸੀਆਂ ਕੋਲ ਫਾਈਲ ਤੇ ਦਸਤਾਵੇਜ਼ ਹੋਣੇ ਚਾਹੀਦੇ ਹਨ ਅਤੇ ਹਵਾਈ ਜਹਾਜ਼ ਵਿੱਚ ਚੜ੍ਹਨ ਲਈ ਜਾਂ ਸੰਘੀ ਸਰਕਾਰ ਦੀਆਂ ਸਹੂਲਤਾਂ ਵਿੱਚ ਦਾਖਲ ਹੋਣ ਲਈ ਰਾਜ ਦੁਆਰਾ ਜਾਰੀ ਕੀਤੇ ਡਰਾਈਵਰ ਲਾਇਸੈਂਸ ਜਾਂ ਸ਼ਨਾਖਤੀ ਕਾਰਡ ਦੀ ਵਰਤੋਂ ਕਰਨ ਲਈ ਅਸਲ ਆਈਡੀ ਦੀ ਪਾਲਣਾ ਕਰਨੀ ਚਾਹੀਦੀ ਹੈ। ਲੋੜੀਂਦੇ ਦਸਤਾਵੇਜ਼ਾਂ ਵਿੱਚ ਸ਼ਾਮਲ ਹਨ: ਜਨਮ ਸਰਟੀਫਿਕੇਟ ਜਾਂ ਪਾਸਪੋਰਟ, ਸਮਾਜਿਕ ਸੁਰੱਖਿਆ ਦਾ ਸਬੂਤ ਅਤੇ ਮੈਰੀਲੈਂਡ ਨਿਵਾਸ ਸਾਬਤ ਕਰਨ ਵਾਲੇ ਦੋ ਅਸਲੀ ਦਸਤਾਵੇਜ਼ .ਹੋਣੇ ਚਾਹੀਦੇ ਹਨ।

## ਵੰਨ - ਬੀਟ ਕਾਲਜ ਆਫ ਮੈਡੀਕਲ ਸਾਇੰਸਸ ਦਾ ਉਦਘਾਟਨ ਸਮਾਰੋਹ, ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਸੰਤਾਂ ਮਹਾਪੁਰਸ਼ਾਂ ਅਤੇ ਪਤਵੰਤੇ ਨੇਤਾਵਾਂ ਦੀ ਮੌਜੂਦਗੀ ਵਿੱਚ ਸੰਪਨ ਹੋਇਆ






ਨਿਊਯਾਰਕ ( ਰਾਜ ਗੋਗਨਾ )— ਅਮਰੀਕਾ ਦੇ ਉੱਘੇ ਸਿੱਖ ਆਗੂ ਅਤੇ ਸਮਾਜ ਸੇਵੀ ਅਤੇ ਵੰਨ -ਬੀਟ ਸੰਸਥਾ ਦੇ ਚੇਅਰਮੈਨ ਸਰਦਾਰ ਬਹਾਦਰ ਸਿੰਘ ਵੱਲੋਂ ਸੰਤਗੜ ਯੂ.ਪੀ ਵਿਖੇਂ ਵੰਨ ਬੀਟ ਆਫ ਮੈਡੀਕਲ ਸਾਇੰਸ ਦਾ ਉਦਘਾਟਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਰਹਿਨੁਮਾਈ ਹੇਠ ਸੰਤਾਂ ਮਹਾਂਪੁਰਸ਼ਾ , ਨੇਤਾਵਾਂ ਦੀ ਮੋਜੂਦਗੀ ਚ' ਬੜੀ ਧੂਮ ਧਾਮ ਨਾਲ ਸੰਪੰਨ ਹੋਇਆਂ।

ਇਸ ਮੌਕੇ ਤੇ ਸੰਤ ਬਾਬਾ ਗੁਰਨਾਮ ਸਿੰਘ ਜੀ ਮਹਿਗਾਪੁਰ ਖੀਰੀ ਵਾਲੇ, ਉੱਤਰ ਪ੍ਰਦੇਸ਼ ਸਰਕਾਰ ਦੇ ਅਲਾਪ ਸੰਖਯਕ ਆਯੋਗ ਦੇ ਮੰਤਰੀ ਸਰਦਾਰ ਬਲਦੇਵ ਸਿੰਘ ਔਲਖ , ਵਿਧਾਇਕ ਸ਼੍ਰੀ ਰੋਮੀ ਸਾਹਨੀ, ਸ਼੍ਰੀਨਗਰ ਵਿਧਾਇਕਾ ਸ਼੍ਰੀਮਤੀ ਮੰਜੂ ਤਿਆਗੀ, ਐਸ .ਡੀ .ਐਮ ਸ਼੍ਰੀਮਤੀ ਪੂਜਾ ਯਾਦਵ , ਸੀਉ ਸ਼੍ਰੀ ਪ੍ਰਦੀਪ ਯਾਦਵ, ਕਮਾਂਡੈਂਟ ਸ਼੍ਰੀ ਮੁੰਨਾ ਸਿੰਘ, ਸਰਦਾਰ ਸੋਨੀ ਸਿੰਘ ਮੀਤ ਪ੍ਰਧਾਨ ,ਵਨਬੀਟ ਸੰਸਥਾ, ਸਰਦਾਰ ਜਗਮੋਹਨ ਸਿੰਘ ਐਗਜੇਕਟਿਵ ਮੈਬਰ ਵਨ ਬੀਟ ਸੰਸਥਾ, ਸਰਦਾਰ ਅਮੋਲਕ ਸਿੰਘ, ਸ਼੍ਰੀ ਸੰਦੀਪ ਸ਼ਰਮਾ , ਸਮੂੰਹ ਸਟਾਫ ਵਨਬੀਟ ਸੰਸਥਾਨ ਅਤੇ ਹੋਰ ਬਹੁਤ ਸਾਰੇ ਸੰਤਾ ਮਹਾਪੁਰਖਾਂ ਦੀ ਮੌਜੂਦਗੀ ਵਿੱਚ ਇਸ ਉਦਘਾਟਨ ਸਮਾਗਮ ਦਾ ਸਮਾਪਤ ਹੋਇਆ।। ਇਸ ਸੁਭਾਗ ਸਮੇਂ ਯੂ .ਐਸ . ਏ ਦੇ ਉੱਘੇ ਸਮਾਜ ਸੇਵੀ ਅਤੇ ਕਾਰੋਬਾਰੀ ਸਰਦਾਰ ਬਹਾਦਰ ਸਿੰਘ ਦੇ ਸਪੁੱਤਰ ਕਾਕਾ ਅੰਮ੍ਰਿਤ ਸਿੰਘ ਦੇ ਦਸਤਾਰਬੰਦੀ ਦੀ ਰਸਮ ਵੀ ਨਿਭਾਈ ਗਈ।

## ਮਾਊਂਟਿਨ ਹਾਊਸ ਨਿਵਾਸੀ ਸਿੱਧੂ ਪਰਿਵਾਰ ਨੂੰ ਜਵਾਨ ਪੁੱਤ ਦੀ ਮੌਤ ਤੇ ਸਦਮਾਂ



ਟਰੇਸੀ (ਕੈਲੇਫੋਰਨੀਆਂ) ( ਰਾਜ ਗੋਗਨਾ )—ਪਿਛਲੇ ਦਿਨੀਂ ਟਰੇਸੀ ਨੇੜਲੇ ਸ਼ਹਿਰ ਮਾਊਂਟਿਨ ਹਾਊਸ ਨਿਵਾਸੀ ਸ. ਕੁਲਬੀਰ ਸਿੰਘ ਸਿੱਧੂ ਤੇ ਸਰਦਾਰਨੀ ਸੁਖਵੰਤ ਕੌਰ ਸਿੱਧੂ ਨੂੰ ਉਸ ਵਕਤ ਭਾਰੀ ਸਦਮਾਂ ਪਹੁੰਚਿਆ ਜਦੋਂ ਉਹਨਾਂ ਦਾ 19 ਸਾਲ ਦਾ ਜਵਾਨ ਪੁੱਤ ਸੁਮੇਧ ਸਿੰਘ ਸਿੱਧੂ ਇਸ ਫ਼ਾਨੀ ਦੁਨੀਆਂ ਨੂੰ ਅਚਾਨਕ ਸਦਾ ਲਈ ਅਲਵਿਦਾ ਆਖ ਗਿਆ। ਸੁਮੇਧ ਆਪਣੇ ਪਿੱਛੇ ਮਾਤਾ ਪਿਤਾ ਤੋਂ ਬਿਨਾ ਇੱਕ ਹੋਰ ਭਰਾ ਕਰਨ ਸਿੰਘ ਨੂੰ ਵਿਲਕਦਾ ਛੱਡ ਗਿਆ। ਸੁਮੇਧ ਸਿੰਘ ਸਿੱਧੂ ਦੀ ਲਾਸ਼ ਉਸਦੀ ਗੱਡੀ ਸਮੇਤ ਮਾਊਂਟਿਨ ਹਾਊਸ ਨੇੜਲੀ ਝੀਲ ਵਿੱਚੋਂ ਬਰਾਮਦ ਹੋਈ। ਸੁਮੇਧ ਸਿੰਘ ਸਿੱਧੂ ਦਾ ਫਿਊਨਰਲ 17 ਅਗਸਤ ਦਿਨ ਸ਼ਨੀਵਾਰ ਸਵੇਰੇ 10 ਵਜੇ ਫਰੀ'ਸ ਮਮੋਰੀਅਲ ਚੈਪਿਲ ਟਰੇਸੀ ਵਿਖੇ ਹੋਵੇਗਾ (Fry's Memorial Chapel 550 S Central Avenue, Tracy, CA 95376 (209) 836-1970) ਉਪਰੰਤ ਭੋਗ ਅਤੇ ਅੰਤਿਮ ਅਰਦਾਸ ਦੁਪਿਹਰ 1:30 ਗੁਰਦਵਾਰਾ ਦਸ਼ਮੇਸ਼ ਦਰਬਾਰ ਟਰੇਸੀ ਵਿਖੇ ਹੋਵੇਗੀ (Gurudwara Dashmesh Darbar, AAGG@ West Clover Rd, Tracy, CA 95304) ਹੋਰ ਵਧੇਰੇ ਜਾਣਕਾਰੀ ਜਾਂ ਦੁੱਖ ਸਾਂਝਾ ਕਰਨ ਲਈ ਸੰਪਰਕ ਨੰਬਰ (510)378-3264 ਜਾਂ (510) 378-2236.

## ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਗੁਰੂਘਰ ਦੀ ਪ੍ਰਬੰਧਕ ਕਮੇਟੀ ਸਰਬਸੰਮਤੀ ਨਾਲ ਚੁਣੀ ਗਈ

# ਸੰਗਤਾਂ ਦੀ ਹਾਜ਼ਰੀ 'ਚ ਸ. ਜਸਦੀਪ ਸਿੰਘ ਜੱਸੀ , ਚੇਅਰਮੈਨ ਸਾਊਥ ਏਸ਼ੀਅਨ ਕਮਿਸ਼ਨ ਨੇ ਕੀਤਾ ਨਵੀਂ ਕਮੇਟੀ ਦਾ ਐਲਾਨ

ਮੈਰੀਲੈਂਡ (ਰਾਜ ਗੋਗਨਾ) - ਅਮਰੀਕਾ ਵਿੱਚ ਆਮ ਤੌਰ ਤੇ ਗੁਰੂਘਰਾਂ ਦੇ ਪ੍ਰਬੰਧਾ ਲਈ ਕਮੇਟੀਆਂ ਬਣਾਈਆਂ ਜਾਂਦੀਆਂ ਹਨ।ਜਿਨ੍ਹਾਂ ਨੂੰ ਵੋਟਾਂ ਰਾਹੀ ਚੁਣਿਆ ਜਾਂਦਾ ਹੈ। ਜਿਸ ਲਈ ਪਹਿਲਾਂ ਰਜਿਸਟ੍ਰੇਸ਼ਨ ਰਾਹੀਂ ਵੋਟਾਂ ਬਣਾਈਆਂ ਜਾਂਦੀਆਂ ਹਨ, ਉਪਰੰਤ ਛਾਣਬੀਣ ਕਰਕੇ ਵੋਟਰ ਲਿਸਟ ਬੋਰਡ ਤੇ ਲਗਾਈ ਜਾਂਦੀ ਹੈ। ਫਿਰ ਵੋਟਾਂ ਰਾਹੀਂ ਸੇਵਾਦਾਰ ਚੁਣੇ ਜਾਂਦੇ ਹਨ। ਜਿਸ ਤੇ ਹਜ਼ਾਰਾਂ ਡਾਲਰ ਖਰਚ ਸਿਰਫ ਚੌਧਰ ਲੈਣ ਪਿੱਛੇ ਕੀਤੇ ਜਾਂਦੇ ਹਨ। ਜਦਕਿ ਸੇਵਾ ਕਰਨ ਲਈ ਅਜਿਹਾ ਨਹੀਂ ਹੋਣਾ ਚਾਹੀਦਾ। ਗੁਰੂਘਰ ਦੀ ਸੇਵਾ ਤੋਂ ਕੋਈ ਨਹੀਂ ਰੋਕ ਸਕਦਾ।ਸਿਰਫ ਅਮਰੀਕਾ ਦੇ ਗੁਰੂਘਰਾਂ ਵਿੱਚ ਨਿਯਮਾਂ ਅਨੁਸਾਰ ਪ੍ਰਮਾਣਿਤ ਕਮੇਟੀ ਰਾਹੀਂ ਹਰ ਕੰਮ ਕੀਤਾ ਜਾਦਾਂ ਹੈ। ਜਿਸ ਲਈ ਸਬੰਧਤ ਵਿਅਕਤੀ, ਗਰੁੱਪ ਜਾਂ ਸੇਵਾਦਾਰਾਂ ਨੂੰ ਅਗਾਂਹੂ ਕਮੇਟੀ ਨੂੰ ਸੂਚਨਾ ਦੇਣੀ ਪੈਂਦੀ ਹੈ, ਜਿਸ ਦੇ ਪਾਬੰਦ ਹੋਣਾ ਲਾਜ਼ਮੀ ਹੈ।ਭਾਵ ਪ੍ਰਵਾਨਗੀ ਲੈਣੀ ਲਾਜ਼ਮੀ ਹੁੰਦੀ ਹੈ। ਅਜਿਹਾ ਨਾਂ ਕਰਨ ਦੀ ਸੂਰਤ ਵਿੱਚ ਕੀਤੇ ਕੰਮ ਨੂੰ ਵੀ ਵਰਜਿਤ ਵੀ ਕੀਤਾ ਜਾ ਸਕਦਾ ਹੈ। ਕਮੇਟੀ ਪੂਰੀ ਸ਼ਕਤੀ ਦੇ ਸਮਰੱਥ ਹੁੰਦੀ ਹੈ।ਪਰ ਬਾਲਟੀਮੋਰ ਗੁਰੂ ਘਰ ਵਿੱਚ ਹਰ ਕਾਰਜ ਸਰਬ-ਸੰਮਤੀ ਨਾਲ ਹੁੰਦਾ ਹੈ। ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾ ਹੀ ਸਰਬਸੰਮਤੀ ਨਾਲ ਚੁਣੀ ਜਾਂਦੀ ਹੈ। ਇੱਥੇ ਕਦੇ ਵੀ ਚੋਣਾਂ ਦੀ ਪ੍ਰੀਕਿਰਿਆ ਨਹੀਂ ਕੀਤੀ ਗਈ।ਹੈ।ਜਿਸ ਕਰਕੇ ਇਸ ਗੁਰੂਘਰ ਦੀਆਂ ਉਦਾਹਰਣਾਂ ਪੂਰੇ ਅਮਰੀਕਾ ਵਿੱਚ ਦਿੱਤੀਆਂ ਜਾਂਦੀਆਂ ਹਨ। ਹਰ ਫੈਸਲਾ ਸਰਬਸੰਮਤੀ ਨਾਲ ਕੀਤਾ ਜਾਂਦਾ ਹੈ। ਭਾਵੇਂ ਗੁੱਟਬਾਜ਼ੀ ਜਾਂ ਗਰੁੱਪਬਾਜ਼ੀ ਹੋਵੇ ਪਰ ਪ੍ਰਬੰਧਕ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਬਗੈਰ ਚੋਣ ਪ੍ਰਕਿਰਿਆ ਤੋ ਕੀਤੀ ਜਾਂਦੀ ਹੈ। ਸੋ ਇਸ ਸਾਲ 2019-20 ਦੀ ਪ੍ਰਬੰਧਕ ਕਮੇਟੀ ਤੇ ਟਰੱਸਟੀ ਵੀ ਸਰਬਸੰਮਤੀ ਨਾਲ ਚੁਣੇ ਗਏ ਹਨ। ਸੋ ਨਵੀਂ ਕਮੇਟੀ ਦਾ ਐਲਾਨ ਜਸਦੀਪ ਸਿੰਘ ਜੱਸੀ ਚੇਅਰਮੈਨ ਸਾਊਥ ਏਸ਼ੀਅਨ ਕਮਿਸ਼ਨ ਮੈਰੀਲੈਂਡ ਨੇ ਸੰਗਤਾਂ ਦੀ ਹਾਜ਼ਰੀ ਵਿੱਚ ਕੀਤਾ। ਜਿਸ ਨੂੰ ਸਮੂੰਹ ਸੰਗਤ ਨੇ ਸਵੀਕਾਰਿਆ ਹੈ। ਨਵੀਂ ਕਮੇਟੀ ਨੇ ਆਪਣਾ ਕਾਰਜ-ਭਾਗ ਸੰਭਾਲ ਕੇ ਆਪੋ - ਆਪਣੇ ਆਹੁਦਿਆਂ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਆਸ ਹੈ ਕਿ ਵੱਖ-ਵੱਖ ਕਾਰਜਾਂ ਦੀਆਂ ਪ੍ਰਬੰਧਕ ਕਮੇਟੀਆਂ ਵੀ ਜਲਦੀ ਗਠਿਤ ਕਰਕੇ ਸੁਚੱਜੇ ਢੰਗ ਨਾਲ ਗੁਰੂਘਰਾਂ ਨੂੰ ਚਲਾਇਆ ਜਾਵੇਗਾ। ਇਸ ਦੇ ਨਾਲ ਨਾਲ ਵਿਕਾਸ ਕਾਰਜਾਂ ਦੀ ਸੂਚੀ ਵੀ ਤਿਆਰ ਕੀਤੀ ਜਾ ਰਹੀ ਹੈ। ਜਿਸ ਨੂੰ ਤਰਤੀਬ ਅਨੁਸਾਰ ਨੇਪਰੇ ਚਾੜ੍ਹਿਆ ਜਾਵੇਗਾ। ਹਾਲ ਦੀ ਘੜੀ ਨਵੀਂ ਕਮੇਟੀ ਵਿੱਚ ਅੰਕਿਤ ਕੀਤੇ ਅਹੁਦੇ ਤੇ ਨਾਵਾਂ ਦਾ ਐਲਾਨ ਇਸ ਪ੍ਰਕਾਰ ਕੀਤਾ ਹੈ।




ਬਲਜਿੰਦਰ ਸਿੰਘ ਸ਼ੰਮੀ ਚੇਅਰਮੈਨ, ਮਾਸਟਰ ਧਰਮਪਾਲ ਸਿੰਘ ਉੱਪ ਚੇਅਰਮੈਨ, ਰਤਨ ਸਿੰਘ ਪ੍ਰਧਾਨ, ਸੁਖਜਿੰਦਰ ਸਿੰਘ ਉੱਪ ਪ੍ਰਧਾਨ, ਡਾ. ਸੁਰਿੰਦਰ ਸਿੰਘ ਗਿੱਲ ਸਕੱਤਰ ਜਨਰਲ, ਹਰਭਜਨ ਸਿੰਘ ਸਹਾਇਕ ਸਕੱਤਰ, ਸੁਖਜਿੰਦਰ ਸਿੰਘ ਕੈਸ਼ੀਅਰ, ਹਰਜੀਤ ਸਿੰਘ ਸਹਾਇਕ ਕੈਸ਼ੀਅਰ, ਬੀਬੀ ਕਾਂਤਾ ਸੈਮੀ ਪੀ. ਆਰ. ਓ., ਸੁਖਵਿੰਦਰ ਸਿੰਘ ਘੋਗਾ ਸਹਾਇਕ ਪੀ. ਆਰ. ਓ. ਹੋਣਗੇ। ਇਸ ਸਾਲ ਨਵੇਂ ਬੋਰਡ ਮੈਂਬਰਾਂ ਵਿੱਚ ਸਰਬਜੀਤ ਸਿੰਘ ਢਿੱਲੋਂ, ਜਰਨੈਲ ਸਿੰਘ, ਗੁਰਦੇਵ ਸਿੰਘ ਘੋਤੜਾ,ਦਵਿੰਦਰ ਸਿੰਘ ਜੋਨੀ, ਮਨਿੰਦਰ ਸਿੰਘ ਸੇਠੀ, ਗੁਰਮੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਆਸ ਹੈ ਕਿ ਇਹ ਪ੍ਰਬੰਧਕ ਕਮੇਟੀ ਸੰਗਤਾਂ ਦੇ ਆਸ਼ੇ ਤੇ ਪੂਰਨ ਉਤਰੇਗੀ ਅਤੇ ਸਮੇਂ ਸਮੇਂ ਵਧੀਆ ਧਾਰਮਿਕ ਪ੍ਰੋਗਰਾਮ, ਕੀਰਤਨੀ ਜਥਿਆਂ ਰਾਹੀਂ ਬਾਣੀ ਨਾਲ ਜੋੜੇਗੀ।ਉਪਰੋਕਤ ਕਮੇਟੀ ਚੁਣਨ ਵੇਲੇ ਸਮੁੱਚੇ ਬੋਰਡ ਨੇ ਪੂਰਨ ਤੌਰ ਤੇ ਯੋਗਦਾਨ ਪਾਇਆ ਹੈ, ਜਿਨ੍ਹਾਂ ਵਿੱਚ ਜਸਦੀਪ ਸਿੰਘ ਜੱਸੀ, ਸੁਖਜਿੰਦਰ ਸਿੰਘ, ਸੁਖਵਿੰਦਰ ਸਿੰਘ, ਦਲਜੀਤ ਸਿੰਘ ਮੁਲਤਾਨੀ, ਬਲਜਿੰਦਰ ਸਿੰਘ ਸ਼ੰਮੀ, ਰਤਨ ਸਿੰਘ, ਜਸਵੰਤ ਸਿੰਘ ਧਾਲੀਵਾਲ, ਗੁਰਪ੍ਰੀਤ ਸਿੰਘ ਸੰਨੀ, ਕੇ .ਕੇ ਸਿੱਧੂ, ਦਲਵੀਰ ਸਿੰਘ, ਸੁਰਜੀਤ ਸਿੰਘ, ਬਲਜੀਤ ਸਿੰਘ, ਧਰਮਪਾਲ ਸਿੰਘ, ਮਨਜੀਤ ਸਿੰਘ ਕੈਰੋਂ ਸ਼ਾਮਲ ਸਨ। ਸਮੁੱਚੇ ਬੋਰਡ ਅਤੇ ਸੰਗਤ ਵਧਾਈ ਦੀ ਪਾਤਰ ਹੈ। ਜਿਨ੍ਹਾਂ ਨੇ ਨਵੀਂ ਬਣੀ ਕਮੇਟੀ ਨੂੰ ਸਰਬਸੰਮਤੀ ਨਾਲ ਪ੍ਰਵਾਨਤ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ।

ਆਸ ਹੈ ਕਿ ਇਹ ਪ੍ਰਬੰਧਕ ਕਮੇਟੀ ਸਾਰੇ ਕੰਮ-ਕਾਜ ਬੋਰਡ ਦੀ ਪ੍ਰਵਾਨਗੀ ਅਨੁਸਾਰ ਕਰੇਗੀ ਅਤੇ ਸਮੇਂ ਸਮੇਂ ਸੰਗਤਾਂ ਨੂੰ ਫੈਸਲਿਆਂ ਬਾਰੇ ਸੂਚਿਤ ਕਰਦੀ ਰਹੇਗੀ। ਸਮੂੰਹ ਸੰਗਤ ਵਧਾਈ ਦੀ ਪਾਤਰ ਹੈ। ਸਾਰੇ ਹੀ ਮੈਂਬਰਾਂ ਨੇ ਨਵ-ਗਠਿਤ ਕਮੇਟੀ ਨੂੰ ਪਰਵਾਨ ਕਰਕੇ ਇਸ ਦਾ ਐਲਾਨ ਕਰਵਾ ਕੇ ਸੰਗਤਾਂ ਦੇ ਹਿੱਤ ਨੂੰ ਸੁਰੱਖਿਅਤ ਅਤੇ ਵਿਕਾਸਪੱਖੀ ਬਣਾਇਆ ਹੈ।ਸਭ ਵਧਾਈ ਦੇ ਪਾਤਰ ਹਨ।ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਦੇ ਸਰਬ-ਸੰਮਤੀ ਨਾਲ ਆਹੁਦੇਦਾਰ ਜਿੰਨਾਂ ਚ' ਬਲਜਿੰਦਰ ਸਿੰਘ ਸ਼ੰਮੀ - ਚੇਅਰਮੈਨ ਧਰਮਪਾਲ ਸਿੰਘ - ਉੱਪ ਚੇਅਰਮੈਨ

ਰਤਨ ਸਿੰਘ - ਪ੍ਰਧਾਨ

ਸੁਖਜਿੰਦਰ ਸਿੰਘ - ਉੱਪ ਪ੍ਰਧਾਨ

ਡਾ. ਸੁਰਿੰਦਰ ਸਿੰਘ ਗਿੱਲ - ਜਨਰਲ ਸਕੱਤਰ

ਹਰਭਜਨ ਸਿੰਘ - ਸਹਾਇਕ ਸਕੱਤਰ

ਸੁਖਜਿੰਦਰ ਸਿੰਘ ਸੋਨੀ - ਕੈਸ਼ੀਅਰ

ਹਰਜੀਤ ਸਿੰਘ - ਸਹਾਇਕ ਕੈਸ਼ੀਅਰ

ਕਾਂਤਾ ਸੈਮੀ - ਪਬਲਿਸਕ ਰਿਲੇਸ਼ਨ ਅਫਸਰ

ਸੁਖਵਿੰਦਰ ਸਿੰਘ ਘੱਗਾ - ਉੱਪ ਲੋਕ ਸੰਪਰਕ ਅਫਸਰ । ਬੋਰਡ ਆਫ ਮੈਂਬਰਜ਼ ਮਨਿੰਦਰ ਸਿੰਘ ਸੇਠੀ ਸਰਬਜੀਤ ਸਿੰਘ ਢਿੱਲੋਂ ਜਰਨੈਲ ਸਿੰਘ ਗੁਰਦੇਬ ਸਿੰਘ ਦਲਵਿੰਦਰ ਸਿੰਘ ਜੌਨੀ ਗੁਰਮੀਤ ਸਿੰਘ ਚੁਣੇ

# ਜਲ੍ਹਿਆਂ ਵਾਲਾ ਬਾਗ਼ ਦੇ ਸਾਕੇ ਦੀ 150ਵੀਂ ਸ਼ਤਾਬਦੀ ਨੂੰ ਸਮਰਪਿਤ 23ਵਾਂ ਮੇਲਾ ਗਦਰੀ ਬਾਬਿਆਂ ਦਾ ਕੈਨੇਡਾ ਦੇ ਸਿਟੀ ਸਰੀ ਵਿਖੇ ਬੜੀ ਧੂਮ ਧਾਮ ਨਾਲ ਹੋਇਆ ਸੰਪੰਨ




ਨਿਊਯਾਰਕ /ਸਰੀ , ਕੈਨੇਡਾ 11 ਅਗਸਤ ( ਰਾਜ ਗੋਗਨਾ )—ਬੀਤੇਂ ਦਿਨੀਂ ਪ੍ਰੋਫ਼ੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਕੈਨੇਡਾ ਵੱਲੋਂ ਜਲ੍ਹਿਆਂਵਾਲਾ ਬਾਗ ਦੇ ਸਾਕੇ ਦੀ 150ਵੀਂ ਸ਼ਤਾਬਦੀ ਨੂੰ ਸਮਰਪਿਤ 23ਵਾਂ 'ਮੇਲਾ ਗਦਰੀ ਬਾਬਿਆਂ ਦਾ' ਸਰੀ ਦੇ ਬੇਅਰ ਕਰੀਕ ਪਾਰਕ ਵਿਖੇ ਲਾਇਆ ਗਿਆ ਜਿਸ ਵਿੱਚ ਕੈਨੇਡਾ ਦੀਆਂ ਨਾਮਵਰ ਸ਼ਖ਼ਸੀਅਤਾਂ ਨੇ ਹਾਜਰੀ ਭਰੀ।ਫਾਊਂਡੇਸ਼ਨ ਦੇ ਪ੍ਰਧਾਨ ਸਾਹਿਬ ਸਿੰਘ ਥਿੰਦ ਦੀ ਅਗਵਾਈ ਹੇਠ 4 ਅਗਸਤ ਨੂੰ ਹੋਏ ਇਸ 23ਵੇਂ ਮੇਲੇ ਵਿੱਚ ਚਾਰ ਮਤੇ ਵੀ ਪਾਸ ਕੀਤੇ ਗਏ ਜਿਨ੍ਹਾਂ ਵਿੱਚ ਕੈਨੇਡਾ ਸਰਕਾਰ ਤੋਂ ਮੰਗ ਕੀਤੀ ਗਈ ਕਿ ਗਦਰ ਲਹਿਰ ਦੇ ਸ਼ਹੀਦ ਭਾਈ ਮੇਵਾ ਸਿੰਘ ਸਬੰਧੀ ਮੁਜਰਮਾਨਾ ਰਿਕਾਰਡ ਨੂੰ ਦਰੁਸਤ ਕੀਤਾ ਜਾਵੇ। ਇਸ ਤੋਂ ਇਲਾਵਾ ਬ੍ਰਿਟਿਸ਼ ਕੋਲੰਬੀਆ ਦੀ ਸੂਬਾ ਸਰਕਾਰ ਕਾਮਾਗਾਟਾ ਮਾਰੂ ਅਤੇ ਗ਼ਦਰ ਲਹਿਰ ਸਮੇਤ ਸਿੱਖ ਇਤਿਹਾਸ ਨੂੰ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਸਿਲੇਬਸ ਦਾ ਹਿੱਸਾ ਬਣਾਵੇ।

ਤੀਜੇ ਮਤੇ ਵਿੱਚ ਉਨ੍ਹਾਂ ਬਰਤਾਨਵੀ ਸਰਕਾਰ ਤੋਂ ਮੰਗ ਕੀਤੀ ਕਿ ਭਾਰਤ ਵਿੱਚ ਆਪਣੇ ਸ਼ਾਸਨ ਕਾਲ ਦੌਰਾਨ ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਸਮੇਤ ਪੰਜਾਬੀਆਂ ਖ਼ਾਸਕਰ ਸਿੱਖਾਂ ਨਾਲ ਕੀਤੀਆਂ ਵਧੀਕੀਆਂ ਅਤੇ ਜ਼ੁਲਮਾਂ ਸਬੰਧੀ ਮਾਫੀ ਮੰਗੀ।ਚੌਥੇ ਮਤੇ ਵਿੱਚ ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ ਦੇ ਟਾਪੂਆਂ ਦੇ ਨਾਂ, ਜੋ ਕਿ ਬਰਤਾਨਵੀ ਸਾਮਰਾਜ ਦੇ ਅਧਿਕਾਰੀਆਂ ਦੇ ਨਾਂ ਉੱਤੇ ਰੱਖੇ ਹੋਏ ਹਨ, ਨੂੰ ਬਦਲ ਕੇ ਗ਼ਦਰੀ ਦੇਸ਼ ਭਗਤਾਂ ਦੇ ਨਾਂ ਉੱਤੇ ਰੱਖੇ ਜਾਣ ਅਤੇ ਆਜ਼ਾਦੀ ਦੇ ਇਤਿਹਾਸ ਨੂੰ ਸਮੂਹ ਵਿੱਦਿਅਕ ਅਦਾਰਿਆਂ ਵਿੱਚ ਲਾਗੂ ਕੀਤਾ ਜਾਵੇ।ਇਸ ਮੌਕੇ ਕੈਨੇਡਾ ਸਰਕਾਰ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ, ਵਿਰੋਧੀ ਪਾਰਟੀ ਐੱਨ.ਡੀ.ਪੀ. ਦੇ ਮੁੱਖੀ ਜਗਮੀਤ ਸਿੰਘ, ਸੰਸਦ ਮੈਂਬਰ ਸੁੱਖ ਧਾਲੀਵਾਲ ਤੇ ਰਣਦੀਪ ਸਿੰਘ ਸਰਾਏ ਅਤੇ ਸਿਟੀ ਕੌਂਸਲਰ ਜੈੱਕ ਹੁੰਦਲ, ਆਦਿ ਨੇ ਗ਼ਦਰੀ ਬਾਬਿਆਂ ਬਾਰੇ ਆਪਣੇ ਭਾਵਪੂਰਤ ਵਿਚਾਰ ਸਾਂਝੇ ਕੀਤੇ। ਇਸ ਮੌਕੇ ਗਦਰ ਲਹਿਰ ਦੇ ਸ਼ਹੀਦ ਬਲਵੰਤ ਸਿੰਘ ਖੁਰਦਪੁਰ ਦੇ ਪਰਿਵਾਰ ਨੇ ਗ਼ਦਰ ਪਾਰਟੀ ਦਾ ਝੰਡਾ ਲਹਿਰਾਇਆ। ਇਸ ਮੇਲੇ ਦੌਰਾਨ ਭੰਗੜਾ, ਗਿੱਧਾ ਅਤੇ ਹੋਰ ਨ੍ਰਿਤ ਵੀ ਪੇਸ਼ ਕੀਤੇ ਗਏ। ਇਸ ਮੌਕੇ ਉੱਘੇ ਪੰਜਾਬੀ ਕਲਾਕਾਰਾਂ ਮੁਹੰਮਦ ਸਦੀਕ, ਰਾਜ ਕਾਕੜਾ, ਗਿੱਲ ਹਰਦੀਪ, ਮੋਹਸਿਨ ਸ਼ੌਕਤ ਅਲੀ, ਸੁਰਿੰਦਰ ਲਾਡੀ ਅਤੇ ਕੌਰ ਮਨਦੀਪ ਨੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਮੇਲੇ ਨੂੰ ਸਫਲ ਬਣਾਉਣ ਲਈ ਫਾਊਂਡੇਸ਼ਨ ਦੇ ਅਹੁਦੇਦਾਰਾਂ ਵਿੱਚ ਕਿਰਨਪਾਲ ਗਰੇਵਾਲ, ਰਾਜ ਪੱਡਾ, ਅਮਰਪ੍ਰੀਤ ਗਿੱਲ, ਜਸਪਾਲ ਥਿੰਦ,ਅੰਮ੍ਰਿਤ ਸੰਧੂ, ਜਗਰੂਪ ਖਹਿਰਾ ਆਦਿ ਨੇ ਬਾਖ਼ੂਬੀ ਸੇਵਾਵਾਂ ਨਿਭਾਈਆਂ। ਸਟੇਜ ਸਕੱਤਰ ਦੀ ਭੂਮਿਕਾ ਪ੍ਰੋ. ਗੁਰਵਿੰਦਰ ਸਿੰਘ ਧਾਲੀਵਾਲ ਅਤੇ ਮਨਜੀਤ ਕੌਰ ਕੰਗ ਨੇ ਬੜੇ ਸ਼ਾਨਦਾਰ ਢੰਗ ਨਾਲ ਨਿਭਾਈ।

## ਡੇਟਨ ਵਿਖੇਂ ਆਯੋਜਿਤ ਨੈਸ਼ਨਲ ਨਾਈਟ ਆਊਟ ਪ੍ਰੋਗਰਾਮ ਵਿੱਚ ਸਿੱਖਾਂ ਨੇ ਵੀ ਹਿੱਸਾ ਲਿਆ




ਡੇਟਨ (ਰਾਜ ਗੋਗਨਾ )—ਅਮਰੀਕਾ ਦੇ ਓਹਾਇਓ ਸੁਬੇ ਦੇ ਪ੍ਰਸਿੱਧ ਸ਼ਹਿਰ ਡੇਟਨ ਦੇ ਨਾਲ ਲਗਦੇ ਸ਼ਹਿਰ ਬੀਵਰਕ੍ਰੀਕ ਤੇ ਸਪਰਿੰਗਫੀਲਡ ਵਿਖੇ ਪੁਲੀਸ ਵੱਲੋਂ ਇਲਾਕੇ ਦੇ ਲੋਕਾਂ ਅਤੇਬੱਚਿਆਂ ਨਾਲ ਨੇੜ੍ਹਤਾ ਕਾਇਮ ਕਰਨ ਲਈ ਨੈਸ਼ਨਲ ਨਾਇਟ ਆਊਟ ਪ੍ਰੋਗਰਾਮ ਕਰਵਾਇਆਗਿਆ, ਜਿਸ ਵਿਚ ਇਲਾਕੇ ਦੇ ਸਿੱਖਾਂ ਨੇ ਵੀ ਭਾਗ ਲਿਆ। ਇਹ ਪ੍ਰੋਗਰਾਮ ਹਰ ਸਾਲ ਅਗਸਤਮਹੀਨੇ ਦੇ ਪਹਿਲੇ ਮੰਗਲਵਾਰ ਦੀ ਸ਼ਾਮ ਨੂੰ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿਚ ਪੁਲੀਸ ਵਿਭਾਗ ਵਲੌਂ ਕਰਵਾਇਆ ਜਾਂਦਾ ਹੈ।ਬੀਵਰਕ੍ਰੀਕ ਪੁਲੀਸ ਦੇ ਕਮਿਊਨਿਟੀ ਐਨਗੇਜਮੈਂਟ ਅਫਸਰ ਮਾਰਕ ਬਰਾਉਨ ਦੇ ਅਨੁਸਾਰ ਹਰ ਸਾਲ ਇਹ ਪ੍ਰੋਗਰਾਮ ਲੋਕਾਂ ਨੂੰ ਪੁਲੀਸ ਬਾਰੇ ਜਾਣਕਾਰੀ ਦੇਣ ਲਈ ਅਤੇ ਸਾਰੀ ਕਮਿਊਨਿਟੀਨੂੰ ਇਕੱਠਾ ਕਰਨ ਲਈ ਕਰਵਾਇਆ ਜਾਂਦਾ ਹੈ। ਉਹਨਾਂ ਨੇ ਸਿੱਖ ਭਾਈਚਾਰੇ ਅਤੇ ਹੋਰਨਾਂ ਧਰਮਾਂਦੇ ਲੋਕਾਂ ਵਲੋਂ ਇਸ ਵਿਚ ਆਉਣ ਲਈ ਧੰਨਵਾਦ ਕੀਤਾ।ਸਪਰਿੰਗਫਲਿਡ ਦੇ ਸਨਾਈਡਰ ਪਾਰਕ ਵਿਚ ਕਰਵਾਏ ਗਏ ਪ੍ਰੋਗਰਾਮ ਬਾਰੇ ਜਾਣਕਾਰੀਦਿੰਦੇ ਹੋਏ ਕਲਾਰਕ ਕਾਉਂਟੀ ਦੀ ਚੀਫ ਸ਼ੈਰਿਫ ਡੈਬਰਾ ਬਰਸ਼ਟ ਨੇ ਕਿਹਾ ਕਿ ਹਰ ਸਾਲਸ਼ਹਿਰਵਾਸੀਆਂ ਨਾਲ ਚੰਗੇ ਸੰਬੰਧ ਕਾਇਮ ਕਰਨ ਲਈ ਇਹ ਪ੍ਰੋਗਰਾਮ ਕਰਵਾਇਆ ਜਾਂਦਾ ਹੈ।ਇਸ ਮੌਕੇ ਭਾਗ ਲੈਣ ਵਾਲਿਆਂ ਲਈ ਮੁਫ਼ਤ ਖਾਣੇ, ਸਨੈਕ ਦਿੱਤੇ ਤੇ ਨੌਜੁਆਨਾਂ ਲਈਬਾਈਸਾਈਕਲ ਹੈਲਮਟ ਵੰਡੇ।ਸਪਰਿੰਗਫੀਲਡ ਦੇ ਵਸਨੀਕ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਸਿੱਖਾਂ ਨੂੰ ਕਮਿਉਨਿਟੀਪ੍ਰੋਗਰਾਮਾਂ ਵਿਚ ਵੱਧ ਚੜ ਕੇ ਭਾਗ ਲੈਣਾ ਚਾਹੀਦਾ ਹੈ। ਬੀਵਰਕ੍ਰੀਕ ਦੇ ਵਸਨੀਕ ਫਲਾਈਅੰਮਿਤਸਰ ਮੁਹਿਮ ਦੇ ਕਵਨੀਨਰ ਅਤੇ ਸਮਾਜ ਸੇਵਕ ਸਮੀਪ ਸਿੰਘ ਗੁਮਟਾਲਾ ਨੇ ਡੇਟਨ ਵਿਖੇ ਹਾਲ ਹੀ ਵਿਚ ਹੋਈ ਸ਼ੁਟਿੰਗ ਦੋਰਾਨ ਜਲਦੀ ਨਾਲ ਹਤਿਆਰੇ ਨੂੰ ਕਾਬੂ ਪਾਉਣ ਲਈ ਪੁਲੀਸ ਦੀ ਸ਼ਲਾਘਾ ਕੀਤੀ। ਇਸ ਵਿਚ ਹਤਿਆਰੇ ਸਮੇਤ ਨੌਂ ਜਾਨਾਂ ਗਈਆ

## ਟਰੰਪ ਨੇ ਪ੍ਰਵਾਸੀਆਂ ਨੂੰ ਦਿੱਤਾ ਝਟਕਾ, ਨਹੀਂ ਮਿਲੇਗੀ ਅਮਰੀਕਾ ਦੀ ਪੀ ਆਰ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਵੱਲੋਂ ਪ੍ਰਵਾਸੀਆਂ 'ਤੇ ਲਗਾਤਾਰ ਸ਼ਿਕੰਜ਼ਾ ਕੱਸਿਆ ਜਾ ਰਿਹਾ ਹੈ । ਬੇਸ਼ੱਕ ਹੁਣ ਅੰਦਰੂਨੀ ਦਬਾਅ ਕਾਰਨ ਅਮਰੀਕਾ ਦੀ ਸਰਕਾਰ ਵੱਲੋਂ ਕਈ ਨਿਯਮਾਂ ਨੂੰ ਨਰਮ ਕਰ ਦਿੱਤਾ ਗਿਆ ਹੈ, ਪਰ ਫਿਰ ਵੀ ਇਥੋਂ ਦੇ ਸਰਕਾਰ ਵਿਦੇਸ਼ੀਆਂ ਦੀ ਦੇਸ਼ ਆਮਦ ਔਖੀ ਬਣਾ ਰਹੀ ਹੈ । ਦਰਅਸਲ,




ਅਮਰੀਕਾ ਸਰਕਾਰ ਨੇ ਹੁਣ ਅਮਰੀਕਾ ਵਿੱਚ ਵੱਸਦੇ ਕਾਨੂੰਨੀ ਪ੍ਰਵਾਸੀਆਂ ਦਾ ਨਾਗਰਿਕ ਬਣਨਾ ਹੋਰ ਵੀ ਮੁਸ਼ਕਿਲ ਕਰ ਦਿੱਤਾ ਹੈ ।ਦਰਅਸਲ, ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਫੂਡ ਸਟੈਂਪ ਜਾਂ ਰਿਹਾਇਸ਼ੀ ਮਦਦ ਜਿਹੀਆਂ ਸਹੂਲਤਾਂ ਲੈ ਰਹੇ ਲੋਕਾਂ ਨੂੰ ਗਰੀਨ ਕਾਰਡ ਦੇਣ ਤੋਂ ਮਨ੍ਹਾਂ ਕੀਤਾ ਜਾ ਸਕਦਾ ਹੈ ।ਇਸ ਮਾਮਲੇ ਵਿੱਚ ਹੋਮਲੈਂਡ ਸੁਰੱਖਿਆ ਵਿਭਾਗ ਵੱਲੋਂ ਜਾਰੀ ਕੀਤੇ ਗਏ ਨਵੇਂ ਕਾਨੂੰਨ ਅਨੁਸਾਰ ਲੋਕਾਂ ਨੂੰ ਗਰੀਨ ਕਾਰਡ ਦੇਣ ਤੋਂ ਮਨ੍ਹਾਂ ਕੀਤਾ ਜਾਵੇਗਾ । ਇਸ ਵਿੱਚ ਉਹ ਲੋਕ ਸ਼ਾਮਿਲ ਹੋਣਗੇ ਜੋ ਕੌਂਸਲਰ ਅਧਿਕਾਰੀ ਨੂੰ ਇਹ ਭਰੋਸਾ ਦਿਵਾਉਣ ਵਿੱਚ ਨਾਕਾਮ ਰਹਿਣਗੇ ਕਿ ਉਹ ਅਮਰੀਕਾ ਸਰਕਾਰ ਵੱਲੋਂ ਆਪਣੇ ਨਾਗਰਿਕਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਦੀ ਕਦੇ ਵੀ ਵਰਤੋਂ ਨਹੀਂ ਕਰਨਗੇ । ਇਸ ਮਾਮਲੇ ਵਿੱਚ ਵ੍ਹਾਈਟ ਹਾਊਸ ਅਨੁਸਾਰ ਇਹ ਯਕੀਨੀ ਬਣਾਇਆ ਜਾਵੇਗਾ ਕਿ ਜੇਕਰ ਕੋਈ ਬਾਹਰੀ ਵਿਅਕਤੀ ਅਮਰੀਕਾ ਵਿੱਚ ਦਾਖ਼ਲ ਹੋਣਾ ਚਾਹੁੰਦਾ ਹੈ ਤਾਂ ਉਹ ਆਪਣੀ ਮਾਲੀ ਮਦਦ ਆਪ ਕਰਨ ਦੇ ਸਮਰੱਥ ਤੇ ਜਨਤਕ ਸਹੂਲਤਾਂ 'ਤੇ ਨਿਰਭਰ ਨਾ ਹੋਵੇ । ਟਰੰਪ ਸਰਕਾਰ ਵੱਲੋਂ ਹੁਣ ਪ੍ਰਵਾਸੀਆਂ ਲਈ ਦਿਨੋਂ-ਦਿਨ ਨਵੇਂ ਤੇ ਕਠੋਰ ਨਿਯਮ ਤਿਆਰ ਕੀਤੇ ਜਾ ਰਹੇ ਹਨ ।

## ਅਮਰੀਕਾ 'ਚ ਪਾਰਟੀ ਦੌਰਾਨ ਚੱਲੀਆਂ ਗੋਲੀਆਂ



ਸ਼ਿਕਾਗੋ : ਅਮਰੀਕੀ ਸ਼ਹਿਰ ਸ਼ਿਕਾਗੋ ਵਿੱਚ ਇੱਕ ਹਥਿਆਰਬੰਦ ਵਿਅਕਤੀ ਨੇ 100 ਲੋਕਾਂ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਵਿੱਚ 6 ਲੋਕ ਬੁਰੀ ਤਰ੍ਹਾਂ ਜ਼ਖਮੀ ਹੋ ਗਏ । ਮਿਲੀ ਜਾਣਕਾਰੀ ਵਿੱਚ ਪਤਾ ਲੱਗਿਆ ਹੈ ਕਿ ਇਹ ਘਟਨਾ ਐਤਵਾਰ ਨੂੰ ਇਕ ਸਟ੍ਰੀਟ ਪਾਰਟੀ ਦੌਰਾਨ ਵਾਪਰੀ । ਇਸ ਘਟਨਾ ਦੇ ਵਾਪਰਨ ਤੋਂ ਬਾਅਦ ਸਾਰੇ ਜ਼ਖਮੀਆਂ ਨੂੰ ਤੁਰੰਤ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ । ਇਸ ਸਬੰਧੀ ਜਾਣਕਾਰੀ ਦਿੰਦਿਆਂ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਅਚਾਨਕ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ । ਉਨ੍ਹਾਂ ਦੱਸਿਆ ਕਿ ਗੋਲੀਬਾਰੀ ਕਰਨ ਵਾਲਾ ਵਿਅਕਤੀ ਗੱਡੀ ਵਿੱਚ ਸਵਾਰ ਸੀ । ਦੱਸਿਆ ਜਾ ਰਿਹਾ ਹੈ ਕਿ ਘਟਨਾ ਵਾਲੀ ਥਾਂ 'ਤੇ ਪਹਿਲਾਂ ਲੜਾਈ ਹੋਈ ਸੀ ਤੇ ਉਸ ਤੋਂ ਬਾਅਦ ਹੀ ਉੱਥੇ ਗੋਲੀਆਂ ਚੱਲੀਆਂ ਹਨ ।ਜ਼ਿਕਰਯੋਗ ਹੈ ਕਿ ਅਮਰੀਕਾ ਵਿੱਚ ਆਏ ਦਿਨ ਅਜਿਹੀਆਂ ਗੋਲੀਬਾਰੀ ਦੀਆਂ ਘਟਨਾਵਾਂ ਦੇਖਣ ਨੂੰ ਮਿਲ ਰਹੀਆਂ ਹਨ । ਅਜਿਹਾ ਇੱਕ ਮਾਮਲਾ ਬੀਤੇ ਦਿਨ ਪਹਿਲਾਂ ਅਮਰੀਕਾ ਦੇ ਓਹੀਓ ਸੂਬੇ ਵਿੱਚ ਦੇਖਣ ਨੂੰ ਮਿਲਿਆ ਸੀ । ਇਸ ਹਾਦਸੇ ਵਿੱਚ 10 ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਸੀ । ਡੇਅਟਨ ਪੁਲਿਸ ਵੱਲੋਂ ਇਸ ਹਾਦਸੇ ਬਾਰੇ ਕੋਈ ਖ਼ਾਸ ਜਾਣਕਾਰੀ ਨਹੀਂ ਦਿੱਤੀ ਗਈ ਸੀ । ਇਹ ਘਟਨਾ ਦੇਰ ਰਾਤ ਤਕਰੀਬਨ ਇੱਕ ਵਜੇ ਵਾਪਰੀ ਸੀ ।

## ਪਾਕਿਸਤਾਨ ਭਾਰਤ ਦੇ ਰਾਜਦੂਤ ਨੂੰ ਭੇਜੇਗਾ ਵਾਪਸ, ਦੁਵੱਲਾ ਵਪਾਰ ਵੀ ਰੋਕਿਆ

ਪਾਕਿਸਤਾਨ ਨੇ ਭਾਰਤ ਨਾਲ ਆਪਣੇ ਕੂਟਨੀਤਕ ਰਿਸ਼ਤਿਆਂ ਵਿੱਚ ਕਮੀ ਲਿਆਉਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਉਸ ਨੇ ਭਾਰਤ ਨਾਲ ਦੁਵੱਲੇ ਵਪਾਰ ਨੂੰ ਫਿਲਹਾਲ ਰੋਕਣ ਦਾ ਵੀ ਫੈਸਲਾ ਲਿਆ ਹੈ।ਇਹ ਫੈਸਲੇ ਪਾਕਿਸਤਾਨ ਨੇ ਭਾਰਤ ਵੱਲੋਂ ਭਾਰਤ ਸ਼ਾਸਿਤ ਕਸ਼ਮੀਰ 'ਚੋਂ ਧਾਰਾ 370 ਖ਼ਤਮ ਕੀਤੇ ਜਾਣ ਦੀ ਪ੍ਰਤੀਕਿਰਿਆ ਵਜੋਂ ਲਏ ਹਨ।ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਸੁਰੱਖਿਆਕੌਂਸਲ ਦੀ ਮੀਟਿੰਗ ਬੁਲਾਈ ਅਤੇ ਉਸ ਵਿੱਚ ਇਹ ਫੈਸਲੇ ਲਏ ਗਏ ਹਨ।ਇਸ ਮੀਟਿੰਗ ਵਿੱਚ ਪਾਕਿਸਤਾਨ ਦੇ ਵਿਦੇਸ਼ ਮੰਤਰੀ, ਰੱਖਿਆ ਮੰਤਰੀ ਸਣੇ ਫੌਜ ਤੇ ਖ਼ੂਫ਼ੀਆ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।ਕੌਮੀ ਸੁਰੱਖਿਆ ਕੌਂਸਲ ਵੱਲੋਂ ਜਾਰੀ ਬਿਆਨ ਅਨੁਸਾਰ, ਮੀਟਿੰਗ ਵਿੱਚ ਭਾਰਤ ਸਰਕਾਰ ਵੱਲੋਂ ਇੱਕ ਪਾਸੜ ਤੇ ਗ਼ੈਰ-ਕਾਨੂੰਨੀ ਕਾਰਵਾਈ ਕੀਤੇ ਜਾਣ ਤੋਂ ਬਾਅਦ ਪੈਦਾ ਹੋਏ ਹਾਲਾਤ ਬਾਰੇ ਚਰਚਾ ਹੋਈ। ਮੀਟਿੰਗ ਵਿੱਚ ਭਾਰਤ-ਸ਼ਾਸਿਤ ਜੰਮੂ-ਕਸ਼ਮੀਰ ਤੇ ਐੱਲਓਸੀ ਤੇ ਬਣਦੇ ਹਾਲਾਤ ਬਾਰੇ ਵੀ ਚਰਚਾ ਹੋਈ ਹੈ।ਇਸ ਮੀਟਿੰਗ ਵਿੱਚ ਭਾਰਤ ਦੇ ਨਾਲ ਕੂਟਨੀਤਕ ਰਿਸ਼ਤੇ ਸੀਮਤ ਕਰਨ ਤੇ ਦੁਵੱਲੇ ਵਪਾਰ ਨੂੰ ਫਿਲਹਾਲ ਰੋਕਣ ਦਾ ਫੈਸਲਾ ਲਿਆ ਗਿਆ ਹੈ।ਏਆਰਵਾਈ ਟੀਵੀ ਨਾਲ ਗੱਲਬਾਤ ਵਿੱਚ ਪਾਕਿਸਤਾਨ ਦੇ ਵਿਦੇਸ਼ਮੰਤਰੀ ਸ਼ਾਹਿ ਮਹਿਮੂਦ ਕੁਰੈਸ਼ੀ ਨੇ ਕਿਹਾ ਹੈ ਕਿ ਦਿੱਲੀ ਵਿੱਚ ਸਥਿਤ ਪਾਕਿਸਤਾਨੀ ਦੂਤਾਵਾਸ ਤੋਂ ਉਹ ਆਪਣੇ ਰਾਜਦੂਤ ਨੂੰ ਜਲਦੀ ਹੀ ਬੁਲਾ ਲੈਣਗੇ। ਇਸ ਦੇ ਨਾਲ ਹੀ ਭਾਰਤ ਦੇ ਰਾਜਦੂਤ ਨੂੰ ਵਾਪਸ ਭੇਜਿਆ ਜਾਵੇਗਾ।ਇਸ ਦੇ ਨਾਲ ਹੀ ਇਸ ਮਾਮਲੇ ਨੂੰ ਸੰਯੁਕਤ ਰਾਸ਼ਟਰ ਅਤੇ ਸੁਰੱਖਿਆ ਪਰੀਸ਼ਦ ਵਿੱਚ ਚੁੱਕਣ ਦਾ ਵੀ ਫ਼ੈਸਲਾ ਲਿਆ ਹੈ। ਬੈਠਕ ਵਿੱਚ ਤੈਅ ਕੀਤਾ ਗਿਆ ਕਿ ਪਾਕਿਸਤਾਨ ਦੇ ਸੁਤੰਤਰਤਾ ਦਿਵਸ 14 ਅਗਸਤ ਨੂੰ ਕਸ਼ਮੀਰੀਆਂ ਦੇ ਨਾਲ ਏਕਤਾ ਪ੍ਰਦਰਸ਼ਿਤ ਕਰਨ ਵਜੋਂ ਮਨਾਇਆ ਜਾਵੇਗਾ ਜਦਕਿ ਭਾਰਤ ਦੇ ਸੁਤੰਤਰਤਾ ਦਿਵਸ 15 ਅਗਸਤ ਨੂੰ ਕਾਲਾ ਦਿਵਸ ਮਨਾਇਆ ਜਾਵੇਗਾ। ਬਿਆਨ ਵਿੱਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਮਨੁੱਖੀ ਅਧਿਕਾਰ ਉਲੰਘਣਾ ਦੇ ਸਬੰਧ ਵਿੱਚ ਭਾਰਤ ਦੇ ਖ਼ਿਲਾਫ਼ ਸਾਰੇ ਕੂਟਨੀਤਕ ਚੈਨਲਾਂ ਦੀ ਵਰਤੋਂ ਦੇ ਨਿਰਦੇਸ਼ ਦਿੱਤੇ ਹਨ। ਇਮਰਾਨ ਖ਼ਾਨ ਸੈਨਾ ਨੂੰ ਵੀ ਸਾਵਧਾਨ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਬੁੱਧਵਾਰ ਨੂੰ ਪਾਕਿਸਤਾਨ ਦੇ ਦੋਵਾਂ ਸਦਨਾਂ ਦੇ ਸੰਯੁਕਤ ਸੈਸ਼ਨ ਵਿੱਚ ਧਾਰਾ 370 ਨਬੰ ਹਟਾਏ ਜਾਣ ਦੀ ਨਿੰਦਾ ਕੀਤੀ ਗਈ। ਭਾਰਤ ਪ੍ਰਸ਼ਾਸਿਤ ਕਸ਼ਮੀਰ ਵਿੱਚ ਧਾਰਾ 370 ਹਟਾਏ ਜਾਣ ਕਾਰਨ ਪੈਦਾ ਹੋਏ ਐਮਰਜੈਂਸੀ ਹਾਲਾਤ ਨੂੰ ਲੈ ਕੇ ਬੁੱਧਵਾਰ ਨੂੰ ਦੂਜੇ ਦਿਨ ਵੀ ਨੈਸ਼ਨਲ ਅਸੈਂਬਲੀ ਅਤੇ ਸੀਨੇਟ ਦੀ ਸੰਯੁਕਤ ਬੈਠਕ ਹੋਈ।

### ਉਮੀਦ ਹੈ ਕਰਤਾਰਪੁਰ ਕੋਰੀਡੋਰ ਦਾ ਕੰਮ ਨਹੀਂ ਰੁਕੇਗਾ - ਕੈਪਟਨ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਵੱਲੋਂ ਭਾਰਤ ਨਾਲ ਕੂਟਨੀਤਕ ਸਬੰਧ ਸੀਮਤ ਕਰਨ ਨੂੰ ਲੈ ਕੇ ਚਿੰਤਾ ਜ਼ਾਹਿਰ ਕੀਤੀ ਹੈ। ਪਰ ਇਸ ਦੇ ਨਾਲ ਹੀ ਉਨ੍ਹਾਂ ਨੇ ਉਮੀਦ ਕੀਤੀ ਹੈ ਕਿ ਪਾਕਿਸਤਾਨ ਵੱਲੋਂ ਲਏ ਫੈਸਲੇ ਕਰਤਾਰਪੁਰ ਕੋਰੀਡੋਰ ਬਣਾਉਣ ਦੇ ਕੰਮ ਵਿੱਚ ਰੁਕਾਵਟ ਨਹੀਂ ਬਣਨਗੇ। ਪਾਕਿਸਤਾਨ ਵੱਲੋਂ ਭਾਰਤ ਨਾਲ ਦੁਵੱਲੇ ਸਬੰਧਾਂ ਬਾਰੇ ਲਏ ਫੈਸਲੇ ਬਾਰੇ ਕੈਪਟਨ ਅਮਰਿੰਦਰ ਨੇ ਕਿਹਾ, "ਕਸ਼ਮੀਰ ਦਾ ਮਸਲਾ ਭਾਰਤ ਦਾ ਅੰਦਰੂਣੀ ਮਸਲਾ ਹੈ ਅਤੇ ਭਾਰਤ ਨੂੰ ਕਸ਼ਮੀਰ ਬਾਰੇ ਫੈਸਲਾ ਲੈਣ ਦਾ ਹੱਕ ਹੈ।" "ਪਾਕਿਸਤਾਨ ਨੂੰ ਇਸ ਮਸਲੇ ਦਾ ਹਵਾਲਾ ਦੇ ਕੇ ਭਾਰਤ ਨਾਲ ਕੂਟਨੀਤਕ ਰਿਸ਼ਤੇ ਨਹੀਂ ਵਿਗਾੜਨੇ ਚਾਹੀਦੇ ਹਨ।"

### ਖੋਜੀਆਂ ਨੇ ਲੱਭਿਆ ਲਾਈ ਡਿਟੈਕਟਰ ਟੈਸਟ ਦਾ ਨਵਾਂ ਤਰੀਕਾ

# ਸੂਟ ਦੱਸੇਗਾ ਤੁਸੀਂ ਸੱਚ ਬੋਲ ਰਹੇ ਹੋ ਜਾਂ ਝੂਠ

- ☛ਪਾਲੀਗ੍ਰਾਫ ਟੈਸਟ ਤੋਂ ਵਧੇਰੇ ਸਟੀਕ ਨਤੀਜੇ ਦੇਣ 'ਚ ਹੈ ਸਮਰੱਥ
- ☛ਝੂਠ ਫੜਨ ਲਈ ਸੂਟ 'ਚ ਲੱਗੇ ਹੋਏ ਹਨ 17 ਸੈਂਸਰ



ਲੰਡਨ : ਸੱਚ ਦਾ ਪਤਾ ਲਗਾਉਣ ਲਈ ਦੁਨੀਆਂ ਭਰ ਦੀ ਪੁਲਸ ਅਤੇ ਜਾਂਚ ਏਜੰਸੀਆਂ ਲਾਈ ਡਿਟੈਕਟਰ ਟੈਸਟ (ਸੱਚ ਪ੍ਰੀਖਣ ਜਾਂਚ) ਦਾ ਸਹਾਰਾ ਲੈਂਦੀਆਂ ਹਨ। ਇਹ ਟੈਸਟ ਕਈ ਤਰ੍ਹਾਂ ਦੇ ਹੁੰਦੇ ਹਨ, ਜਿਨ੍ਹਾਂ ਵਿਚ ਪਾਲੀਗ੍ਰਾਫ ਟੈਸਟ, ਨਾਰਕੋ ਟੈਸਟ, ਬ੍ਰੇਨ ਮੈਪਿੰਗ ਟੈਸਟ ਵਧੇਰੇ ਪ੍ਰਚਲਿਤ ਹਨ। ਇਨ੍ਹਾਂ ਤਰੀਕਿਆਂ 'ਤੇ ਸਮੇਂ-ਸਮੇਂ 'ਤੇ ਸਵਾਲ ਵੀ ਉਠਦੇ ਰਹੇ ਹਨ।

ਅਜਿਹੇ ਵਿਚ ਬ੍ਰਿਟੇਨ ਅਤੇ ਨੀਦਰਲੈਂਡ ਦੇ ਸੋਧਕਰਤਾਵਾਂ ਨੇ ਲਾਈ ਡਿਟੈਕਟਰ ਟੈਸਟ ਦਾ ਨਵਾਂ ਤਰੀਕਾ ਖੋਜਿਆ ਹੈ। ਉਨ੍ਹਾਂ ਇਕ ਫੁੱਲ ਬਾਡੀ ਸੂਟ ਬਣਾਇਆ ਹੈ, ਜਿਹੜਾ 70 ਫ਼ੀਸਦੀ ਤਕ ਸਟੀਕ ਨਤੀਜੇ ਦੇਣ ਵਿਚ ਸਮਰੱਥ ਹੈ। ਸਭ ਤੋਂ ਵਧੇਰੇ ਪ੍ਰਚਲਿਤ ਪਾਲੀਗ੍ਰਾਮ ਟੈਸਟ ਆਮਤੌਰ 'ਤੇ 60 ਫ਼ੀਸਦੀ ਤਕ ਸਟੀਕ ਹੁੰਦਾ ਹੈ। ਭਵਿੱਖ ਵਿਚ ਨਵੇਂ ਤਰੀਕੇ ਦੀ ਸਟੀਕਤਾ ਹੋਰ ਵਧਣ ਦੀ ਗੁੰਜਾਇਸ਼ ਹੈ, ਕਿਉਂਕਿ ਜਾਂਚ ਦੌਰਾਨ ਕਈ ਵਾਰ ਸਟੀਕਤਾ 80 ਫ਼ੀਸਦੀ ਤਕ ਰਹੀ। ਨਵਾਂ ਤਰੀਕਾ ਸੋਧਕਰਤਾਵਾਂ ਵੱਲੋਂ ਬਣਾਇਆ ਗਿਆ ਸੂਟ ਉਸੇ ਤਰ੍ਹਾਂ ਦਾ ਹੀ ਹੈ ਜਿਵੇਂ ਫਿਲਮਾਂ ਵਿਚ ਕੰਪਿਊਟਰ ਵੱਲੋਂ ਬਣਾਏ ਚਰਿੱਤਰ ਪਾਏ ਹੁੰਦੇ ਹਨ। ਸੂਟ ਵਿਚ 17 ਸੈਂਸਰ ਲੱਗੇ ਹਨ। ਸੋਧਕਰਤਾਵਾਂ ਮੁਤਾਬਕ ਜਦੋਂ ਵਿਅਕਤੀ ਝੂਠ ਬੋਲਦਾ ਹੈ ਤਾਂ ਉਸਦੇ ਸਰੀਰ ਵਿਚ ਹਲਚਲ ਵਧ ਜਾਂਦੀ ਹੈ। ਇਹ ਸੂਟ ਹਰੇਕ ਸੈਕਿੰਡ ਵਿਚ ਵਿਅਕਤੀ ਦੇ ਸਰੀਰ ਵਿਚ ਹੋਣ ਵਾਲੀਆਂ 120 ਹਲਚਲਾਂ ਨੂੰ ਦਰਜ ਕਰਨ ਵਿਚ ਸਮਰੱਥ ਹੈ। ਜੋੜਾਂ ਜਿਵੇਂ ਗੋਡੇ ਤੇ ਕੂਹਣੀ ਵਿਚ ਹੋਣ ਵਾਲੀ ਹਲਚਲ ਨੂੰ ਤਿੰਨ ਪੜਾਅ ਵਿਚ ਇਹ ਸੂਟ ਪ੍ਰਦਰਸ਼ਿਤ ਕਰਦਾ ਹੈ। ਲੈਂਕੇਸਟਰ ਯੂਨੀਵਰਸਿਟੀ ਦੇ 180 ਵਿਦਿਆਰਥੀਆਂ ਅਤੇ ਕਰਮਚਾਰੀਆਂ 'ਤੇ ਇਸ ਦਾ ਪ੍ਰੀਖਣ ਕੀਤਾ ਗਿਆ। ਸਾਰੇ ਲੋਕਾਂ ਨੂੰ ਕੰਪਿਊਟਰ ਗੇਮ 'ਨੇਵਰ ਐਂਡ' ਖੇਡਣ ਨੂੰ ਕਿਹਾ ਗਿਆ। ਇਸ ਤੋਂ ਬਾਅਦ ਇਨ੍ਹਾਂ ਤੋਂ ਖੇਡ ਪੂਰਾ ਕਰਨ ਵਿਚ ਲੱਗੇ ਸਮੇਂ ਬਾਰੇ ਪੁੱਛਿਆ ਗਿਆ। ਅੱਧੇ ਲੋਕਾਂ ਨੇ ਸਹੀ ਸਮਾਂ ਦੱਸਿਆ, ਜਦਕਿ ਅੱਧਿਆਂ ਨੇ ਗ਼ਲਤ। ਇਸ ਦਾ ਪਤਾ ਲਗਾਉਣ ਲਈ ਹਰੇਕ ਵਿਅਕਤੀ ਨੂੰ ਸੂਟ ਪਾਉਣ ਤੋਂ ਬਾਅਦ 70 ਮਿੰਟ ਤਕ ਉਸਦੇ ਸਰੀਰ ਵਿਚ ਹੋਣ ਵਾਲੀਆਂ ਹਲਚਲਾਂ ਦੀ ਜਾਂਚ ਕੀਤੀ ਗਈ।

### ਖਾਮੀਆਂ

ਜਾਂਚ ਦਾ ਇਹ ਤਰੀਕਾ ਕਾਫ਼ੀ ਖ਼ਰਚੀਲਾ ਹੈ। ਇਸ ਦੇ ਲਈ ਹਰ ਵਿਅਕਤੀ ਦੇ ਸਰੀਰ ਦੇ ਮਾਪ ਮੁਤਾਬਕ ਸੂਟਾ ਹੋਣਾ ਜ਼ਰੂਰੀ ਹੈ। ਇਕ ਸੂਟ ਬਣਾਉਣ 'ਤੇ ਤੀਹ ਹਜ਼ਾਰ ਡਾਲਰ (ਕਰੀਬ 18,56,100 ਰੁਪਏ) ਦਾ ਖ਼ਰਚ ਆਉਂਦਾ ਹੈ। ਇਹ ਏਨਾ ਚੁਸਤ ਹੁੰਦਾ ਹੈ ਕਿ ਇਸ ਨੂੰ ਪਾਉਣ ਤੋਂ ਬਾਅਦ ਵੀ ਵਿਅਕਤ ਅਸਹਿਜ ਮਹਿਸੂਸ ਕਰਨ ਲੱਗਦਾ ਹੈ। ਅਜਿਹੇ ਵਿਚ ਇਹ ਸਾਬਤ ਕਰਨਾ ਮੁਸ਼ਕਿਲ ਹੋ ਸਕਦਾ ਹੈ ਕਿ ਸਰੀਰ ਵਿਚ ਹੋਣ ਵਾਲੀ ਹਲਚਲ ਦਾ ਕਾਰਨ ਕੀ ਹੈ।




ਸਕਾਟਲੈਂਡ ਦੇ ਫੋਟੋਗ੍ਰਾਫਰ ਐਲੇਨ ਮੈਫੇਡਿਨ ਵੱਲੋਂ ਖਿਚੀ ਗਈ ਪਾਣੀ ਵਿਚ ਚੁੰਝ ਦੇ ਭਾਰ ਡਬਕੀ ਲਗਾਉਂਦੇ ਕਿੰਗਫਿਸ਼ਰ ਦੀ ਫੋਟੋ। ਪਾਣੀ ਦੇ ਇੱਕ ਵੀ ਛਿੱਟੇ ਤੋਂ ਦੂਰ ਇਸ ਪਰਫੈਕਟ ਸ਼ਾਟ ਨੂੰ ਲੈਣ ਲਈ 6 ਸਾਲ ਉਡੀਕ ਕਰਨੀ ਪਈ ਅਤੇ 7.20 ਲੱਖ ਫੋਟੋਆਂ ਲੈਣੀਆਂ ਪਈਆਂ। ਉਸ ਨੇ ਇਹ ਸ਼ਾਟ ਆਪਣੇ ਦਾਦਾ ਜੀ ਦੀ ਯਾਦ ਵਿਚ ਲਿਆ।

# ਟਾਈਟੈਨਿਕ ਦੇ ਡੁੱਬਣ ਦਾ ਕਾਰਨ ਅੱਗ ਲੱਗਣਾ ਹੋ ਸਕਦੈ !

ਲੰਡਨ- ਮਸ਼ਹੂਰ ਜਹਾਜ਼ ਟਾਈਟੈਨਿਕ ਆਈਸਬਰਗ ਨਾਲ ਟੱਕਰ ਨਾਲ ਨਹੀਂ, ਸਗੋਂ ਅੱਗ ਦੇ ਕਾਰਨ ਉਤਰੀ ਐਟਲਾਂਟਿਕ ਸਮੁੰਦਰ ਵਿੱਚ ਡੁੱਬਿਆ ਸੀ। ਇਹ ਦਾਅਵਾ ਮਾਹਰਾਂ ਦੀ ਇਕ ਟੀਮ ਨੇ ਕੀਤਾ ਹੈ। ਅਪ੍ਰੈਲ 1912 ਵਿੱਚ ਨਿਊਯਾਰਕ ਲਈ ਰਵਾਨਾ ਹੋਇਆ ਟਾਈਟੈਨਿਕ ਐਟਲਾਂਟਿਕ ਮਹਾਸਾਗਰ 'ਚ ਡੁੱਬ ਗਿਆ ਸੀ। 1500 ਤੋਂ ਵੱਧ ਯਾਤਰੀਆਂ ਦੀ ਇਸ ਹਾਦਸੇ ਵਿੱਚ ਮੌਤ ਹੋ ਗਈ ਸੀ। ਹੁਣ ਤੱਕ ਮੰਨਿਆ ਜਾਂਦਾ ਰਿਹਾ ਹੈ ਕਿ ਟਾਈਟੈਨਿਕ ਸਮੁੰਦਰ ਦੀ ਪਰਤ ਦੇ ਹੇਠਾਂ ਬਣੇ ਇਕ ਆਈਸਬਰਗ ਦੇ ਨਾਲ ਟੱਕਰ ਖਾਣ ਮਗਰੋਂ ਡੁੱਬ ਗਿਆ ਸੀ। ਹੁਣ ਖੋਜਾਰਥੀਆਂ ਨੇ ਕਿਹਾ ਹੈ ਕਿ ਇਹ ਅੱਗ ਤਿੰਨ ਹਫਤਿਆਂ ਤੱਕ ਲੱਗੀ ਰਹੀ ਤੇ ਕਿਸੇ ਨੇ ਇਸ ਉੱਤੇ ਧਿਆਨ ਨਹੀਂ ਦਿੱਤਾ। ਇਸ ਅੱਗ ਕਾਰਨ ਜਹਾਜ਼ ਬੁਰੀ ਤਰ੍ਹਾਂ ਨਾਲ ਨੁਕਸਾਨਿਆ ਗਿਆ। ਫਿਰ ਜਦੋਂ ਸਫਰ ਵਿੱਚ ਆਈਸਬਰਗ ਦੇ ਨਾਲ ਇਸ ਦੀ ਟੱਕਰ ਹੋਈ ਤਾਂ ਕਮਜ਼ੋਰ ਹੋਣ ਕਾਰਨ ਡੁੱਬ ਗਿਆ। ਪੱਤਰਕਾਰ ਸੇਨਨ ਮੋਲੋਨੇ ਨੇ ਜਹਾਜ਼ ਦੇ ਮੁੱਖ ਇਲੈਕਟ੍ਰਾਨਿਕ ਇੰਜੀਨੀਅਰ ਵੱਲੋਂ ਲਈਆਂ ਗਈਆਂ ਤਸਵੀਰਾਂ ਦਾ ਅਧਿਐਨ ਕੀਤਾ। ਇਹ ਤਸਵੀਰਾਂ ਲੈਣ ਪਿੱਛੋਂ ਟਾਈਟੈਨਿਕ ਬੈਲਫਾਸਟ ਸ਼ਿਪਯਾਰਡ ਵਿੱਚ ਭੇਜ ਦਿੱਤੀਆਂ ਗਈਆਂ ਸਨ। ਮੰਨਿਆ ਜਾ ਰਿਹਾ ਹੈ ਕਿ ਸ਼ਾਇਦ ਇਹ ਅੱਗ ਜਹਾਜ਼ ਦੇ ਤਿੰਨ ਮੰਜ਼ਿਲਾਂ ਤੇਲ ਸਟੋਰ ਵਿੱਚ ਲੱਗੀ ਹੋਵੇਗੀ। ਇਸ ਕਾਰਨ ਜਹਾਜ਼ ਦਾ ਤਾਪਮਾਨ ਇਕ ਹਜ਼ਾਰ ਡਿਗਰੀ ਸੈਲਸੀਅਸ ਤੱਕ ਪੁੱਜ ਗਿਆ ਸੀ। ਇਸ ਮਗਰੋਂ ਜਦੋਂ ਟਾਈਟੈਨਿਕ ਆਈਸਬਰਗ ਨਾਲ ਟਕਰਾਇਆ ਤਾਂ ਅੱਗ ਕਾਰਨ ਸਟੀਲ ਨਾਲ ਬਣਿਆ ਢਾਂਚਾ ਕਮਜ਼ੋਰ ਹੋ ਚੁੱਕਾ ਸੀ। ਇਸ ਕਾਰਨ ਆਈਸਬਰਗ ਦੇ ਨਾਲ ਟਕਰਾਉਣ ਮਗਰੋਂ ਜਹਾਜ਼ ਦੀ ਲਾਈਨਿੰਗ ਟੁੱਟ ਗਈ। ਟਾਈਟੈਨਿਕ ਬਣਾਉਣ ਵਾਲੀ ਕੰਪਨੀ ਦੇ ਡਾਇਰੈਕਟਰ ਜੇਥ ਬਰੂਸ ਨੇ ਜਹਾਜ਼ 'ਤੇ ਸਵਾਰ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਸਨ ਕਿ ਇਸ ਅੱਗ ਦੇ ਬਾਰੇ 'ਚ ਯਾਤਰੀਆਂ ਨੂੰ ਕੁਝ ਨਾ ਦੱਸਿਆ ਜਾਵੇ।







# ਵਿਦੇਸ਼ੀ ਪੜ੍ਹਾਈ ਦੇ ਚਾਅ ਨੇ ਖਾਲੀ ਕੀਤੇ ਪੰਜਾਬ ਦੇ ਕਾਲਜ

'ਸਟੱਡੀ ਵੀਜ਼ੇ' ਨੇ ਪੰਜਾਬ ਦੇ ਕਾਲਜ ਖਾਲੀ ਕਰ ਦਿੱਤੇ ਹਨ। ਪ੍ਰਾਈਵੇਟ ਕਾਲਜਾਂ ਦੀ ਭੀੜ ਨੂੰ ਆਈਲੈਟਸ ਸੈਂਟਰਾਂ ਨੇ ਖਿੱਚ ਲਿਆ ਹੈ। ਦੁਆਬੇ ਮਗਰੋਂ ਮਾਲਵੇ 'ਚ 'ਸਟੱਡੀ ਵੀਜ਼ੇ' ਦਾ ਰੁਝਾਨ ਇਕਦਮ ਵਧਿਆ ਹੈ। ਪਰਵਾਸੀਆਂ ਦੇ ਗੜ੍ਹ ਵਜੋਂ ਜਾਣੇ ਜਾਂਦੇ ਦੋਆਬੇ ਖੇਤਰ ਦੇ ਵਿਦਿਆਰਥੀ ਬਾਰ੍ਹਵੀਂ ਜਮਾਤ ਤੋਂ ਬਾਅਦ ਉਚੇਰੀ ਪੜ੍ਹਾਈ ਕਰਨ ਨੂੰ ਤਰਜੀਹ ਦੇਣ ਦੀ ਥਾਂ ਆਈਲੈਟਸ (ਆਇਲਜ) ਕਰ ਰਹੇ ਹਨ।

ਜਲੰਧਰ ਬੱਸ ਅੱਡੇ ਦੁਆਲੇ ਆਈਲੈਟਸ ਕਰਵਾਉਣ ਲਈ ਵੱਡੀ ਗਿਣਤੀ ਸੈਂਟਰ ਖੁੱਲ੍ਹੇ ਹੋਏ ਹਨ। ਨਵੀਆਂ-ਨਵੀਆਂ ਵੱਡੀਆਂ ਉਸਾਰੀਆਂ ਬਹੁ-ਮੰਜ਼ਿਲੀ ਇਮਾਰਤਾਂ ਦੇ ਜ਼ਿਆਦਾਤਰ ਦਫਤਰ ਇਮੀਗ੍ਰੇਸ਼ਨ ਤੇ ਆਈਲੈਟਸ ਵਾਲੇ ਹੀ ਹਨ। ਇਨ੍ਹਾਂ ਦਫਤਰਾਂ ਅੱਗੇ ਲੱਗਦੀ ਭੀੜ ਦੇਖ ਕੇ ਸਪੱਸ਼ਟ ਹੋ ਜਾਂਦਾ ਹੈ ਕਿ ਵੱਡੀ ਗਿਣਤੀ ਪਾੜ੍ਹੇ ਵਿਦੇਸ਼ਾਂ ਨੂੰ ਉਡਾਰੀ ਮਾਰਨ ਦੀ ਤਾਂਘ ਵਿਚ ਹਨ। ਬੇਰੁਜ਼ਗਾਰੀ ਨੇ ਵੀ ਵਿਦਿਆਰਥੀਆਂ ਦਾ ਅੱਗੇ ਪੜ੍ਹਨ ਤੋਂ ਮੂੰਹ ਮੋੜ ਦਿੱਤਾ ਹੈ। ਦੱਸਣਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਘੱਟ ਦਾਖਲਿਆਂ ਨੂੰ ਦੇਖਦਿਆਂ ਬਿਨਾਂ ਲੇਟ ਫੀਸ ਦਾਖਲਾ ਲੈਣ ਦੀ ਤਰੀਕ ਵਿਚ ਵਾਧਾ ਕਰ ਦਿੱਤਾ ਹੈ। ਮਾਨਸਾ ਦੇ ਸਰਕਾਰੀ ਕਾਲਜ ਨੂੰ ਆਈਲੈਟਸ ਨੇ ਸੱਟ ਮਾਰੀ ਹੈ। ਪਹਿਲਾਂ ਕਾਲਜ ਵਿਚ ਕਰੀਬ 1700 ਵਿਦਿਆਰਥੀ ਹੁੰਦੇ ਸਨ ਅਤੇ ਹੁਣ ਗਿਣਤੀ 1350 ਦੇ ਕਰੀਬ ਹੀ ਰਹਿ ਗਈ ਹੈ।

ਦੱਸਣਯੋਗ ਹੈ ਕਿ ਬਠਿੰਡਾ ਖਿੱਤੇ 'ਚ ਆਈਲੈਟਸ ਸੈਂਟਰਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। ਬਰਨਾਲਾ ਜ਼ਿਲ੍ਹੇ ਵਿਚ ਸੰਘੇੜਾ ਕਾਲਜ ਵਿਚ ਪਿਛਲੇ ਵਰ੍ਹੇ 1450 ਦੇ ਕਰੀਬ ਵਿਦਿਆਰਥੀ ਸਨ ਤੇ ਐਤਕੀਂ ਇਹ ਗਿਣਤੀ 950 ਦੇ ਕਰੀਬ ਹੈ। ਸੂਤਰ ਆਖਦੇ ਹਨ ਕਿ ਪ੍ਰਾਈਵੇਟ ਕਾਲਜਾਂ ਦੀ ਫੀਸ ਜ਼ਿਆਦਾ ਹੈ ਜਿਸ ਕਰ ਕੇ ਵਿਦਿਆਰਥੀ ਸਰਕਾਰੀ ਕਾਲਜਾਂ ਨੂੰ ਤਰਜੀਹ ਦਿੰਦੇ ਹਨ। ਪੰਜਾਬੀ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਐਤਕੀਂ ਭਾਵੇਂ ਦਾਖਲਿਆਂ ਸਬੰਧੀ ਪਿਛਲੇ ਸਾਲ ਨਾਲੋਂ ਵੱਧ ਹੁੰਗਾਰਾ ਮਿਲਣ ਦਾ ਦਾਅਵਾ ਕੀਤਾ ਗਿਆ ਹੈ, ਪਰ ਸਾਹਮਣੇ ਆਇਆ ਹੈ ਕਿ ਦਰਜਨ ਦੇ ਕਰੀਬ ਕੋਰਸਾਂ 'ਚ ਦਾਖਲੇ ਐਤਕੀਂ ਵੀ ਸੰਤੁਸ਼ਟੀਜਨਕ ਬਿੰਦੂ ਨਹੀਂ ਛੂਹ ਸਕੇ। ਸਮਝਿਆ ਜਾ ਰਿਹਾ ਹੈ ਕਿ ਰੁਜ਼ਗਾਰ ਦੇ ਵਸੀਲੇ ਭੀੜੇ ਪੈਣ ਅਤੇ ਪੜ੍ਹਾਈ ਦੇ ਖਰਚਿਆਂ ਕਾਰਨ ਵਿਦਿਆਰਥੀ ਉਚ ਸਿੱਖਿਆ ਤੋਂ ਮੂੰਹ ਮੋੜ ਰਹੇ ਹਨ। ਕੈਂਪਸ 'ਚ ਪਲੇਸਮੈਂਟ ਪ੍ਰਤੀ ਉਚਿਤਤਾ ਨਾਲ ਇਜ਼ਾਫਾ ਨਾ ਹੋਣ ਅਤੇ ਨੌਜਵਾਨਾਂ ਦਾ ਵਿਦੇਸ਼ਾਂ ਵੱਲ ਉਡਾਰੀ ਦਾ ਬਣਿਆ ਰੁਝਾਨ ਵੀ ਦਾਖਲਿਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਪੰਜਾਬੀ ਯੂਨੀਵਰਸਿਟੀ 'ਚ ਕਦੇ ਨਵੇਂ ਦਾਖਲਿਆਂ ਵੇਲੇ ਇਹ ਹਾਲਾਤ ਹੁੰਦੇ ਸਨ ਕਿ ਵਿਦਿਆਰਥੀਆਂ ਦੀ ਗਿਣਤੀ ਨੂੰ ਦੇਖ ਕੇ ਫਿਕਰ ਹੁੰਦਾ ਸੀ ਕਿ ਉਨ੍ਹਾਂ ਨੂੰ ਵੱਖ-ਵੱਖ ਕੋਰਸਾਂ 'ਚ ਦਾਖਲਾ ਕਿਵੇਂ ਮਿਲੇਗਾ, ਪਰ ਪਿਛਲੇ ਕੁਝ ਸਾਲਾਂ ਤੋਂ ਹਾਲਾਤ ਬਦਲ ਰਹੇ ਹਨ। ਪਿਛਲੇ ਸਾਲ ਦਾਖਲਿਆਂ ਦੀ ਦਰ ਕਾਫੀ ਹੇਠਾਂ ਡਿੱਗਣ ਤੋਂ ਭਾਵੇਂ ਯੂਨੀਵਰਸਿਟੀ ਪ੍ਰਸ਼ਾਸਨ ਨੇ ਇਸ ਸਾਲ ਦੇ ਦਾਖਲਿਆਂ ਲਈ ਕਾਫੀ ਚਿਰ ਤੋਂ ਜ਼ੋਰ ਅਜ਼ਮਾਈ ਵਿੱਢੀ ਹੋਈ ਸੀ, ਇਸ ਦੇ ਬਾਵਜੂਦ ਦਾਖਲਿਆਂ ਪ੍ਰਤੀ ਰੁਝਾਨ 'ਚ ਸੰਤੁਸ਼ਟੀਜਨਕ ਉਤਸ਼ਾਹ ਨਹੀਂ ਬਣ ਸਕਿਆ।


ਭਾਵੇਂ ਯੂਨੀਵਰਸਿਟੀ ਪ੍ਰਸ਼ਾਸਨ ਨੇ ਕਈ ਕੋਰਸਾਂ ਵਿਚ ਦਾਖਲਿਆਂ ਨੂੰ ਪਿਛਲੇ ਸਾਲ ਦੇ ਮੁਕਾਬਲੇ ਵੱਧ ਗਰਦਾਨਿਆ ਹੈ ਤੇ ਕੁਝ ਕੁ ਕੋਰਸਾਂ ਵਿਚ ਸੀਟਾਂ ਵੀ ਵਧਾਈਆਂ ਹਨ, ਫਿਰ ਵੀ ਕੁਝ ਕੋਰਸਾਂ ਵਿਚ ਮੱਠਾ ਹੁੰਗਾਰਾ ਹੋਣਾ ਚਿੰਤਾ ਵਾਲੀ ਗੱਲ ਹੈ। ਪੰਜਾਬੀ ਯੂਨੀਵਰਸਿਟੀ ਤੋਂ ਹੁਣ ਤੱਕ ਕੈਂਪਸ ਵਿਚ ਹੋਏ ਦਾਖਲਿਆਂ ਬਾਬਤ ਮਿਲੀ ਜਾਣਕਾਰੀ ਮੁਤਾਬਕ ਕਰੈਸ਼ ਕੋਰਸ ਇਨ ਪੰਜਾਬੀ 'ਲਿੰਗੁਇਸਟਿਕ ਐਂਡ ਲੈਕਸੀਕੋਗ੍ਰਾਫੀ' ਵਿਚ ਹਾਲੇ ਤੱਕ ਇਕ ਵਿਦਿਆਰਥੀ ਹੀ ਦਾਖਲ ਹੋ ਸਕਿਆ ਹੈ, ਜਦੋਂਕਿ ਡਿਪਲੋਮਾ ਇਨ ਉਰਦੂ ਵਿਚ ਦੋ ਸੀਟਾਂ ਹੀ ਭਰੀਆਂ ਜਾ ਸਕੀਆਂ ਹਨ।

ਐਮਥਏਥ ਪਰਸ਼ੀਅਨ ਵਿਚ ਵੀ ਇਕ ਹੀ ਸੀਟ ਭਰੀ ਜਾ ਸਕੀ ਹੈ। ਇਸੇ ਤਰ੍ਹਾਂ ਐਮਥਏਥ ਪਾਲਿਸੀ ਐਂਡ ਗਵਰਨੈਂਸ 'ਪਬਲਿਕ ਐਡਮਿਨਸਟ੍ਰੇਸ਼ਨ' ਵਿਚ ਪਿਛਲੇ ਸਾਲ 22 ਦੇ ਮੁਕਾਬਲੇ ਐਤਕੀਂ ਹਾਲੇ ਤੱਕ 12 ਉਮੀਦਵਾਰ ਹੀ ਆਏ ਹਨ। ਐਮਥਏਥ ਡਿਜ਼ਾਸਟਰ ਮੈਨੇਜਮੈਂਟ 'ਪਬਲਿਕ ਐਡਮਨ' ਵਿਚ ਪਿਛਲੇ ਸਾਲ 13 ਦੇ ਮੁਕਾਬਲੇ ਐਤਕੀਂ 8 ਸੀਟਾਂ ਹੀ ਭਰੀਆਂ ਗਈਆਂ ਹਨ। ਇਸੇ ਤਰ੍ਹਾਂ ਪੀਥਜੀਥ ਡਿਪਲੋਮਾ ਇਨ ਡਾਇਸਪੋਰਾ ਸਟੱਡੀਜ਼ ਵਿਚ ਸਿਰਫ ਦੋ ਵਿਦਿਆਰਥੀਆਂ ਨੇ ਹੀ ਦਾਖਲਾ ਲਿਆ ਹੈ।

ਮਾਸਟਰ ਆਫ ਸੋਸ਼ਲ ਵਰਕ 'ਐਮਥਐਸ਼ਡਬਲਿਊ' ਵਿਚ ਪਿਛਲੇ ਸਾਲ 32 ਦੇ ਮੁਕਾਬਲੇ ਐਤਕੀਂ 29 ਸੀਟਾਂ ਹੀ ਭਰੀਆਂ ਜਾ ਸਕੀਆਂ ਹਨ। ਐਮਥਏਥ ਮਿਊਜ਼ਿਕ 'ਇੰਸਟਰੂਮੈਂਟਲ' ਵਿਚ ਪਿਛਲੇ ਸਾਲ 11 ਦੇ ਮੁਕਾਬਲੇ ਅੱਠ ਵਿਦਿਆਰਥੀ ਹੀ ਦਾਖਲ ਹੋਏ ਹਨ, ਜਦੋਂਕਿ ਐਮਥਏਥ ਹਿੰਦੀ ਵਿਚ ਪਿਛਲੇ 30 ਵਿਦਿਆਰਥੀਆਂ ਦੇ ਮੁਕਾਬਲੇ ਐਤਕੀਂ ਹੁਣ ਤੱਕ 20 ਦਾਖਲੇ ਹੋਏ ਹਨ। ਇਸੇ ਤਰ੍ਹਾਂ ਐਮਥਐਸ਼ਸੀਥ ਐਸਟ੍ਰੋਮਨੀ ਐਂਡ ਸਪੇਸ ਫਿਜ਼ਿਕਸ ਵਿਚ ਪਿਛਲੇ ਸਾਲ ਨਾਲੋਂ ਅੱਧੇ ਹੀ ਉਮੀਦਵਾਰ ਦਾਖਲ ਹੋ ਸਕੇ ਹਨ।

ਇੰਜੀਨੀਅਰਿੰਗ ਖੇਤਰ ਵੱਲ ਐਤਕੀਂ ਵੀ ਰੁਝਾਨ ਮੱਠਾ ਹੀ ਰਿਹਾ ਹੈ। ਇਸ ਖੇਤਰ ਦੀ ਜਾਣਕਾਰੀ ਮੁਤਾਬਕ ਐਮਥਟੈਕਥ 'ਰੈਗੂਲਰ' ਇਲੈਕਟ੍ਰਾਨਿਕਸ ਐਂਡ ਕਮਿਊਨੀਕੇਸ਼ਨਜ਼ ਇੰਜੀਨੀਅਰਿੰਗ ਵਿਚ ਪਿਛਲੇ ਸਾਲ 17 ਦੇ ਮੁਕਾਬਲੇ ਦੇ ਐਤਕੀਂ ਸਿਰਫ 3 ਸੀਟਾਂ ਹੀ ਭਰੀਆਂ ਜਾ ਸਕੀਆਂ ਹਨ, ਜਦੋਂਕਿ ਐਮਥਟੈਕਥ 'ਰੈਗੂਲਰ' ਮਕੈਨੀਕਲ ਇੰਜੀਨੀਅਰਿੰਗ ਵਿਚ ਪਿਛਲੇ ਸਾਲ 13 ਦੇ ਮੁਕਾਬਲੇ ਐਤਕੀਂ ਅੱਠ ਸੀਟਾਂ ਹੀ ਭਰੀਆਂ ਜਾ ਸਕੀਆਂ ਹਨ।

ਉਂਜ ਐਮਥਬੀਥਏਥ ਪ੍ਰਤੀ ਯੂਨੀਵਰਸਿਟੀ ਕੈਂਪਸ ਵਿਚ ਹਾਂ ਪੱਖੀ ਰੁਝਾਨ ਦੇਖਣ ਨੂੰ ਮਿਲਿਆ। ਇਸ ਕੋਰਸ ਦੀਆਂ ਸਮੁੱਚੀਆਂ 220 ਸੀਟਾਂ ਦੇ ਮੁਕਾਬਲੇ ਵਧਾ ਕੇ 235 ਭਰੀਆਂ ਗਈਆਂ ਹਨ। ਐਮ ਬੀ ਏ ਦੇ ਰੁਝਾਨ ਵੱਲ ਵਿਦੇਸ਼ੀ ਵਿਦਿਆਰਥੀ ਵੀ ਉਲਾਰ ਰਹੇ ਹਨ। ਉਂਜ, ਰਿਜਨਲ ਸੈਂਟਰਾਂ ਵਿਚ ਇਹ ਕੋਰਸ ਬੁਰੀ ਤਰ੍ਹਾਂ ਮਾਤ ਖਾ ਗਿਆ, ਤਲਵੰਡੀ ਸਾਬੋ ਤੇ ਮੁਹਾਲੀ ਸੈਂਟਰ ਦਾਖਲਿਆਂ ਮੁਤੱਲਕ ਬੁਰੀ ਤਰ੍ਹਾਂ ਪਛੜ ਚੁੱਕੇ ਹਨ। ਯੂਨੀਵਰਸਿਟੀ ਕੈਂਪਸ ਵਿਚ ਕੁੱਲ 112 ਕੋਰਸਾਂ ਵਿਚੋਂ ਦਰਜਨ ਦੇ ਕਰੀਬ ਅਜਿਹੇ ਕੋਰਸ ਦੱਸੇ ਜਾਂਦੇ ਹਨ, ਜਿਥੇ ਦਾਖਲਿਆਂ ਦੇ ਆਖਰੀ ਦੌਰ ਤੱਕ ਸੀਟਾਂ ਖਾਲੀ ਰਹਿ ਗਈਆਂ ਹਨ। ਡੇਢ ਦਰਜਨ ਅਹਿਮ ਕੋਰਸ ਹੀ ਹੋਣਗੇ, ਜਿਥੇ ਪਿਛਲੇ ਸਾਲ ਨਾਲੋਂ ਕੁਝ ਕੁ ਸੰਖਿਆ ਵਿਚ ਵੱਧ ਦਾਖਲੇ ਹੋਏ ਹਨ। ਉਂਜ, ਅੱਧੀ ਦਰਜਨ ਕੋਰਸ ਅਜਿਹੇ ਵੀ ਰਹੇ ਹਨ, ਜਿਥੇ ਹੁੰਗਾਰਾ ਸੰਤੁਸ਼ਟੀਜਨਕ ਰਿਹਾ ਹੈ।



## ਪੰਜਾਬੀਆਂ ਦੇ ਵਿਦੇਸ਼ਾਂ ਵੱਲ ਨੂੰ ਰੁਖ...


ਰੋਜ਼ਾਨਾ ਹੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਵੀਡੀਓ ਅਤੇ ਫੋਟੋਆਂ ਨੇ ਨੌਜਵਾਨਾਂ ਦੇ ਵਿੱਚ ਇੱਕ ਵੱਖਰਾ ਹੀ ਜੋਸ਼ ਭਰ ਕੇ ਰੱਖ ਦਿੱਤਾ ਹੈ। ਵਿਦੇਸ਼ ਭੇਜਣ ਵਾਲੇ ਏਜੰਟਾਂ ਦੇ ਵੱਲੋਂ ਫੇਸਬੁੱਕ, ਵਟਸਐੱਪ ਤੋਂ ਇਲਾਵਾ ਇੰਸਟਾਗ੍ਰਾਮ ਆਦਿ 'ਤੇ ਏਜੰਟ ਕਾਫੀ ਜ਼ਿਆਦਾ ਸਰਗਰਮ ਹਨ ਅਤੇ ਉਨ੍ਹਾਂ ਦੇ ਵੱਲੋਂ ਧੜਾਧੜ ਵੀਜ਼ੇ ਦੀਆਂ ਫਾਈਲਾਂ ਲਗਾਉਣ ਦੇ ਸਬੰਧ ਵਿੱਚ ਚੋਖੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ, ਜਿਸ ਨੂੰ ਵੇਖ ਕੇ ਨੌਜਵਾਨਾਂ ਦੇ ਅੰਦਰ ਇਹ ਜਜਬਾ ਪੈਦਾ ਹੋ ਰਿਹਾ ਹੈ ਕਿ ਉਹ ਵਿਦੇਸ਼ ਵਿੱਚ ਹੀ ਰਹਿ ਕੇ ਆਪਣਾ ਕਾਰੋਬਾਰ ਜਾਂ ਫਿਰ ਕੋਈ ਛੋਟੀ ਮੋਟੀ ਨੌਕਰੀ ਕਰ ਲੈਣਗੇ, ਇਸ ਦੇ ਨਾਲ ਘਰ ਵੀ ਵਧੀਆ ਚੱਲ ਜਾਊ, ਨਾਲੇ ਵਿਆਹ ਵੀ ਛੇਤੀ ਹੋ ਜਾਊ। ਮੁੰਡਿਆਂ ਅਤੇ ਕੁੜੀਆਂ ਦੇ ਮਨਾਂ ਵਿੱਚ ਇੱਕੋ ਹੀ ਵਿਚਾਰ ਚਲਦਾ ਰਹਿੰਦਾ ਹੈ ਕਿ "ਆਈਲੈਟਸ" ਕਰਕੇ ਵਿਦੇਸ਼ ਕੈਨੇਡਾ, ਅਮਰੀਕਾ, ਇੰਗਲੈਂਡ ਜਾਂ ਫਿਰ ਆਸਟ੍ਰੇਲੀਆ ਜਾਣਾ ਹੈ। ਕਦੇ ਵੀ ਕਿਸੇ ਮੁੰਡੇ ਕੁੜੀ ਦੇ ਮੂੰਹ ਵਿੱਚੋਂ ਇਹ ਸੁਣਨ ਨੂੰ ਨਹੀਂ ਮਿਲਿਆ ਕਿ ਉਹ ਆਪਣੇ ਦੇਸ਼ ਦੇ ਵਿੱਚ ਹੀ ਰਹਿ ਕੇ ਕੰਮ ਕਰਨ ਨੂੰ ਰਾਜੀ ਹਨ। ਵੇਖਿਆ ਜਾਵੇ ਤਾਂ ਕੁਝ ਕੁ ਨੌਜਵਾਨ ਮੁੰਡੇ ਕੁੜੀਆਂ ਅਜਿਹੇ ਵੀ ਹਨ, ਜਿਨ੍ਹਾਂ ਦੇ ਕੋਲ ਪੈਸਾ ਧੇਲਾ ਨਹੀਂ ਹੁੰਦਾ ਅਤੇ ਉਹ ਆਪਣੇ ਦੇਸ਼ ਦੇ ਅੰਦਰ ਰਹਿ ਕੇ ਹੀ ਛੋਟੇ ਬਿਜਨੈਸ ਤੋਂ ਇੱਕ ਵੱਡਾ ਬਿਜਨੈਸ ਸ਼ੁਰੂ ਕਰ ਲੈਂਦੇ ਹਨ। ਸੋ ਖ਼ੈਰ.!! ਜਵਾਨੀ ਨੂੰ ਕੋਈ ਨਹੀਂ ਰੋਕ ਸਕਦਾ। 15 ਸਾਲ ਤੋਂ 35 ਸਾਲ ਦੇ ਵਿੱਚਕਾਰ ਇਹ ਉਹ ਉਮਰ ਹੁੰਦੀ ਹੈ, ਜਿਸ ਦੇ ਮਨ ਵਿੱਚ ਹਮੇਸ਼ਾ ਹੀ ਅੱਗ ਇਹ ਹੀ ਬਲਦੀ ਰਹਿੰਦੀ ਹੈ ਕਿ ਕਦੋਂ ਉਹ ਜਹਾਜ਼ ਦੀ ਬਾਰੀ ਨੂੰ ਹੱਥ ਪਾਉਣ। ਭਾਵੇਂ ਹੀ ਜਹਾਜ਼ ਦੀ ਬਾਰੀ ਨੂੰ ਹੱਥ ਪਾਉਣ ਤੋਂ ਬਾਅਦ ਉਨ੍ਹਾਂ ਦੇ ਨਾਲ ਠੱਗੀ ਹੀ ਕਿਉਂ ਨਾ ਵੱਜ ਜਾਵੇ। ਪਰ ਇੱਕ ਵਾਰ ਜ਼ਰੂਰ ਹਰ ਕਿਸੇ ਦੇ ਮਨ ਦੀ ਤਮੰਨਾ ਹੁੰਦੀ ਹੈ ਕਿ ਉਹ ਵਿਦੇਸ਼ ਜਾ ਕੇ ਸੈਟਲ ਹੋਵੇ। ਸਾਡੇ ਦੇਸ਼ ਦੇ ਅੰਦਰ ਵੀ ਬਹੁਤ ਸਾਰੇ ਅਜਿਹੇ ਕਾਰੋਬਾਰ ਹਨ, ਜਿਨ੍ਹਾਂ ਨੇ ਭਾਰਤੀਆਂ ਨੂੰ ਅਮੀਰ ਬਣਾਇਆ ਹੈ। ਪਰ ਸਾਡੀ ਨੌਜਵਾਨ ਪੀੜ੍ਹੀ ਪਤਾ ਨਹੀਂ ਇਸ ਨੂੰ ਕਿਉਂ ਨਹੀਂ ਸਮਝ ਰਹੀ। ਅੱਜ ਦੇ ਦੌਰ ਵਿੱਚ ਸਾਡੇ ਦੇਸ਼ ਦੇ ਅੰਦਰ ਹੀ 'ਐਮ.ਏ., ਬੀ.ਏ. ਤੋਂ ਇਲਾਵਾ ਇੰਜੀਨੀਅਰ ਨੌਕਰੀ ਨਾ ਮਿਲਣ ਦੇ ਕਾਰਨ ਧੱਕੇ ਖਾ ਰਹੇ ਹਨ ਅਤੇ 5 ਤੋਂ 7 ਹਜ਼ਾਰ ਵਾਲੀ ਨੌਕਰੀ ਦੀ ਤਲਾਸ਼ ਵਿੱਚ ਹਨ। ਜੇਕਰ ਸਰਕਾਰ ਸਾਡੇ ਦੇਸ਼ ਦੇ ਅੰਦਰ ਹੀ ਵਧੀਆ ਰੁਜ਼ਗਾਰ ਦੇ ਮੌਕੇ ਪੈਦਾ ਕਦੇ ਤਾਂ ਸਾਡੇ ਨੌਜਵਾਨ ਕਦੇ ਵੀ ਵਿਦੇਸ਼ਾਂ ਵੱਲ ਮੂੰਹ ਨਾ ਕਰਨ। ਵੇਖਿਆ ਜਾਵੇ ਤਾਂ ਕੁਝ ਕੁ ਮਾਪਿਆਂ ਦੇ ਵੱਲੋਂ ਵੀ ਆਪਣੇ ਬੱਚਿਆਂ ਨੂੰ ਪਾਠ ਹਮੇਸ਼ਾ ਹੀ ਇੱਕੋ ਪੜ੍ਹਾਇਆ ਜਾਂਦਾ ਹੈ ਕਿ ਆਪਣੇ ਦੇਸ਼ ਵਿੱਚ ਕੁਝ ਨਹੀਂ, ਵਿਦੇਸ਼ ਨੂੰ ਭੱਜੋ।

**ਰਮਿੰਦਰ ਕੌਰ ਮੁਲਤਾਨੀ...**

# ਸ਼ਹੀਦ ਭਗਤ ਸਿੰਘ ਨੂੰ ਚਿੱਠੀ

ਅੱਗੇ ਮਿਲੇ ਮੇਰੇ ਸਤਿਕਾਰਯੋਗ ਵੀਰ "ਸ਼ਹੀਦ ਸਰਦਾਰ ਭਗਤ ਸਿੰਘ ਜੀ" ਨੂੰ , ਸਤਿ ਸ੍ਰੀ ਅਕਾਲ ਵੀਰ ਜੀ। ਅਸੀਂ ਇਥੇ ਬਿਲਕੁਲ ਵੀ ਰਾਜੀ ਖੁਸ਼ੀ ਨਹੀਂ ਹਾਂ , ਪਰ ਆਪ ਜੀ ਜੀ ਆਤਮਾ ਦੀ ਸ਼ਾਂਤੀ ਲਈ ਪ ?ਮਾਤਮਾ ਕੋਲੋਂ ਭਲੀ ਮੰਗਦੀ ਹਾਂ।. . . ਅੱਗੇ ਸਮਾਚਾਰ ਇਹ ਹੈ ਕਿ ਜਿਸ ਪੰਜਾਬ ਨੂੰ ਬਚਾਉਣ ਖਾਤਿਰ ਤੁਸੀਂ ਕੁਰਬਾਨੀ ਦਿੱਤੀ ਸੀ ਉਹ ਸੋਨੇ ਦੀ ਚਿੜੀ ਪੰਜਾਬ ਬਰਬਾਦ ਹੋ ਰਿਹਾ ਹੈ ।ਇਥੇ ਦੇ ਨੌਜਵਾਨ ਧੀਆਂ -ਪੁੱਤਰ ਭਟਕ ਗਏ ਨੇ , ਤੁਹਾਡਾ ਦੱਸਿਆ ਹੋਇਆ ਰਾਹ ਅੱਜ ਕਿਸੇ ਨੂੰ ਵੀ ਯਾਦ ਨਹੀਂ ਰਿਹਾ।

ਆਪੋ ਧਾਪ ਪੈ ਗਈ ਏ, ਪਹਿਲਾਂ ਹੀ ਬਹੁਤ ਬੀਮਾਰੀਆਂ ਲੱਗੀਆਂ ਸੀ ਪੰਜਾਬੀਆਂ ਨੂੰ , ਹੁਣ ਇਹ ਰਹਿੰਦੀ ਖੂੰਹਦੀ ਆਈਲਿਟਸ ਨਾਮ ਦੀ ਬੀਮਾਰੀ ਦਾ ਕੀੜਾ ਸਾਡੇ ਪੰਜਾਬੀ ਨੌਜਵਾਨ ਗਭਰੂਆਂ ਤੇ ਮੁਟਿਆਰ ਨੂੰ ਲੈ ਕੇ ਬਹਿ ਗਿਆ. . .ਕਰਜੇ ਥੱਲੇ ਆ ਜਾਂਦੇ ਨੇ ਪਰ ਫਿਰ ਵੀ ਅੱਡੀਆਂ ਚੁੱਕ -ਚੁੱਕ ਕੇ ਫਾਹੇ ਲੈਂਦੇ ਨੇ ਮਾਪੇ ਕਿ ਸਾਡੇ ਬੱਚੇ ਬਾਹਰ ਚਲੇ ਜਾਣ. . ਬੱਚੇ ਉਧਰ ਜਾ ਕੇ ਭਾਵੇਂ ਧੱਕੇ ਹੀ ਖਾਣ ।ਬੱਚੇ ਵੀ ਦੇਖੋ ਦੇਖੀ ਮਾਪਿਆਂ ਦੇ ਗਲ ਵਿੱਚ ਗੂਠਾ ਦਿੰਦੇ ਆ ਕਿ ਜਿਦਾ ਮਰਜੀ ਕਰੋ ਸਾਨੂੰ ਬਾਹਰ ਭੇਜ ਦਿਓ। ਚਲੋ ਖੈਰ. . . ਗੱਲ ਤਾਂ ਇਹ ਕਹਿਣਾ ਚਾਹੁੰਦੀ ਹਾਂ ਕਿ ਤੁਸੀਂ ਸਾਨੂੰ ਗੋਰਿਆਂ ਦੀ ਗੁਲਾਮੀ ਤੋਂ ਬਾਹਰ ਕੱਢਣ ਲਈ ਫਾਂਸੀ ਦਾ ਰੱਸਾ ਚੁੰਮਿਆ ਤੇ ਆਪਣੀ ਕੀਮਤੀ ਜਾਨ ਲੇਖੇ ਵਿੱਚ ਲਾ ਦਿੱਤੀ ਸੀ . . ਪਰ ਤੇਰੇ ਪੰਜਾਬੀ ਆਪ ਹੀ ਤੁਰ ਪਏ ਨੇ ਉਹਨਾਂ ਗੋਰਿਆਂ ਦੀ ਗੁਲਾਮੀ ਕਰਨ, ਬਹੁਤ ਹੀ ਖੁਦਗਰਜ਼ੀ ਆ ਸਾਡੇ ਅੰਦਰ ਵੀਰੇ ।ਤੁਸੀਂ ਸਾਰੇ ਪੰਜਾਬ ਨੂੰ ਬਚਾਉਣ ਲਈ ਜਾਨ ਵਾਰੀ ਸੀ , ਇਥੇ ਕੋਈ ਸਕਾ ਸੰਬੰਧੀ ਵੀ ਨਹੀਂ ਪੁੱਛਦਾ ਹੁਣ ।ਬਹੁਤ ਬਦਲ ਗਿਆ ਤੇਰਾ ਪੰਜਾਬ ਵੀਰੇ ਬਹੁਤ ਬਦਲ ਗਿਆ ।



ਵੀਰੇ ਇੱਕ ਗੱਲ ਹੋਰ ਦੱਸਣੀ ਸੀ , ਮੈਨੂੰ ਦੱਸਣ ਲੱਗੀ ਨੂੰ ਸ਼ਰਮ ਵੀ ਬਹੁਤ ਆਉਂਦੀ ਆ ਤੇ ਕਰਨ ਵਾਲਿਆਂ ਨੇ ਕਸਰ ਨਹੀਂ ਛੱਡੀ ।ਵੀਰੇ ਉਹ. . ਆ ਜੋ ਸ਼ਰਮਨਾਕ ਕੰਮ ਬਲਾਤਕਾਰੀ ਦਾ ਚੱਲ ਪਿਆ ਹੈ ਨਾ ਇਥੇ ਸਕਾ ਪਿਉ /ਵੀਰ ਹੀ ਨਹੀਂ ਬਖਸ਼ ਰਿਹਾ ਆਪਣੀ ਘਰ ਦੀਆਂ ਧੀਆਂ ਧਿਆਣੀਆਂ ਨੂੰ , ਲੋਕਾਂ ਨੂੰ ਹਲਕ ਹੀ ਪੈ ਗਿਆ ਆ।. . . ਪਰ ਕੋਈ ਨਹੀਂ ਵੀਰੇ ਤੂੰ ਕੋਈ ਵੀ ਫਿਕਰ ਨਹੀਂ ਕਰਨਾ ਧਰਨੇ ਲਾਉਂਦੇ ਨੇ ਬਹੁਤ ਲੋਕ ਇਸ ਵਿਰੁੱਧ. . ਪਰ ਕੋਈ ਕਾਰਵਾਈ ਨਹੀਂ ਹੁੰਦੀ । ਚਲ ਛੱਡ ਵੀਰੇ ਤੁਸੀਂ ਕਹਿਣਾ ਜੇ ਕਿਸੇ ਨੇ ਚਿੱਠੀ ਲਿਖ ਹੀ ਦਿੱਤੀ ਤੇ ਕੀ ਸੁਣਾਉਣ ਲੱਗ ਪਈ, ਵੀਰੇ ਕੋਈ ਫਿਕਰ ਨਹੀਂ ਕਰਨਾ ਤੁਸੀਂ ਅੱਜ ਕੱਲ ਤੇ ਰੱਬ ਵੀ ਇਨਸਾਨਾਂ ਵਰਗਾ ਹੀ ਹੋ ਗਿਆ ਏ, ਜੋ ਜਿਹੋ ਜਿਹਾ ਕਰੀ ਜਾਂਦਾ ਉਹੋ ਜਿਹਾ ਪਾਈ ਜਾਂਦਾ।ਕਲਯੁੱਗ ਦਾ ਬਹੁਤ ਬੋਲਬਾਲਾ ਆ ਹੁਣ ਤੇ "ਬਾਬਾ ਨਾਨਕ" ਵੀ ਨਹੀਂ ਆ ਕੇ ਸੁਧਾਰ ਸਕਦਾ ਇਹਨਾਂ ਪੰਜਾਬੀਆਂ ਨੂੰ । ਹੋਰ ਤੁਸੀਂ ਸੁਣਾਓ ਕਿਵੇਂ ਹੋ ? ਕਰਤਾਰ ਵੀਰ ਜੀ ਤੇ ਰਾਜਗੁਰੂ ਵੀਰ ਜੀ ਹੋਰਾਂ ਦੀ ਕੀ ਹਾਲ ਚਾਲ ਆ ?

ਲੈ ਵੀਰੇ ਇੱਕ ਖਾਸ ਗੱਲ ਦੱਸਣੀ ਤਾਂ ਭੁੱਲ ਹੀ ਚਲੀ ਸੀ, ਵੀਰੇ ਆ ਜਿਹੜਾ ਛੇਵਾਂ ਦਰਿਆ ਚਲ ਰਿਹਾ ਏ ਨਾ, ਨਸ਼ਿਆਂ ਦਾ . . . ਇਹਨੇ ਤਾਂ ਤਕਰੀਬਨ ਤਕਰੀਬਨ ਹਰ ਘਰ ਵਿੱਚ ਆਪਣਾ ਵਾਸ ਕਰ ਲਿਆ ਏ । ਮਾਪੇ ਬਹੁਤ ਦੁੱਖੀ ਨੇ ਕੋਈ ਨਹੀਂ ਸੁਣਦਾ ਉਹਨਾਂ ਦੀ ਪੁਕਾਰ ਨੂੰ , ਜਵਾਨ ਧੀਆਂ -ਪੁੱਤ ਇਸ ਦਰਿਆ ਵਿੱਚ ਚੁਬੀਆ ਮਾਰ ਮਾਰ ਕੇ ਮਰਦੇ ਜਾ ਰਹੇ ਆ ।ਮਾਪੇ ਵਿਲਕਦੇ ਨੇ ਆਪਣੇ ਹੱਥੀਂ ਅਗਨ ਭੇਟ ਕਰਦੇ ਨੇ, ਧਾਹਾਂ ਮਾਰਦੇ ਨੇ, ਸੀਨਾ ਚੀਰ ਹੁੰਦਾ ਏ ਦੇਖ ਕੇ . . . ਪਰ ਕੀ ਕਰ ਸਕਦੇ ਆ, ਕੁੱਝ ਵੀ ਤੇ ਨਹੀਂ ।ਜਿਹੜਾ ਆਪਣੇ ਆਪ ਨੂੰ ਦਲਦਲ ਵੱਲ ਤੋਰ ਲਵੇ ਉਹਨੂੰ ਬਚਾਵੇ ਕੌਣ ? ਇਥੇ ਬਚਾਉਣ ਵਾਲੇ ਨੂੰ ਵੀ ਨਾਲ ਈ ਲੈ ਤੁਰਦੇ ਨੇ ।ਪਤਾ ਨਹੀਂ ਕਿੰਨੇ ਕੁ ਘਰ ਬਰਬਾਦ ਹੋ ਗਏ ਨੇ ਤੇ ਕਿੰਨੇ ਕੁ ਅਜੇ ਹੋਰ ਹੋਣੇ ਨੇ। ਪਰ ਵੀਰੇ ਜੇ ਸਰਕਾਰ ਚਾਹਵੇ ਤੇ ਕੁੱਝ ਵੀ ਹੋ ਸਕਦਾ ਏ, ਬੰਨ ਪੈ ਸਕਦਾ ਏ ਇਸ ਦਰਿਆ ਨੂੰ ਤਾਂ ਕਿ ਆਉਣ ਵਾਲੀ ਪੀੜੀ ਇਸ ਦਰਿਆ ਵਿੱਚ ਵਹਿਣ ਤੋਂ ਬਚ ਜਾਵੇ।

ਚਲੋ ਛੱਡੋ ਵੀਰ ਜੀ , ਮੈਂ ਝੱਲ ਮਾਰਦੀ ਤੁਹਾਨੂੰ ਕਿਹੜਾ ਨਹੀਂ ਪਤਾ ।ਸੱਭ ਕੁੱਝ ਤੇ ਦੇਖ ਰਹੇ ਹੋ ਤੁਸੀਂ ਵੀ ਉੱਤੇ ਬੈਠ ਕੇ ।ਤੁਸੀਂ ਵੀ ਤੇ ਮੈਨੂੰ ਦਸਿਆ ਸੀ ਕਿ "ਮੈਨੂੰ ਬਹੁਤ ਦੁੱਖ ਆਉਂਦਾ ਏ ਕਿ ਜਦੋਂ ਲੋਕ ਸਿਰਫ ਤੁਹਾਡੇ ਜਨਮ ਦਿਨ ਤੇ ਸ਼ਹੀਦੀ ਦਿਨ ਤੇ ਤੁਹਾਡੀ ਤਸਵੀਰ ਲਗਾ ਕੇ ਲੋਕ ਦਿਖਾਵਾ ਕਰਦੇ ਨੇ ।ਉਂਝ ਆਖਦੇ ਨੇ ਮੈਂ ਭਗਤ ਸਿੰਘ ਦਾ ਫੈਨ ਆ ਸਿਰਫ ਉਸ ਨੂੰ ਫੋਲਓ ਕਰਦਾ , ਪਰ ਕੰਮ ਕੋਈ ਵੀ ਨਹੀਂ ਤੁਹਾਡੇ ਵਰਗਾ। " . . . ਵੀਰੇ ਇੱਕ ਗੱਲ ਪੁਛਣੀ ਸੀ ? ਵੈਸੇ ਤੇ ਮੈਨੂੰ ਤੁਹਾਡਾ ਜਵਾਬ ਪਤਾ ਈ ਆ ਪਰ ਫਿਰ ਵੀ . . . ਪੁੱਛਣੀ ਚਾਹੁੰਦੀ ਆ, . . . ਵੀਰੇ . . . ਤੁਸੀਂ ਮੁੜ ਕੇ ਵਾਪਿਸ ਨਹੀਂ ਆ ਸਕਦੇ ? ? ਵੀਰੇ ਆਜਾ ਤਾਂ ਇੱਕ ਵਾਰ ਫਿਰ ਤੋਂ ।ਬਚਾ ਲੈ ਆਪਣੇ ਸੋਹਣੇ ਪੰਜਾਬ ਨੂੰ ਆ ਕੇ ਵੀਰੇ, ਮਿੰਨਤ ਏ ਬਚਾ ਲੈ ਆ ਕੇ । ਤੇਰੀ ਅੱਗੇ ਹਾੜੇ ਕੱਢਦੀ ਆ! ! ਹੱਥ ਜੋੜ ਕੇ ਮੁਆਫੀ ਮੰਗਦੀ ਆ, ਵੀਰੇ ਬਹੁਤ ਦੁੱਖੀ ਤੇ ਪਰੇਸ਼ਾਨ ਸੀ, ਹੋ ਸਕੇ ਤੇ ਆਪਣੀ ਇਸ ਭੈਣ ਨੂੰ ਮੁਆਫ ਕਰ ਦੇਵੀਂ ਐਵੇ ਜਜਬਾਤੀ ਹੋ ਕੇ ਇਹ ਚਿੱਠੀ ਲਿਖ ਬੈਠੀ ।ਚਲ ਚੰਗਾ ਵੀਰੇ ਸਤਿ ਸ੍ਰੀ ਅਕਾਲ. . ਧਿਆਨ ਰੱਖੀ ਆਪਣਾ ।

**ਲਿਖਤ- ਸਰਬਜੀਤ ਕੌਰ ਹਾਜੀਪੁਰ ਜਲੰਧਰ ।**

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

# ਪੰਜਾਬ ਦੇ ਨੌਜਵਾਨ ਨਸ਼ੇ ਦੇ ਕਾਰਨ ਕਿਉਂ ਮਰ ਰਹੇ ਹਨ ?

ਨਸ਼ੇ ਦਾ ਸੇਵਨ ਕਰਕੇ ਨੌਜਵਾਨ ਜਹਾਨੋਂ ਤੁਰ ਰਹੇ ਹਨ, ਪਰ ਸਰਕਾਰ ਦਾਅਵੇ ਕਰਦੀ ਨਜ਼ਰੀ ਆ ਰਹੀ ਹੈ ਕਿ ਨਸ਼ਾ ਉਨ੍ਹਾਂ ਦੇ ਵੱਲੋਂ ਬੰਦ ਕਰਵਾਇਆ ਜਾ ਰਿਹਾ ਹੈ ਅਤੇ ਪੁਲਿਸ ਦਾਅਵੇ ਕਰਦੀ ਨਜ਼ਰੀ ਆ ਰਹੀ ਹੈ ਕਿ ਉਨ੍ਹਾਂ ਦੇ ਵੱਲੋਂ ਨਸ਼ਾ ਤਸਕਰਾਂ ਨੂੰ ਫੜਿਆ ਜਾ ਰਿਹਾ ਹੈ। ਜੇਕਰ ਸਚਮੁੱਚ ਹੀ ਪੁਲਿਸ ਅਤੇ ਸਰਕਾਰ ਆਪਣਾ ਕੰਮ ਸਹੀ ਤਰੀਕੇ ਦੇ ਨਾਲ ਕਰ ਰਹੀ ਹੈ ਤਾਂ ਪੰਜਾਬ ਦੇ ਨੌਜਵਾਨ ਨਸ਼ੇ ਦੇ ਕਾਰਨ ਕਿਉਂ ਮਰ ਰਹੇ ਹਨ, ਇਹ ਇੱਕ ਸਭ ਤੋਂ ਵੱਡਾ ਸਵਾਲ ਹੈ। ਵੇਖਿਆ ਜਾਵੇ ਤਾਂ ਸਰਕਾਰ ਅਤੇ ਪੁਲਿਸ ਦੇ ਦਾਅਵੇ ਬਿਲਕੁਲ ਹੀ ਫੋਕੇ ਅਤੇ ਝੂਠੇ ਸਾਬਤ ਹੋ ਰਹੇ ਹਨ, ਕਿਉਂਕਿ ਪੁਲਿਸ ਅਤੇ ਸਰਕਾਰ ਆਪਣਾ ਕੰਮ ਸਹੀ ਤਰੀਕੇ ਦੇ ਨਾਲ ਨਹੀਂ ਕਰ ਰਹੀ।



ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ

ਦੱਸ ਦਈਏ ਕਿ ਜਿਹੜੀ ਸਿਆਸੀ ਧਿਰ ਨੂੰ ਸਾਡੀ ਜਨਤਾ ਨੇ ਵੋਟਾਂ ਪਾ ਕੇ ਸੱਤਾ ਵਿੱਚ ਲਿਆਂਦਾ ਹੈ, ਉਹ ਧਿਰ ਹੀ ਜਨਤਾ ਤੋਂ ਮੁੱਖ ਫੇਰੀ ਬੈਠੀ ਹੈ। ਅੱਜ ਪੰਜਾਬ ਦਾ ਕੋਈ ਅਜਿਹਾ ਪਿੰਡ ਜਾਂ ਫਿਰ ਸ਼ਹਿਰ ਨਹੀਂ ਹੋਣਾ, ਜਿੱਥੋਂ ਦਾ ਕੋਈ ਮੁੰਡਾ ਜਾਂ ਫਿਰ ਕੁੜੀ ਨਸ਼ੇ ਦੇ ਵਿੱਚ ਲਿਪਤ ਨਾ ਹੋਵੇ। ਹਰ ਪਿੰਡ ਅਤੇ ਸ਼ਹਿਰ ਦੇ ਅੰਦਰ ਰੋਜ਼ਾਨਾ ਹੀ ਮੁੰਡੇ ਕੁੜੀਆਂ ਨਸ਼ੇ ਦੇ ਕਾਰਨ ਮਰ ਰਹੀਆਂ ਹਨ, ਪਰ ਸਰਕਾਰ ਆਖ ਰਹੀ ਹੈ "ਸਭ ਅੱਛਾ ਹੋ ਰਹਾ ਹੈ"। ਕੀ ਅੱਛਾ ਹੋ ਰਿਹਾ ਹੈ, ਇਸ ਦੇ ਬਾਰੇ ਵਿੱਚ ਕੋਈ ਵੀ ਲੀਡਰ ਜਾਂ ਫਿਰ ਪ੍ਰਸ਼ਾਸਨਿਕ ਅਧਿਕਾਰੀ ਦੱਸਣ ਨੂੰ ਤਿਆਰ ਨਹੀਂ ਹੈ। ਵੇਖਿਆ ਜਾਵੇ ਤਾਂ ਜਦੋਂ ਵੀ ਪੰਜਾਬ ਦੇ ਅੰਦਰ ਨਸ਼ਿਆਂ ਦੀ ਗੱਲ ਚਲਦੀ ਹੈ ਤਾਂ ਲੀਡਰ ਇੱਕ ਦਮ ਵਾਰ ਕਰਨ ਦੇ ਲਈ ਖੜੇ ਹੋ ਜਾਂਦੇ ਹਨ। ਪਰ ਹਕੀਕਤ ਦੇ ਵਿੱਚ ਕੋਈ ਕੁਝ ਵੀ ਕਰਨ ਨੂੰ ਤਿਆਰ ਨਹੀਂ ਹੈ। ਬੁੱਧੀਜੀਵੀ ਵਰਗ ਦੀ ਨਿਗਾਹ ਤੋਂ ਨਸ਼ੇ ਦੇ ਮਾਮਲੇ ਨੂੰ ਵੇਖੀਏ ਤਾਂ ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ, ਜਿਸ ਨੂੰ ਕਿ ਲੋਕ ਚੁਣਦੇ ਹਨ, ਉਹ ਹੀ ਲੋਕਾਂ ਦੀਆਂ ਸਮੱਸਿਆਵਾਂ ਦੇ ਵੱਲ ਧਿਆਨ ਨਹੀਂ ਦੇ ਰਹੀ।

ਅੱਜ ਪੰਜਾਬ ਦਾ ਬੱਚਾ ਬੱਚਾ ਨਸ਼ੇ ਦੇ ਨਾਲ ਮਰ ਰਿਹਾ ਹੈ, ਪਰ ਸਰਕਾਰ ਦੀ ਸਿਹਤ 'ਤੇ ਕੋਈ ਅਸਰ ਨਹੀਂ ਪੈ ਰਿਹਾ। ਗਰੀਬ, ਕਿਸਾਨ ਤੇ ਮਜ਼ਦੂਰ ਅੱਜ ਕਰਜ਼ੇ ਤੋਂ ਤੰਗ ਆ ਕੇ ਖੁਦਕੁਸ਼ੀਆਂ ਦੇ ਰਾਹ ਤੁਰੇ ਹੋਏ ਹਨ, ਪਰ ਨੌਜਵਾਨ ਨਸ਼ੇ ਦੇ ਵਿੱਚ ਗ੍ਰਸਤ ਹੋ ਕੇ ਫਾਨੀ ਸੰਸਾਰ ਨੂੰ ਅਲਵਿਦਾ ਆਖ ਰਹੇ ਹਨ।

ਕੁਲ ਮਿਲਾ ਕੇ ਵੇਖਿਆ ਜਾਵੇ ਤਾਂ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਦੀ ਨੀਯਤ ਹੀ ਖੋਟੀ ਹੈ, ਜੇਕਰ ਸਰਕਾਰ ਤੇ ਅਧਿਕਾਰੀ ਦੀ ਨੀਯਤ ਸਾਫ਼ ਹੋਵੇ ਤਾਂ ਕੁਝ ਹੀ ਦਿਨਾਂ ਦੇ ਅੰਦਰ ਪੰਜਾਬ ਦੇ ਵਿੱਚੋਂ ਨਸ਼ਾ ਖ਼ਤਮ ਹੋ ਸਕਦਾ ਹੈ। ਪਰ ਅਜਿਹਾ ਨਹੀਂ ਹੋ ਰਿਹਾ। ਕਿਉਂਕਿ ਲੀਡਰਾਂ ਨੂੰ ਨੌਜਵਾਨਾਂ ਦੇ ਨਾਲੋਂ ਨਸ਼ੇ ਦਾ ਮੁੱਦਾ ਜ਼ਿਆਦਾ ਪਿਆਰਾ ਹੈ। ਜੇਕਰ ਸੂਬੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣਾ ਹੈ ਤਾਂ ਸਭ ਤੋਂ ਪਹਿਲੋਂ, ਸਾਨੂੰ ਸਭ ਨੂੰ ਇਹ ਪ੍ਰਣ ਕਰਨਾ ਪਵੇਗਾ ਕਿ ਅਸੀਂ ਕਿਸੇ ਵੀ ਸਿਆਸੀ ਧਿਰ ਨੂੰ ਵੋਟ ਨਹੀਂ ਪਾਵਾਂਗੇ। ਜੇਕਰ ਵੋਟ ਪਾਵਾਂਗੇ ਤਾਂ ਸਭ ਤੋਂ ਪਹਿਲੋਂ ਆਪਣੇ ਕੰਮ ਕਰਾਵਾਂਗੇ ਅਤੇ ਫਿਰ ਹੀ ਵੋਟ ਪਾਉਣ ਜਾਵਾਂਗੇ। ਦੇਖਣਾ ਹੁਣ ਇਹ ਹੋਵੇਗਾ ਕਿ ਪੰਜਾਬ ਨਸ਼ਾ ਮੁਕਤ ਕਦੋਂ ਹੋਵੇਗਾ ?

# ਸਾਹਿਤ ਦਾ ਸਾਡੀ ਜਿੰਦਗੀ 'ਚ ਹੋਣਾ ਬੇਹੱਦ ਜਰੂਰੀ....

ਸਾਹਿਤ ਸਮਾਜ ਦਾ ਸੀਸ਼ਾ ਹੈ, ਅਸੀਂ ਸਮਾਜ ਵਿਚ ਰਹਿੰਦੇ ਹੋਏ, ਇਸ ਦੇ ਨਾਲ ਦੂਜਿਆਂ ਦੁਆਰਾ ਕੀਤੇ ਜਿੰਦਗੀ ਵਿਚ ਸਮਝੌਤੇ, ਜਿੰਦਗੀ ਦੇ ਚੰਗੇ ਕੰਮਾਂ ਨੂੰ ਆਪਣੀ ਜਿੰਦਗੀ ਦਾ ਆਧਾਰ ਬਣਾ ਲੈਂਦੇ ਹਾਂ। ਪਰ ਉਨ੍ਹਾਂ ਦੁਆਰਾ ਚੁਣੇ ਗਏ ਗਲਤ ਦਿਸ਼ਾਮਾਨ ਕਰਦੇ ਫੈਸਲਿਆਂ ਦੀ ਤੁਲਨਾ ਆਪਣੀ ਜਿੰਦਗੀ ਦੇ ਨਾਲ ਕਰਦੇ ਹੋਏ, ਉਨ੍ਹਾਂ ਤੋਂ ਸਬਕ ਲੈਂਦੇ ਹਾਂ ਤੇ ਜਿੰਦਗੀ ਨੂੰ ਬਰਬਾਦ ਹੋਣ ਤੋਂ ਬਚਾ ਲੈਂਦੇ ਹਾਂ। 'ਸਾਹਿਤ' ਸ਼ਬਦਾਂ ਦਾ ਹੀ ਤਾਣਾ-ਬਾਣਾ ਹੁੰਦਾ ਹੈ। ਜਿਸ ਵਿਚ ਲੇਖਕ ਆਪਣੀ ਕਲਪਨਾ ਸ਼ਕਤੀ ਨੂੰ ਅਜਿਹੇ ਰਚਨਾਤਮਿਕ ਢੰਗ ਨਾਲ ਪੇਸ਼ ਕਰਦਾ ਹੈ ਕਿ ਉਹ ਆਪਣੇ ਖੁਦ ਦੇ ਨਿੱਜੀ ਤਜ਼ੁਰਬੇ ਨੂੰ ਸ਼ਬਦਾਂ ਦੇ ਰਾਹੀਂ ਪ੍ਰਗਟ ਕਰਕੇ ਪਾਠਕਾਂ ਨੂੰ ਆਪਣੇ ਲਿਖੇ ਹੋਏ ਸ਼ਬਦਾਂ ਦੁਆਰਾ ਹੀ ਉਹ ਸਭ ਕੁਝ ਮਹਿਸੂਸ ਕਰਵਾ ਦਿੰਦਾ ਹੈ, ਜਿਸ ਦਾ ਤਜ਼ੁਰਬਾ ਉਸ ਨੇ ਖੁਦ ਕੀਤਾ ਹੁੰਦਾ ਹੈ। ਇਸ ਦੇ ਦੁਆਰਾ ਜਿੰਦਗੀ ਦੀਆਂ ਵੱਡੀਆਂ ਸਚਾਈਆਂ, ਕਠੋਰਤਾਵਾਂ, ਵਿਚਾਰ, ਹਲਾਤਾਂ ਭਾਵਨਾਵਾਂ ਨੂੰ ਪ੍ਰਗਟ ਕਰਦਾ ਹੈ ਤੇ ਉਨ੍ਹਾਂ ਲੋਕਾਂ ਲਈ ਰਸਤਾ ਤਿਆਰ ਕਰਦਾ ਹੈ, ਜਿਹੜੇ ਇਸ ਰਸਤੇ ਨੂੰ ਉਪਰ ਚੱਲਣਾ ਚਾਹੁੰਦੇ ਹਨ ਤੇ ਜਿੰਦਗੀ ਨੂੰ ਨੇੜੇ ਤੋਂ ਤੱਕਣਾ ਚਾਹੁੰਦੇ ਹਨ।



ਪਰਮਜੀਤ ਕੌਰ ਸਿੱਧੂ
98148-90905

ਸਭ ਤੋਂ ਵੱਧ ਜੋ ਗੱਲ ਹੈਰਾਨੀਜਨਕ ਹੈ, ਉਹ ਇਹ ਹੈ ਕਿ ਇਸ ਵਿਚ ਬੋਲ-ਚਾਲ ਵਿਚਾਰਾਂ ਦਾ ਅਦਾਨ ਪ੍ਰਦਾਨ ਸਿਰਫ਼ ਤੇ ਸਿਰਫ਼ ਸ਼ਬਦਾਂ ਦੇ ਦੁਆਰਾ ਹੀ ਹੁੰਦਾ ਹੈ। ਹੁਣ ਇਹ ਲੇਖਕ 'ਤੇ ਨਿਰਭਰ ਕਰਦਾ ਹੈ ਕਿ ਉਸ ਵਿਚ ਸ਼ਬਦਾਂ ਨੂੰ ਚਿਤਰਨ ਦੀ ਕਿੰਨੀ ਕੁ ਮੁਹਾਰਤ ਹੈ ਕਿ ਉਸ ਦੁਆਰਾ ਲਿਖੀ ਕੋਈ ਵੀ ਲਿਖਤ ਪਾਠਕਾਂ ਦੀਆਂ ਅੱਖਾਂ ਅੱਗੋਂ ਕਿਸੇ ਫਿਲਮ ਦੀ ਰੀਲ ਦੀ ਤਰ੍ਹਾਂ ਘੁੰਮ ਜਾਵੇ ਤੇ ਪਾਠਕ ਉਸ ਲੇਖਕ ਦੀ ਲੇਖਣੀ ਦੇ ਨਾਲ ਖੁਸ਼ ਦੀ ਘਟਨਾ ਵੇਲੇ ਖੁਸ਼ ਹੋਵੇ ਅਤੇ ਦੁਖ ਦੀ ਘਟਨਾ ਵੇਲੇ ਅੰਦਰੋਂ ਦੁਖੀ ਮਹਿਸੂਸ ਹੋਵੇ ਤੇ ਦਿਲ ਦੀ ਚੀਸ ਉਸ ਦੇ ਅੰਦਰੋਂ ਅੱਖਾਂ ਦੁਆਰਾ ਹੰਝੂਆਂ ਦੇ ਰੂਪ ਵਿਚ ਵਹਿ ਕੇ ਉਸ ਦੇ ਚਿਹਰੇ ਤੇ ਆ ਜਾਵੇ ਤੇ ਗੱਲ ਉਸ ਦੇ ਅਚੇਤ ਮਨ, ਉਪਰ ਇਸ ਕਦਰ ਹਾਵੀ ਹੋ ਜਾਵੇ ਕਿ, ਹਰ ਸਮੇਂ ਉਹ ਉਹੀ ਗੱਲ ਸੋਚੇ, ਜੋ ਉਸ ਨੇ ਕਿਤਾਬ ਵਿਚ ਪੜ੍ਹੀ ਹੋਵੇ।

ਸਾਡੇ ਬਹੁਤ ਸਾਰੇ ਸਹਿਤਕਾਰ ਹੋਏ, ਉਨ੍ਹਾਂ ਦੇ ਅੰਦਰ ਇਹੋ ਜਿਹੀ ਸ਼ਕਤੀ ਸੀ, ਜੋ ਮਨੁੱਖਤਾ ਨੂੰ ਬਦਲਣ ਦੇ ਕੰਮ ਆ ਸਕਦੀ ਹੈ, ਜਿਵੇਂ ਬਾਬਾ ਫ਼ਰੀਦ ਜੀ ਨੂੰ ਸਾਹਿਤ ਦੇ ਮੋਢੀ ਮੰਨਿਆ ਜਾਂਦਾ ਹੈ। ਕਿਉਂਕਿ ਉਨ੍ਹਾਂ ਦੀ ਰਚਨਾ ਦੇ ਨਾਲ ਹੀ ਸਾਹਿਤ ਆਰੰਭ ਹੋਇਆ। ਪਰ ਪੰਜਾਬੀ ਸਾਹਿਤ ਦੇ ਮੋਢੀ ਭਾਈ ਵੀਰ ਸਿੰਘ ਜੀ ਹਨ। ਸਾਹਿਤ ਨੂੰ ਪੜ੍ਹਨਾ ਬਹੁਤ ਜ਼ਿਆਦਾ ਜਰੂਰੀ ਹੈ, ਕਿਉਂਕਿ ਇਹ ਹਰ ਮਨੁੱਖ ਦੇ ਅੰਦਰ ਪਣਪਦੀ ਹਰ ਸ਼ੈਅ ਨੂੰ ਕਾਬੂ ਵਿਚ ਰੱਖਦਾ ਹੈ। ਇਸ ਦੇ ਨਾਲ ਮਨ ਦੇ ਅੰਦਰ ਅਲੋਚਨਾਤਮਿਕ ਵਿਚਾਰਧਾਰਾ ਵੀ ਪੈਦਾ ਹੁੰਦੀ ਹੈ। ਜਿਹੜੀ ਕਿ ਸਮਾਜ ਵਿਚ ਫੈਲੀਆਂ ਕੁਰੀਤੀਆਂ, ਜਬਰ-ਜੁਲਮ, ਵਖਰੇਵੇਂ, ਉਚ ਨੀਚ, ਜਾਤ ਪਾਤ ਦੇ ਭੈੜੇ ਵਿਕਾਰਾਂ ਨੂੰ ਦਬਾਉਣ ਵਿਚ ਮਨੁੱਖ ਦੀ ਸੋਚ ਨੂੰ ਸਹੀ ਦਿਸ਼ਾਮਾਨ ਕਰਦੀ ਹੈ। ਸਾਹਿਤ ਕਿਸੇ ਆਦਮੀ ਉਪਰ 'ਸਮਾਜ ਵਿਚੋਂ' ਪੈਣ ਵਾਲੇ ਦਬਾਅ ਨੂੰ ਘੱਟ ਕਰਨ ਵਿਚ ਸਹਾਇਕ ਸਿੱਧ ਹੁੰਦਾ ਹੈ।

ਸਾਹਿਤ ਦੇ ਦੁਆਰਾ ਸਾਨੂੰ ਪੁਰਾਤਨ ਸਮੇਂ ਵਿਚ ਵਰਤੀਆਂ ਜਾਣ ਵਾਲੀਆਂ ਮੈਡੀਸਨ, ਇਤਿਹਾਸ, ਸਮਾਜ ਅਤੇ ਮਨੋਵਿਗਿਆਨ ਵਰਗੇ ਵਿਸ਼ਿਆਂ ਉਪਰ ਗਿਆਨ ਪ੍ਰਾਪਤ ਹੁੰਦਾ ਹੈ। 'ਸਾਹਿਤ' ਪੜ੍ਹਨਾ ਹਰ ਕਿਸੇ ਵੱਸ ਦੀ ਗੱਲ ਨਹੀਂ ਹੈ। ਸਾਹਿਤ ਪੜ੍ਹਣ ਦੇ ਲਈ ਹਲੀਮੀ, ਜਮੀਨੀ ਪੱਧਰ, ਸੋਚ ਉਪਰ ਕਾਬੂ ਹੋਣਾ ਜਿਵੇਂ ਕਿ

**"ਲੱਖ ਕਿਤਾਬਾਂ ਪੜ੍ਹੀਆਂ ਭਾਵੇਂ ਤੂੰ**
**ਕੋਈ ਮਨ ਦੀ ਪੜ੍ਹੀ ਤਾਂ ਦੱਸੀਂ"**

ਕਿਤਾਬਾਂ ਆਪਣੇ ਅੰਤਰ ਗਿਆਨ ਦਾ ਅਰਥਾਹ ਸਮੁੰਦਰ ਛੁਪਾ ਕੇ ਬੈਠੀਆਂ ਹਨ। ਕਿਤਾਬਾਂ ਨੂੰ ਪੜ੍ਹ ਕੇ ਮਨ ਵਧੀਆ ਹੋ ਜਾਂਦਾ ਹੈ। ਅੰਗਰੇਜ਼ੀ ਦੇ ਇਕ ਵਿਦਵਾਨ ਦੇ ਅਨੁਸਾਰ ਕਿਤਾਬਾਂ ਦੀਆਂ ਵੀ ਆਪਣੀਆਂ ਕਿਸਮਾਂ ਹੁੰਦੀਆਂ ਹਨ, ਕਿ ਕੁਝ ਕਿਤਾਬਾਂ ਸਿਰਫ਼ ਸੁਆਦ ਲਈ ਹੁੰਦੀਆਂ ਹਨ, ਕੁਝ ਕਿਤਾਬਾਂ ਨਿਗਲਣ ਵਾਸਤੇ ਹੁੰਦੀਆਂ ਹਨ ਅਤੇ ਕੁਝ ਕਿਤਾਬਾਂ ਹੌਲੀ ਹੌਲੀ ਚਬਾ ਚਬਾ ਕੇ ਹਜ਼ਮ ਕਰਨ ਲਈ ਹੁੰਦੀਆਂ ਹਨ। ਭਾਵ, ਕੁਝ ਕਿਤਾਬਾਂ ਨੂੰ ਅਸੀਂ ਭਾਗਾਂ ਦੇ ਵਿਚ ਪੜ੍ਹਦੇ ਹਾਂ, ਕੁਝ ਕਿਤਾਬਾਂ ਅਸੀਂ ਖਾਨਾਪੂਰਤੀ ਲਈ ਪੜ੍ਹਦੇ ਹਾਂ, ਕੁਝ ਕਿਤਾਬਾਂ ਐਸੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਅਰਾਮ ਦੇ ਨਾਲ ਸਮਝ ਸਮਝ ਕੇ ਪੜ੍ਹਦੇ ਹਾਂ ਅਤੇ ਆਪਣਾ ਧਿਆਨ ਉਨ੍ਹਾਂ ਉਪਰ ਕੇਂਦਰਿਤ ਕਰਦੇ ਹਾਂ। ਕਿਤਾਬਾਂ ਸੱਚੇ ਮਿਤਰਾਂ ਦੀ ਤਰ੍ਹਾਂ ਹੁੰਦੀਆਂ ਹਨ। ਜਿਹੜੀਆਂ ਕਿ ਸਾਡੇ ਜੀਵਨ ਵਿਚ ਸਦਾ ਬਣੇ ਰਹਿੰਦੇ ਤੇ ਸਮੇਂ ਸਮੇਂ ਸਿਰ ਸਾਡੀ ਚੰਗੇ ਅਗਵਾਈ-ਕਾਰ ਦੀ ਤਰ੍ਹਾ ਅਗਵਾਈ ਕਰਦੇ ਦੀਆਂ ਹਨ।

ਹਰ ਵਰਗ ਬੱਚੇ ਤੋਂ ਲੈ ਕੇ ਪੱਕੀ ਉਮਰ ਦੇ ਵਿਅਕਤੀਆਂ ਲਈ ਕਿਤਾਬਾਂ ਪੜ੍ਹਣਾ ਬਹੁਤ ਜਰੂਰੀ ਹੈ, ਪਰ ਉਸ ਤੋਂ ਵੀ ਜਰੂਰੀ ਹੈ, ਉਸ ਵਿਚੋਂ ਗਿਆਨ ਪ੍ਰਾਪਤ ਕਰਨਾ ਅਤੇ ਉਸ ਗਿਆਨ ਨੂੰ ਸਮੇਂ ਸਮੇਂ ਸਿਰ ਆਪਣੀ ਜਿੰਦਗੀ ਦੇ ਵਿਚ ਵਰਤਣਾ, ਤਾਂ ਜੋ ਜਿੰਦਗੀ ਦੇ ਉਤਰਾਅ-ਝੜਾਅ ਵਿਚ ਕਿਤਾਬੀ ਗਿਆਨ ਦੀ ਮਦਦ ਲਈ ਜਾਵੇ। ਆਪਣੇ ਮਨ ਦੀ ਸਥਿਤੀ ਨੂੰ ਹੋਰ ਵਿਗੜਣ ਤੋਂ ਬਚਾਇਆ ਜਾ ਸਕੇ। ਕਿਉਂਕਿ ਕਿਤਾਬਾਂ ਸਾਡਾ ਧਿਆਨ ਭਟਕਣ ਨਹੀਂ ਦਿੰਦੀਆਂ, ਜਦੋਂ ਅਸੀਂ ਕਿਤਾਬ ਪੜ੍ਹਦੇ ਹਾਂ ਤਾਂ ਅਸੀਂ ਸ਼ਬਦਾਂ ਦੇ ਸਮੁੰਦਰ ਵਿਚ ਆਪਣੇ ਆਪ ਨੂੰ ਤੈਰਦਾ ਹੋਇਆ ਮਹਿਸੂਸ ਕਰਦੇ ਹਾਂ। ਇਸ ਦੇ ਨਾਲ ਸਾਨੂੰ ਅੰਦਰੂਨੀ ਟੈਨਸ਼ਨਾਂ ਤੋਂ ਨਿਜਾਤ ਮਿਲਦੀ ਹੈ। ਜਿਵੇਂ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਲੋੜ ਕਾਢ ਦੀ ਮਾਂ ਹੈ, ਦੇ ਅਨੁਸਾਰ ਅਸੀਂ ਕਿਸੇ ਵੀ ਸਮੱਸਿਆ ਦਾ ਹੱਲ ਕਿਤਾਬਾਂ ਵਿਚ ਲਿਖੀ ਘਟਨਾ ਦੇ ਹੱਲ ਨਾਲ ਤੁਲਨਾ ਕਰਕੇ ਝੱਟ ਕੱਢ ਲੈਂਦੇ ਹਾਂ ਤੇ ਸਾਡੇ ਅੰਦਰਲੇ ਮਨ ਬਾਰੇ, ਚਿੰਤਾਂ ਬਾਰੇ, ਡਰ ਬਾਰੇ, ਕਿਸੇ ਨੂੰ ਵੀ ਪਤਾ ਨਹੀਂ ਲੱਗਦਾ। ਸਾਨੂੰ ਕਿਸੇ ਅੱਗੇ ਸ਼ਰਮਿੰਦਾ ਵੀ ਨਹੀਂ ਹੋਣਾ ਪੈਂਦਾ।

ਹਰ ਆਦਮੀ ਦੀ ਜਿੰਦਗੀ ਵਿਚ ਜਿਵੇਂ ਜਨਮ ਲੈਣ ਤੋਂ ਮੌਤ ਤੱਕ ਦਾ ਪੰਧ ਆਉਂਦਾ ਹੀ ਹੈ, ਉਸੇ ਤਰ੍ਹਾਂ ਵਿਅਕਤੀ ਦੀ ਜਿੰਦਗੀ ਦੇ ਵਿਚ ਇਕ ਉਮਰ ਐਸੀ ਆਉਂਦੀ ਹੈ, ਜਦੋਂ ਉਸ ਦੇ ਵਿਚਾਰ ਖੰਭ ਲਾ ਕੇ ਅੰਬਰਾਂ ਵਿਚ ਉੱਡਣ ਲੱਗਦੇ ਹਨ, ਪੈਰ ਜ਼ਮੀਨ ਤੇ ਨਹੀਂ ਲੱਗਦੇ, ਹਰ ਸ਼ੈਅ ਵਿਚ ਮਿੱਠਾ ਮਿੱਠਾ ਸੰਗੀਤ ਸੁਣਾਈਂ ਦਿੰਦਾ ਹੈ। ਕਲਪਨਾ ਕਾਬੂ ਵਿਚ ਨਹੀਂ ਰਹਿੰਦੀ, ਹਰ ਸ਼ੈਅ ਕਵਿਤਾ ਜਾਪਣ ਲੱਗ ਜਾਂਦੀ ਹੈ। ਉਸੇ ਸਮੇਂ ਸਾਹਿਤ ਦੀ ਬਹੁਤ ਜ਼ਿਆਦਾ ਲੋੜ ਅਨੁਭਵ ਕੀਤੀ ਜਾਂਦੀ ਹੈ, ਕਿਉਂਕਿ ਮਨ ਕਿਸੇ ਵੀ ਤਰ੍ਹਾਂ ਦਾ ਵਿਚਾਰ ਕਿਸੇ ਨਾਲ ਸਾਂਝਾ ਕਰਨ ਤੋਂ ਡਰਦਾ ਹੈ। ਝਿਜਕ ਮਹਿਸੂਸ ਕਰਦਾ ਹੈ, ਕਿ ਕਿਤੇ ਲੋਕ ਪਾਗਲ ਹੀ ਨਾ ਸਮਝਣ। ਫਿਰ ਉਹ ਸਾਹਿਤ ਵੱਲ ਰੁੱਖ ਕਰਦਾ ਹੈ। ਆਪਣੀਆਂ ਕੋਮਲ ਭਾਵਨਾ, ਸੂਖ਼ਮ ਵਿਚਾਰਾਂ ਦੇ ਨਾਲ ਰਲਦੇ ਮਿਲਦੇ ਹਾਣੀ ਨੂੰ ਲੱਭਣ ਲਈ, ਪਰ ਇਹ ਹਾਣੀ ਕਿਤੇ ਵੀ ਨਹੀਂ ਮਿਲਦੇ। ਸਿਰਫ਼ ਤੇ ਸਿਰਫ਼ ਕਵਿਤਾਵਾਂ ਕਹਾਣੀਆਂ, ਲੇਖ, ਨਾਟਕ, ਨਾਵਲ ਹੀ ਅਜਿਹੇ ਸਮੇਂ ਵਿਚ ਮੋਢੇ ਨਾਲ ਮੋਢਾ ਜੋੜ ਕੇ ਖ਼ੜਦੇ ਹਨ ਅਤੇ ਉਨ੍ਹਾਂ ਦਾ ਸਾਥ ਦਿੰਦੇ ਹਨ ਅਤੇ ਭਾਵਨਾਵਾਂ ਦੇ ਵਹਿਣ (ਵੇਗ) ਦੀ ਸਹੀ ਤਰਜ਼ਮਾਨੀ ਕਰਦੇ ਹਨ।

ਇਹ ਪਲ ਜਿੰਦਗੀ ਦਾ ਬਹੁਤ ਨਾਜ਼ੁਕ ਪਲ ਹੁੰਦਾ ਹੈ। ਇਸ ਸਮੇਂ ਤੇ ਜੋ ਵੀ ਮਨ ਵਿਚ ਕੋਈ ਤਸਵੀਰ ਬਣ ਜਾਂਦੀ ਹੈ, ਉਹ ਪੱਥਰ 'ਤੇ ਲਕੀਰ ਹੁੰਦੀ ਹੈ। ਗਲਤ ਭਾਸ਼ਾ, ਗਲਤ ਸ਼ਬਦਾਵਲੀ, ਗਲਤ ਵਿਚਾਰ, ਹਲਕੇ ਪੱਧਰ ਦਾ ਸਾਹਿਤ ਵਿਅਕਤੀਆਂ ਦੀ ਜਿੰਦਗੀ ਨੂੰ "ਆਰ. ਡੀ. ਐਕਸ" ਦੇ ਵਿਸਫੋਟ ਦੀ ਤਰ੍ਹਾਂ ਬਰਬਾਦ ਕਰਦਾ ਹੈ। ਪਰ ਜੇਕਰ ਇਸ ਸਮੇਂ ਵਧੀਆ ਸਾਹਿਤ, ਚੰਗੀ ਸ਼ਬਦਾਵਲੀ, ਉਤਮ ਵਿਚਾਰ ਤੇ ਉਚ ਕੋਟੀ ਦੇ ਲੇਖਕਾਂ ਦੁਆਰਾ ਸਮਾਜ ਨੂੰ ਦਿੱਤੇ ਜਾਣ ਤਾਂ ਸਮਾਜ ਦੀ ਨੁਹਾਰ ਹੀ ਬਦਲ ਸਕਦੀ ਹੈ। ਹਰ ਵਿਅਕਤੀ ਆਪਣੀ ਜਿੰਦਗੀ ਦੀ ਸਿਰਜਣਾ ਖੁਦ ਕਰਦਾ ਸਕਦਾ ਹੈ। ਇਕ ਉਚ ਕੋਟੀ ਦੀ ਉਚੀ ਸੁੱਚੀ ਜਿੰਦਗੀ ਬਤੀਤ ਕਰ ਸਕਦਾ ਹੈ।

ਸਾਹਿਤ ਤੋਂ ਬਿਨ੍ਹਾਂ ਜਿੰਦਗੀ ਅਧੂਰੀ ਹੈ, ਕਿਉਂਕਿ ਸਾਨੂੰ ਆਪਣੇ ਭੂਤਕਾਲ ਦੇ ਬਾਰੇ ਵੀ ਜਾਨਣਾ ਬਹੁਤ ਜਰੂਰੀ ਹੁੰਦਾ ਹੈ। ਜੇਕਰ ਸਾਨੂੰ ਆਪਣੇ ਇਤਿਹਾਸ ਬਾਰੇ ਨਹੀਂ ਪਤਾ ਤਾਂ, ਅਸੀਂ ਕੁਝ ਵੀ ਨਹੀਂ ਕਰ ਸਕਦੇ। ਜਿਵੇਂ ਕਿਹਾ ਜਾਂਦਾ ਹੈ ਕਿ "ਜਿਹੜੀਆਂ ਕੌਮਾਂ ਆਪਣਾ ਇਤਿਹਾਸ ਭੁੱਲ ਜਾਂਦੀਆਂ ਹਨ, ਉਹ ਕੌਮਾਂ ਨਸ਼ਟ ਹੋ ਜਾਂਦੀਆਂ ਹਨ।" ਹਰ ਵਿਅਕਤੀ ਨੂੰ ਸਾਹਿਤ ਪੜ੍ਹਨ ਵਿਚ ਰੁਚੀ ਰੱਖਣੀ ਚਾਹੀਦੀ ਹੈ।

ਜਿਹੜੇ ਵਿਅਕਤੀ ਸਾਹਿਤ ਨਹੀਂ ਪੜ੍ਹਦੇ, ਉਹ ਕਦੇ ਵੀ ਆਪਣੀ ਜਿੰਦਗੀ ਅੱਗੇ ਨਹੀਂ ਵੱਧ ਸਕਦੇ। ਉਨ੍ਹਾਂ ਦੀ ਵਿਚਾਰਧਾਰਾ ਮਨੁੱਖਾਂ ਪ੍ਰਤੀ, ਹਾਂ ਪੱਖੀ ਤੋਂ ਨਾ ਪੱਖੀ ਹੋ ਕੇ ਰਹਿ ਜਾਂਦੀ ਹੈ। ਜਿਸ ਵਿਅਕਤੀ ਅੰਦਰ, ਕੋਮਲ ਭਾਵਨਾਵਾਂ ਤੇ ਸੁਖਮ ਕਲਾਵਾਂ ਲਈ ਕੋਈ ਥਾਂ ਨਹੀਂ ਉਹ ਵਿਅਕਤੀ, ਵਿਅਕਤੀ ਨਾ ਹੋ ਕੇ ਰਾਖਸ਼ ਪ੍ਰਵਿਰਤੀ ਧਾਰਨ ਕਰ ਲੈਂਦਾ ਹੈ। ਉਸ ਦੇ ਹਰ ਵਿਚਾਰ ਵਿਚੋਂ ਇਨਸਾਨੀ ਹਿੰਸਾ ਦੀ ਬਦਬੂ ਆਉਣ ਲੱਗ ਜਾਂਦੀ ਹੈ। ਮਨੁੱਖ ਉਸ ਨੂੰ ਕੀੜੇ ਮਕੌੜੇ ਜਾਪਣ ਲੱਗ ਜਾਂਦੇ ਹਨ, ਉਸ ਦਾ ਆਪਣੇ ਵਿਚਾਰਾਂ ਤੇ ਆਪਣੀਆਂ ਭਾਵਨਾਵਾਂ ਉਪਰ ਕਾਬੂ ਹੀ ਨਹੀਂ ਰਹਿੰਦਾ, ਉਹ ਸਖ਼ਤ ਦਿਲ ਸ਼ੈਤਾਨ ਬਣ ਜਾਂਦਾ ਹੈ। ਰੱਬ ਨਾ ਦੀ ਹੋਂਦ ਉਸ ਦੀ ਜਿੰਦਗੀ ਵਿਚੋਂ ਲਗਭਗ ਖ਼ਤਮ ਹੀ ਹੋ ਜਾਂਦੀ ਹੈ। ਉਸ ਲਈ ਉੱਚ ਕੋਟੀ ਦੀ ਜੀਵਨ ਦਾ ਸੁਪਨਾ ਵੀ ਨਹੀਂ ਲਿਆ ਜਾ ਸਕਦਾ। ਸਾਹਿਤ ਦੀ ਅਣਹੋਂਦ ਜਿਥੇ ਜਿੰਦਗੀ ਵਿਚ ਖਾਲੀ ਥਾਂ ਬਣਾ ਦਿੰਦੀ ਹੈ। ਸਾਹਿਤ ਦੀ ਹੋਂਦ ਮਨੁੱਖ ਅੰਦਰ ਮਨੁੱਖੀ ਮਾਦਾ, ਮਨੁੱਖਤਾ ਤੇ ਚੰਗੇ ਵਿਚਾਰਾਂ ਨੂੰ ਜਨਮ ਦਿੰਦੀ ਹੈ, ਜੋ ਸਾਹਿਤ ਹੀ ਜੀਵਨ ਹੈ। ਇਹ ਜਿੰਦਗੀ ਦੀ ਸਚਾਈ ਹੈ।

# ਰੇਪ ਦੀ ਸਜ਼ਾ ਕੱਟ ਰਹੇ ਅਮਰੀਕੀ ਅਰਬਪਤੀ ਨੇ ਜੇਲ੍ਹ 'ਚ ਕੀਤਾ ਸੁਸਾਈਡ

ਅਮਰੀਕਾ : ਅਮਰੀਕੀ ਅਰਬਪਤੀ ਫਾਇਨੇਂਸਰ ਜੇਫਰੀ ਐਪਸਟੀਨ ਨੂੰ ਸ਼ਨੀਵਾਰ ਨੂੰ ਅਮਰੀਕਾ ਦੀ ਇੱਕ ਜੇਲ੍ਹ ਦੀ ਕੋਠੜੀ ਵਿੱਚ ਮਰਿਆ ਹੋਇਆਂ ਮਿਲਿਆ । ਐਪਸਟੀਨ ਨਬਾਲਿਗ ਕੁੜੀਆਂ ਦਾ ਯੋਨ ਸ਼ੋਸ਼ਣ ਕਰਨ ਦੇ ਆਰੋਪਾਂ ਦਾ ਸਾਹਮਣਾ ਕਰ ਰਿਹਾ ਹੈ । ਐਪਸਟੀਨ ਦੇ ਮੌਜੂਦਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ,ਪੂਰਵ ਰਾਸ਼ਟਰਪਤੀ ਬਿਲ ਕਲਿੰਟਨ ਅਤੇ ਬਰੀਟੇਨ ਦੇ ਰਾਜਕੁਮਾਰ ਐਂਡਰਿਊ ਜਿਵੇਂ ਹਾਈ ਪ੍ਰੋਫਾਇਲ ਲੋਕਾਂ ਨਾਲ ਦੋਸਤੀ ਰਹੀ ਹੈ । ਉਨ੍ਹਾਂ ਨੇ ਸੇਕਸ ਟਰੈਫਿਕਿੰਗ ਅਤੇ ਸਾਜਿਸ਼ ਦੇ ਆਰੋਪਾਂ ਨੂੰ ਅਪਨਾਉਣ ਤੋਂ ਮਨਾਹੀ ਕਰ ਦਿੱਤਾ ਸੀ । ਉਹ ਛੇ ਜੁਲਾਈ ਨੂੰ ਗ੍ਰਿਫਤਾਰੀ ਦੇ ਬਾਅਦ ਤੋਂ ਹੀ ਜੇਲ੍ਹ ਵਿੱਚ ਸਨ ।



ਦੱਸ ਦਈਏ ਕਿ ਐਪਸਟੀਨ ਨੇ ਨਿਊਯਾਰਕ ਸਥਿਤ ਜੇਲ੍ਹ ਦੀ ਆਪਣੀ ਕੋਠੜੀ ਵਿੱਚ ਫ਼ਾਂਸੀ ਲਗਾ ਲਈ ਅਤੇ ਉਨ੍ਹਾਂ ਦੀ ਲਾਸ਼ ਮਕਾਮੀ ਸਮੇਂ ਅਨੁਸਾਰ ਸਵੇਰੇ 7 . 30 ਵਜੇ ਬਰਾਮਦ ਕੀਤੀ ਗਈ । ਜਦੋਂ ਕਿ ਹੋਰ ਲੋਕਾਂ ਦਾ ਕਹਿਣਾ ਹੈ ਕਿ ਸ਼ਨੀਵਾਰ ਤੜਕੇ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ , ਉਸਦੇ ਬਾਅਦ ਉਨ੍ਹਾਂ ਨੂੰ ਹਸਪਤਾਲ ਲੈ ਜਾਇਆ ਗਿਆ ,ਜਿੱਥੇ ਉਨ੍ਹਾਂ ਦਾ ਦਿਹਾਂਤ ਹੋ ਗਿਆ । ਉਨ੍ਹਾਂ ਦਾ ਦਿਹਾਂਤ ਅਜਿਹੇ ਸਮਾਂ ਵਿੱਚ ਹੋਇਆ ਹੈ , ਜਦੋਂ ਇੱਕ ਦਿਨ ਪਹਿਲਾਂ ਨਿਊਯਾਰਕ ਵਿੱਚ ਸਾਹਮਣੇ ਆਏ ਦਸਤਾਵੇਜਾਂ ਤੋਂ ਖੁਲਾਸਾ ਹੋਇਆ ਸੀ ਕਿ ਉਨ੍ਹਾਂਨੇ ਨਿਊਯਾਰਕ ਅਤੇ ਵਰਜਿਨ ਆਇਸਲੈਂਡ ਸਥਿਤ ਆਪਣੇ ਘਰ ਵਿੱਚ ਘੱਟ ਉਮਰ ਦੀਆਂ ਕੁੜੀਆਂ ਦਾ ਕਿਸ ਹੱਦ ਤੱਕ ਯੋਨ ਸ਼ੋਸ਼ਣ ਕੀਤਾ ਸੀ । ਐਪਸਟੀਨ ਉੱਤੇ ਇਲਜ਼ਾਮ ਸੀ ਕਿ ਉਨ੍ਹਾਂਨੇ 18 ਸਾਲ ਤੱਕ ਦੀਆਂ ਕੁੜੀਆਂ ਨੂੰ 2002 ਤੋਂ 2005 ਦੇ ਵਿੱਚ ਆਪਣੇ ਮੈਨਹੱਟਨ ਅਤੇ ਫਲੋਰੀਡਾ ਸਥਿਤ ਘਰ ਵਿੱਚ ਸੇਕਸ ਗਤੀਵਿਧੀਆਂ ਲਈ ਜੁਰਮਾਨਾ ਭਰਿਆ ਸੀ । ਐਪਸਟੀਨ ਨੂੰ ਤਿੰਨ ਹਫ਼ਤੇ ਪਹਿਲਾਂ ਨਿਊਯਾਰਕ ਦੇ ਮੇਟਰੋਪਾਲਿਟਨ ਕਰੇਕਸ਼ਨਲ ਸੇਂਟਰ ਵਿੱਚ ਉਨ੍ਹਾਂ ਦੀ ਕੋਠੜੀ ਵਿੱਚ ਬੇਹੋਸ਼ ਪਾਇਆ ਗਿਆ ਸੀ , ਜਿਸਦੇ ਬਾਅਦ ਤੋਂ ਆਤਮਹੱਤਿਆ ਦੇ ਸ਼ੱਕ ਨੂੰ ਲੈ ਕੇ ਉਨ੍ਹਾਂ ਉੱਤੇ ਨਜ਼ਰ ਰੱਖੀ ਜਾ ਰਹੀ ਸੀ । ਉਨ੍ਹਾਂ ਦੀ ਗਰਦਨ ਉੱਤੇ ਨਿਸ਼ਾਨ ਵੀ ਸਨ ,ਜੋ ਆਤਮਹੱਤਿਆ ਦੀ ਕੋਈ ਕੋਸ਼ਿਸ਼ ਜਾਂ ਜੇਲ੍ਹ ਵਿੱਚ ਕਿਸੇ ਹਮਲੇ ਦੀ ਨਿਸ਼ਾਨੀ ਲੱਗ ਰਹੇ ਸਨ । ਐਪਸਟੀਨ ਨੂੰ ਫਲੋਰੀਡਾ ਮਾਮਲੇ ਵਿੱਚ ਵੇਸ਼ਿਆਵ੍ਰੱਤੀ ਲਈ 18 ਸਾਲ ਤੱਕ ਦੀਆਂ ਕੁੜੀਆਂ ਨੂੰ ਖਰੀਦਣ ਦੇ ਆਰੋਪਾਂ ਵਿੱਚ 2008 ਵਿੱਚ ਦੋਸ਼ੀ ਕਰਾਰ ਕੀਤਾ ਗਿਆ ਸੀ

## ਸੰਪਾਦਕੀ ਮੰਡਲ

**ਜੋਗਾ ਸਿੰਘ, ਜਸਵਿੰਦਰ ਸਿੰਘ ਨਿਊਜਰਸੀ, ਗੁਰਮੀਤ ਸਿੰਘ ਧਲਵਾਨ ਸ਼ਿਕਾਗੋ, ਜਤਿੰਦਰ ਸਪਰਾ, ਜੀ. ਪੀ. ਸਿੰਘ ਪੰਜਾਬ, ਜਗਮੀਤ ਕੌਰ ਪੰਜਾਬ**

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

ਯਾਦਾਂ ਦੀ ਪਿਟਾਰੀ( ਭਾਗ-2 )

# ਗੂੰਗੇ ਹੋ ਚੁੱਕੇ ਰਿਸ਼ਤੇ

## ਲੂਪਤ ਹੋ ਗਿਆ ਜਗਤ ਨਾਨੀ ,ਚਾਚੀ ਤੇ ਭੂਆ ਵਾਲਾ ਪ੍ਰੇਮ



ਅਜੋਕੀ ਖੋਖਲ਼ੀ ਜਿਹੀ ਜ਼ਿੰਦਗੀ ਜਿਉਦੇ ਜਿਉਂਦੇ ਜਿਵੇਂ ਅਸੀਂ ਅੰਦਰੋਂ ਵੀ ਖੋਖਲੇ ਹੋ ਗਏ ਹਾਂ। ਹੂਕ ਜਿਹੀ ਉਠਦੀ ਹੈ ਜਦੋਂ ਬਚਪਨ ਦੇ ਗੁਜ਼ਾਰੇ ਉਹ ਪਲ ਯਾਦ ਆਉਂਦੇ ਹਨ ਜਿਨਾ ਵਿੱਚ ਅਥਾਹ ਮਮਤਾ ਤੇ ਪਿਆਰ ਹੁੰਦਾ ਸੀ। ਕੁੱਝ ਅਜਿਹੇ ਮਮਤਾਮਈ ਰਿਸ਼ਤੇ ਹੁੰਦੇ ਸਨ ਜੋ ਆਪਣੇ ਆਪ ਹੀ ਬਣ ਜਾਂਦੇ ਸਨ।ਯਾਦਾਂ ਯਾਦਾਂ ਵਿੱਚ ਯਾਦ ਆ ਗਈ ਨਾਨੀ ਪਰੇਮੋ। ਨਾਨੀ ਪਰੇਮੋ ਮੇਰੀ ਹੀ ਨਹੀਂ ਸਾਰੇ ਸ਼ਹਿਰ ਮੁਹੱਲੇ ਦੀ ਨਾਨੀ ਸੀ। ਇਸਦਾ ਵੀ ਇੱਕ ਖ਼ਾਸ ਕਾਰਣ ਸੀ - ਉਸਦਾ ਮਮਤਾ ਭਰਿਆ ਸੁਭਾਅ। ਸੱਚ ਜਾਣੋ ਨਾਨੀ ਏਨੀ ਮਿਲਣਸਾਰ ਤੇ ਮਮਤਾ ਭਰੀ ਸੀ ਕਿ ਹਰ ਧੀ ਨੂੰਹ ਨੂੰ ਉਹ ਆਪਣੀ ਮਾਂ ਜਿਹੀ ਜਾਪਦੀ ਸੀ ਤੇ ਏਸੇ ਕਰਕੇ ਉਹ ਸਾਡੇ ਸਭ ਬੱਚਿਆ ਦੀ ਨਾਨੀ ਬਣ ਗਈ ਸੀ। ਹਰ ਛੋਟਾ ਵੱਡਾ ਉਸਨੂੰ ਨਾਨੀ ਆਖ ਹੀ ਬੁਲਾਉਂਦਾ ਸੀ। ਉਝ ਨਾਨੀ ਦੀ ਆਪਣੀ ਇਕ ਧੀ ਵੀ ਸੀ ਜੋ ਦੂਰ ਵਿਆਹੀ ਸੀ। ਨਾਨੀ ਦਾ ਘਰਵਾਲਾ ਨਾ ਰਿਹਾ ਤਾਂ ਉਹ ਇਕੱਲੀ ਜਿਹੀ ਹੋ ਗਈ ਸੋ ਅਪਣਾ ਦੋਹਤਾ ਨਾਨਕ ਆਪਣੇ ਕੋਲ ਲੈ ਆਈ। ਨਾਨੀ, ਨਾਨਕ ਤੇ ਉਹਨਾਂ ਦੀ ਪਾਲ਼ਤੂ ਬਿੱਲੀ ਸੋਮਾ ਤੇ ਛੋਟਾ ਜਿਹਾ ਕੱਚਾ ਵਿਹੜਾ ਪਰ ਦੋ ਪੱਕੇ ਮਕਾਨ ਜਿਵੇਂ ਇਕ ਵੱਖਰਾ ਜਿਹਾ ਸੰਸਾਰ। ਸਾਨੂੰ ਬੱਚਿਆ ਨੂੰ ਬੜਾ ਹੀ ਨਿੱਘ ਆਉਂਦਾ ਸੀ ਨਾਨੀ ਦੀ ਗੋਦ ਬਹਿ ਕੇ। ਸ਼ਾਮ ਹੁੰਦੇ ਹੀ ਨਾਨੀ ਪਰੇਮੋ ਦਾ ਛੋਟਾ ਜਿਹਾ ਵਿਹੜਾ ਸਾਡੇ ਖੇਡਣ ਦਾ ਗਰਾਊਡ ਬਣ ਜਾਂਦਾ। ਨਾਨੀ ਨੇ ਵੇਖ ਵੇਖ ਖ਼ੁੱਸ਼ ਹੋਣਾ। ਨਾਨੀ ਮੈਨੂੰ ਰਿੰਪੋ ਕਹਿ ਕੇ ਛੇੜਨਾ ਤਾਂ ਮੈ ਗ਼ੁੱਸੇ ਹੋ ਜਾਣਾ ਫੇਰ ਨਾਨੀ ਨੇ ਕਹਿਣਾ ਮਰ ਜਾਣੀਏ ਮੇਰਾ ਹੱਥਾਂ ਵਿੱਚ ਜੰਮੀ ਸੀ ਤੂੰ। ਬੋਲੀਆਂ ਪਾ ਪਾ ਕੇ ਨਚਾਉਂਦੀ ਹਸਾਉਂਦੀ ਸੀ ਤੈਨੂੰ। ਚੱਲ ਅੱਜ ਮੈ ਫੇਰ ਬੋਲੀ ਪਾਵਾ ਤੂੰ ਨੱਚ ਤੇ ਉਹ ਬੋਲੀ ਪਾਉਣਾ ਸ਼ੁਰੂ ਹੋ ਜਾਂਦੀ:-

ਘੱਘਰੇ ਦੀ ਵੇ ਲਾ ਭਿੱਜ ਗਈ।
ਛੋਲਿਆਂ ਦੀ ਦਾਲ ਕਰਾਰੀ।
ਕੱਪੜੇ ਧੋਂਦੀ ਨੂੰ ਅੱਖ ਮਾਰ ਗਿਆ ਡੱਡੂ।

ਅਸੀਂ ਹੱਸ ਹੱਸ ਕਮਲੇ ਹੋ ਜਾਣਾ ਤੇ ਉਹਨੇ ਖ਼ੁਸ਼ੀ ਵਿੱਚ ਖੀਵਾ। ਨਾਨੀ ਪਰੇਮੋ ਦੀ ਇੱਕ ਸਹੇਲੀ ਸੀ ਚਾਚੀ ਨਿਹਾਲੋ। ਚਾਚੀ ਨਿਹਾਲੋ ਸਾਡੇ ਦਾਦਾ ਜੀ ਤੇ ਪਿਤਾ ਜੀ ਦੀ ,ਤੇ ਸਾਡੀ ਵੀ ਜਿਵੇਂ ਚਾਚੀ ਸੀ। ਕਹਿ ਲੋ ਉਹ ਵੀ ਜਗਤ ਨਾਨੀ ਵਾਂਗ ਜਗਤ ਚਾਚੀ ਸੀ ਜੋ ਆਪਣੇ ਪਰਿਵਾਰ ਦੀ ਚੋਥੀ ਪੀੜੀ ਵੇਖ ਰਹੀ ਸੀ। ਚਾਚੀ ਨਿਹਾਲੋ ਦੀ ਵੀ ਇੱਕ ਧੀ ਭੂਆ ਜੋਗਿੰਦਰੋ ਤੇ ਜਗਿੰਦਰੋ ਦੇ ਅੱਗੇ ਚਾਰ ਮੁੰਡੇ ਇੱਕ ਧੀ। ਤੇ ਅੱਗੋਂ ਉਹਨਾਂ ਦੇ ਵੀ ਚਾਰ ਵਾਰ ਬੱਚੇ।ਨਾਨੀ ਜਿੱਥੇ ਠੰਡੇ ਸੁਭਾਅ ਵਾਲੀ ਸੀ ਉੱਥੇ ਹੀ ਚਾਚੀ ਨਿਹਾਲੋ ਉਨੀ ਹੀ ਸਖ਼ਤ ਮਿਜ਼ਾਜ। ਆਪਣੇ ਹੀ ਸਗੋਂ ਸਾਰੇ ਮੁਹੱਲੇ ਦੀਆ ਧੀਆਂ ਭੈਣਾਂ ਤੇ ਸਖ਼ਤ ਨਜ਼ਰ ਰੱਖਦੀ ਸੀ। ਕਿਸੇ ਧੀ ਨੂੰਹ ਦੀ ਕੀ ਮਜ਼ਾਲ ਕਿ ਸਿਰੋਂ ਚੁੰਨੀ ਲੈਹ ਜਾਵੇ। ਜਾ ਕੋਈ ਕੁੜੀ ਦੋ ਗੁੱਤਾਂ ਕਰ ਜਾਵੇ। ਸਾਡੇ ਮਾਤਾ ਪਿਤਾ ਨੇ ਕਦੀ ਸੀ ਰੋਕਿਆਂ ਦੋ ਗੁੱਤਾਂ ਕਰਨ ਜਾ ਨਹੁੰ ਪਾਲਿਸ਼ ਲਾਉਣ ਤੋਂ ਪਰ ਨਿਹਾਲੋ ਚਾਚੀ ਨੂੰ ਵੇਖ ਸਾਡੇ ਸ਼ਾਹ ਸੁੱਕ ਜਾਂਦੇ। ਪਰ ਅਲੱਗ ਅਲੱਗ ਸੁਭਾ? ਹੋਣ ਤੋਂ ਬਾਅਦ ਵੀ ਨਾਨੀ ਪਰੇਮੋ ਤੇ ਚਾਚੀ ਨਿਹਾਲੋ ਦਾ ਆਪਸੀ ਪਿਆਰ ਬਹੁੱਤ ਸੀ। ਇਨਸਾਨ ਤੇ ਇਨਸਾਨ ਉਸ ਸਮੇ ਤਾਂ ਜਾਨਵਰ ਵੀ ਜਿਵੇਂ ਮੁਹੱਬਤ ਦੇ ਭਰੇ ਸਨ। ਮਿਸਾਲ ਤੋਰ ਤੇ ਨਾਨੀ ਦੀ ਪਾਲਤੂ ਬਿੱਲੀ



ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ

ਸੋਮਾ ਜੋ ਨਾਨੀ ਦੀ ਇੱਕ ਅਵਾਜ ਤੇ ਹੀ ਭੱਜੀ ਆ ?ਦੀਂ ਸੀ ਤੇ ਰੋਟੀ ਵੀ ਦੇਸੀ ਘਿਓ ਨਾਲ ਚੋਪੜੀ ਹੋਈ ਤੇ ਨਾਨੀ ਕੋਲ ਚੋਕੇ ਵਿੱਚ ਬੈਠ ਕੇ ਹੀ ਰੋਟੀ ਖਾਦੀ ਸੀ।

ਹੱਸਦੇ ਖੇਡਦੇ ਹੀ ਨਾਨੀ ਅਚਾਨਕ ਰੱਬ ਨੂੰ ਪਿਆਰੀ ਹੋ ਗਈ। ਉਸ ਦਿਨ ਸੋਮਾ ਬਿੱਲੀ ਦੀਆ ਅੱਖਾਂ ਵਿੱਚੋਂ ਗਿਰ ਰਹੇ ਅੱਥਰੂ ਇਹ ਸਾਬਤ ਕਰ ਰਹੇ ਸਨ ਕਿ ਜਾਨਵਰ ਇਨਸਾਨ ਨਾਲ਼ੋਂ ਕਿਤੇ ਜ਼ਿਆਦਾ ਵਫ਼ਾਦਾਰ ਤੇ ਪਿਆਰ ਦੇ ਭੁੱਖੇ ਹੁੰਦੇ ਹਨ। ਨਾਨੀ ਦੀ ਮੋਤ ਤੋਂ ਬਾਅਦ ਗ਼ਮਗੀਨ ਸੋਮਾ ਦੀ ਮੋਤ ਜਿਵੇਂ ਸਾਨੂੰ ਬੱਚਿਆ ਨੂੰ ਉਦਾਸ ਹੀ ਕਰ ਗਈ ਤੇ ਮੈਨੂੰ ਤਾਂ ਜਿਵੇਂ ਤੋੜ ਹੀ ਗਈ ਕਿਉਂਕਿ ਨਾਨੀ ਦੀ ਮੋਤ ਤੋਂ ਪੰਦਰਾਂ ਦਿਨ ਪਹਿਲਾ ਹੀ ਮੇਰੇ ਪਿਤਾ ਜੀ ਮੋਤ ਨੇ ਮੇਰਾ ਬਚਪਨ ਜਿਵੇਂ ਖਤਮ ਹੀ ਕਰ ਦਿੱਤਾ ਸੀ ਪਰ ਉਸ ਇਹ ਜਗਤ ਨਾਨੀ ਦਾ ਪ੍ਰੇਮ ਪਿਆਰ ਇੱਕ ਵੱਡਾ ਆਸਰਾ ਸੀ ਜੋ ਜਲਦੀ ਹੀ ਖਤਮ ਹੋ ਗਿਆ। ਇੱਥੇ ਪਿਤਾ ਦੀ ਮੋਤ ਦਾ ਜ਼ਿਕਰ ਕਰਨ ਦਾ ਹੋਸ਼ਲਾ ਨਹੀਂ ਪਿਆਂ ਸੀ ਸੋ ਉਹ ਪੰਨਾ ਕਦੀ ਫੇਰ ਸਹੀ।

ਨਾਨੀ ਪ੍ਰੇਮੋ ਤੇ ਚਾਚੀ ਨਿਹਾਲੋ , ਭੂਆ ਬੰਗਾਲਣ ਵਰਗੇ ਪਾਤਰਾਂ ਦੇ ਕਿਰਦਾਰ ਸਭ ਦੇ ਰੂਬਰੂ ਕਰਨ ਦਾ ਮੇਰਾ ਮਕਸਦ ਉਹਨਾਂ ਰਿਸ਼ਤਿਆਂ ਦੀ ਮੁਹੱਬਤ ਦੱਸਣਾ ਹੈ ਜੋ ਸਗਿਆ ਨਾਲ਼ੋਂ ਵੀ ਸੱਗੇ ਹੁੰਦੇ ਸਨ। ਇੱਕ ਨਿਸਵਾਰਥ ਭਾਵਨਾਤਮਕ ਮਮਤਾ ਹੁੰਦੀ ਸੀ ਇੰਨਾਂ ਰਿਸ਼ਤਿਆਂ ਵਿੱਚ ਜੋ ਅੱਜਕਲ ਖ਼ੂਨ ਦੇ ਰਿਸ਼ਤਿਆਂ ਵਿੱਚ ਵੀ ਨਹੀਂ। ਉਹ ਲੋਰੀਆਂ, ਮਿੱਠੀਆਂ ਝਿੜਕਾਂ, ਖੱਟੀ ਮਿੱਠੀ ਡਾਟ, ਝੂਠੀ-ਮੁੱਠੀ ਦਾ ਰੋਣਾ ਤੇ ਖ਼ੁੱਲ ਕੇ ਹੱਸਣਾ ਸਭ ਕੁੱਝ ਲੂੱਪਤ ਹੋ ਚੁੱਕਿਆਂ ਹੈ। ਹੁਣ ਤਾਂ ਇਨਸਾਨ ਮਸ਼ੀਨ ਬਣ ਚੁੱਕਿਆਂ ਅਜੈ ਜਿਸਦੀ ਜ਼ਿੰਦਗੀ ਇਟਰਨੈਟ ਦੇ ਰੂਪ ਵਿੱਚ ਮੋਬਾਇਲ ਬਕਸੇ ਵਿੱਚ ਬੰਦ ਹੈ। ਰਿਸ਼ਤੇ ਵਟਸਅਪ ਤੱਕ ਸੀਮਿਤ ਹੋ ਗਈ ਹੈ। ਰਿਸ਼ਤੇ ਗੂੰਗੇ ਹੋ ਗਏ ਹਨ ਜੋ ਲਾਇਕ,ਕੂਮੇਟਸ ਰਾਹੀਂ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਇੱਕ ਪਰਿਵਾਰ ਵਿੱਚ ਇਕ ਦੂਜੇ ਦੇ ਕੋਲ ਬੈਠ ਕੇ ਵੀ ਅਜਨਬੀ ਹੋ ਗਏ ਹਨ ਰਿਸ਼ਤੇ।

ਕਾਸ਼ ਉਹ ਪਹਿਲਾ ਵਾਲੀ ਸਾਂਝ ਮੁੱੜ ਆਵੇ। ਇਨਸਾਨ ਖ਼ੁੱਲ ਕੇ ਸੱਚਾ ਹਾਸਾ ਹੱਸੇ। ਰਿਸ਼ਤਿਆਂ ਦੀ ਗਰਮਾਹਟ ਗੁਲਾਬੀ ਮਹਿਕ ਵੰਡੇ। ਜਿਉਂਦੇ ਜੀ ਸੁਪਨਾ ਹੈ ਫੇਰ ਤੋਂ ਹੱਸਦਾ ਉਹ ਪੰਜਾਬ ਵੇਖਣਾ ਜੋ ਕਿਧਰੇ ਲੂੱਪਤ ਹੋ ਗਿਆ ਹੈ। ਬਾਕੀ ਰੱਬ ਦੀ ਮਰਜ਼ੀ ਉਹ ਅਰਦਾਸ ਮਨਜ਼ੂਰ ਕਰੇ ਮੇਰਾ ਮੁਲਕ ਫੇਰ ਖਿੜ ਉਠੇ। ਮਿਲਦੇ ਹਾਂ ਯਾਦਾਂ ਦੀ ਪਿਟਾਰੀ ਭਾਗ - ਤਿੰਨ ਵਿੱਚ ਜਲਦੀ ਹੀ

**Preetnamausa@gmail.com**









## New cases of HIV rise in Eastern Europe, decline in the West

**Almost 160,000 people were diagnosed in Europe with the human immunodeficiency virus (HIV), which causes AIDS, according to data from the European Centre for Disease Prevention and Control (ECDC) and the World Health Organization's (WHO) regional office for Europe.**

More than 130,000 people were newly diagnosed with HIV last year in Eastern Europe, the highest rate ever for the region, while the number of new cases in Western Europe declined, global public health experts said on Wednesday. European Union and European Economic Area countries saw a reduction in 2017 rates, mainly driven by a 20% drop since 2015 among men who have sex with men. That left Europe's overall increasing trend less steep than previously.

All told, almost 160,000 people were diagnosed in Europe with the human immunodeficiency virus (HIV), which causes AIDS, according to data from the European Centre for Disease Prevention and Control (ECDC) and the World Health Organization's (WHO) regional office for Europe. "It's hard to talk about good news in the face of another year of unacceptably high numbers of people infected with HIV," said Zszuzsanna Jakab, director of the WHO regional office. Calling on governments and health officials to recognise the seriousness of the situation, she urged them: "Scale up your response now."The United Nations AIDS agency UNAIDS warned in July that complacency was starting to stall the fight against the global epidemic, with the pace of progress not matching what is needed. Some 37 million people worldwide are infected with HIV.

# Stay Healthy And Super Fit With Dried Fruits And These Healthy Bars

**Dried fruits contain little to no fat. They also contain significant calories per serving, making them a natural source of energy for athletes. They are also a good supplement for people seeking to gain weight in a healthy way.**



As healthy living has become a catchword these days, people have taken to eating dried fruits and health bars. Experts say these can give natural nutrients. V.V. Mani, Director, Operations, Unibic, and Suhasni Sampath, Co-Founder, Yoga Bars, explain how dry fruits and nuts used in health snack bars help the cause of healthy living:

Dried fruits generally contain more fiber than the same-sized serving of their fresh counterparts. Fiber helps in keeping your digestive system running smoothly.

The various dry fruits are packed naturally with a mix of nutritional elements like potassium, calcium, magnesium, zinc, iron, carotenoids, antioxidants, vitamins, dietary fiber, flavonoids, selenium and more apart from the good quality fat and protein that these provide.Dried fruits generally contain more fiber than the same-sized serving of their fresh counterparts.

These help in various ways like increase of good cholesterol, reduction in bad cholesterol, maintaining blood pressure , blood sugar control, thyroid control, improving heart function, bowel movement, skin health, hair control, cancer fighting properties, improving bone health, improved vision, easing digestion and fighting anaemia to name a few. Many of the dry fruits are low in glycemic index, and so, they help slow release of energy and control blood sugar.

Because most of the water is extracted from fruits, their nutrients are condensed into a small package. Dried fruits like apricots, raisins, prunes and figs contain high amounts of beta carotene, vitamin E, niacin, iron, magnesium, potassium and calcium. Dried fruits contain little to no fat. They also contain significant calories per serving, making them a natural source of energy for athletes. They are also a good supplement for people seeking to gain weight in a healthy way.Dried fruits like apricots, raisins, prunes and figs contain high amounts of beta carotene, vitamin E, niacin, iron, magnesium, potassium and calcium.



# Obese children more likely to develop asthma than kids of a healthy weight, warns study

**Parents, please take note. Your child's weight plays an important role in determining his or her asthma risk. Obese or overweight children are at an increased risk of asthma, a new study has found.**



US Researchers say it is possible that weight gain is fuelling the rise in childhood asthma. Researchers discovered that obese youngsters were more likely to develop the lung condition than children of a healthy weight. The findings suggest that the incidence of an asthma diagnosis among children with obesity was significantly higher than in those in a normal weight range and that 23-27% of new asthma cases were directly attributable to obesity.




"Paediatric asthma is among the most prevalent childhood conditions and comes at a high cost to patients, families and the greater health system," said co-author Terri Finkel from Nemours Children's Hospital in Orlando. "There are few preventable risk factors to reduce the incidence of asthma, but our data show that reducing the onset of childhood obesity could significantly lower the public health burden of asthma," Finkel added.For the study published in the journal Paediatrics, the research team analysed medical records of more than 500,000 children. The researchers reviewed de-identified data of patients aged two to 17 without a history of asthma, receiving care from six paediatric academic medical centres between 2009 and 2015. Overweight or obese patients were matched with normal weight patients of the same age, gender, race, ethnicity, insurance type and location of care. The researchers found that obesity among children with asthma appears to increase disease severity.




# Talk therapy after a loved one's death is good for mental health, reduced risk of suicide



**Grieving patients who receive talk therapy at the general practitioner's shortly after a relative's death, have a lower risk of suicide and psychiatric illness than others, says a new study.**


(News Agencies) Dealing with grief? Talk to a doctor. In a comprehensive study, researchers from Aarhus University show that grieving patients who receive what is known as talk therapy at the general practitioner's clinic shortly after a relative's death, have a lower risk of suicide and psychiatric illness than others. Losing a close family member is psychologically painful. In fact, it is so painful that the risk of committing suicide or developing other serious psychiatric conditions increases for grieving people who have experienced a serious bereavement.

A study now suggests that talk therapy with a general practitioner early in the grief process can reduce this risk. Senior statistician Morten Fenger-Grøn said, "The study shows that patients whose general practitioners often use talk therapy have a lower risk of suicide and other psychological disorders than others."

The purpose of the study was to investigate the effects of early treatment with talk therapy or antidepressant medicine on grieving patients. The researchers looked at three specific consequences in connection with the grief resulting from the death of a close relative: suicide, self-harm, and admission to a psychiatric hospital. The study showed that the risk of a serious psychiatric condition during the grief process would be 1.7% lower if the patient received talk therapy. The research results have been adjusted for both the patient's characteristics and the general practitioners' propensity to prescribe antidepressant medications. The study could not, however, provide any precise measurements for the significance of antidepressant medicine in this context.

The full findings are present in the journal- Clinical Epidemiology.

# How a behavioural program can reduce stress in cancer patients




**Cancer patients can take part in behavioural programmes that can reduce harmful stress and improve their moods.**

(News Agencies) According to a new study, a behavioural program to reduce harmful stress in cancer patients can be taught to therapists from around the country and implemented at their sites, which effectively improves the moods of their patients.

Researchers designed this program at The Ohio State University. "It's challenging to take a treatment and scale it up to where it will work with a diverse group of therapists and patients under a wide variety of circumstances," said study author Barbara L. Andersen.

The program, now called Cancer to Health, was developed by Andersen and colleagues in the early 2000s. It teaches patients how to think about stress, communicate with doctors and others about their treatment, seek social support, become physically active and take other actions to reduce their stress, improve their mood and enhance quality of life. It consists of 18 weekly sessions and eight monthly maintenance sessions, as well as homework assignments for patients.

Dealing with stress is important because research has found that high levels of stress can lead to depression, lower quality of life and negative health behaviours, but also lower immunity and faster disease progression. "We need to help cancer patients deal with their stress, because it has effects on their physical as well as their mental health," Andersen said. In several studies published between 2004 and 2010, Andersen and her colleagues tested the Cancer to Health program and found it effective with breast cancer patients at the Arthur G. James Cancer Hospital at Ohio State. Results showed that patients who went through the program felt better and also had significantly improved immune responses and a lower risk of breast cancer recurrence.

This new study aimed to see if some of the results could be duplicated around the country. It involved therapists who work with cancer patients at 15 sites, from California to Maine. Most were associated with local hospitals or cancer support communities. All of the therapists came to Ohio State to learn how to implement the Cancer to Health program. They then took the program to their sites, where it was tested with 158 patients with a variety of different types of cancer.

# Teenagers with religious upbringing enjoy well-being in early adulthood

**A new study says that people who attended weekly religious services or practised daily prayer or meditation in their youth reported greater life satisfaction and positivity in their 20s.**

(News Agencies) Participating in spiritual practices during childhood and adolescence may lead to positive health and well-being outcomes in early adulthood. According to a recent research, people who attended weekly religious services or practised daily prayer or meditation in their youth reported greater life satisfaction and positivity in their 20s. The study noted that these people were less likely to subsequently have depressive symptoms, smoke, use illicit drugs, or have a sexually transmitted infection than people raised with less regular spiritual habits.

Ying Chen, first author of the study suggested that, "These findings are important for both our understanding of health and our understanding of parenting practices. Many children are raised religiously, and our study shows that this can powerfully affect their health behaviours, mental health, and overall happiness and well-being."

For this study analysed health data from mothers in the Nurses' Health Study II (NHSII) and their children in the Growing Up Today Study (GUTS). The researchers controlled for many variables such as maternal health, socioeconomic status, and history of substance abuse or depressive symptoms, to try to isolate the effect of religious upbringing.



The results showed that people who attended religious services at least weekly in childhood and adolescence were approximately 18% more likely to report higher happiness as young adults (ages 23-30) than those who never attended services. They were also 29% more likely to volunteer in their communities and 33% less likely to use illicit drugs.

Those who prayed or meditated daily while growing up were 16% more likely to report higher happiness as young adults, 30% less likely to have started having sex at a young age, and 40% less likely to have a sexually transmitted infection compared to those who never prayed or meditated.

# Drunk Punjab-origin man jailed for killing student in UK car crash




A Punjab-origin man, who drove his car in Leicester over the alcohol limit and ploughed into a student, killing him in January has been jailed for four years and eight months after a trial in which he remorsefully admitted his offence. Jagdip Dhesi, 30, was sentenced to jail in the Leicester crown court this week for killing pedestrian Paul Radcliffe, 18. He has also been banned from driving for 76 months, the Leicester police said.

Dhesi's lawyer Balraj Bhatia mentioned his client's "deep remorse" and his charity work in the Sikh community during the trial. His family accepted he should be punished in the acknowledgement of the sorrow that had been caused.

Dhesi tried to avoid police cars and failed to stop after hitting Radcliffe, but was arrested when he returned home an hour after the incident. The victim was pronounced dead on the scene. Dhesi said he was aware of hitting something but not a person. Detective sergeant Gary Haines said: "Dhesi had no intention of stopping for the police. He knew he was over the drink-drive limit and therefore I believe he didn't want to stop and thought that he could make good his escape." "This decision proved to be fatal, resulting in an innocent young man losing his life. I hope the fact that he admitted his crime – and been given a custodial sentence – will provide a small amount of relief to Radcliffe's family, who are still coming to terms with their loss." He said. Judge Robert Brown told Dhesi: "You were driving a very powerful car this night, which had tremendous acceleration. You shouldn't have been driving the car; you had excess alcohol in your system." "Paul Radcliffe was crossing the road. He was behaving sensibly and did nothing wrong. He was in no way to blame for this collision at all and you quite properly accept that...No sentence I pass can ever measure up to the value of a loss of life," the judge said.

# NASA descends on Icelandic lava field to prepare for Mars mission in 2020

To prepare for the next mission to Mars in 2020, NASA has taken to the lava fields of Iceland to get its new robotic space explorer ready for the job.

With its black basalt sand, wind-swept dunes and craggy peaks, the Lambahraun lava field at the foot of Iceland's second biggest glacier, Langjokull, was chosen as a stand-in for the Red Planet's surface.

For three weeks, 15 scientists and engineers sent by the US space agency descended on the site, 100 kilometres (62 miles) from the capital, Reykjavik, last month to develop a prototype.

It will aim to continue the work of the "Curiosity" rover, which has been exploring Mars since 2012 in search of signs of ancient life and making preparations for human exploration.

Experts say that Iceland, a volcanic island in the middle of the North Atlantic, is in many ways reminiscent of the fourth planet from the Sun.

"It's a very good analogue for Mars exploration and learning how to drive Mars rovers," said Adam Deslauriers, manager of space and education, at Canada's Mission Control Space Services.

The company has been commissioned by NASA to test a rover prototype as part of the SAND-E (Semi-Autonomous Navigation for Detrital Environments) project.


The prototype is a small, electric vehicle with white panels and an orange chassis.

It has a four-wheel drive propelled by two motors and is powered by 12 small car batteries stacked inside.

"This rover we have... (is) basically indestructible," Deslauriers told Media.

"The rovers that we have on Mars and the Moon would be a lot more sensitive to the environment and conditions of Iceland.

"A Moon rover is completely unprepared for rain," he added, just as a rain shower swept in.Equipped with sensors, a computer, a dual-lens camera and controlled remotely, the rover moves its approximately 570 kilograms (1,257 pounds) at a leisurely speed of about 20 centimetres (7.9 inches) per second.



The speed needs to be slow to enable the rover to collect data and imagery properly, Mark Vandermeulen, a robotics engineer at Mission Control Space Services, said.

The meagre pace on the lava field is still two to four times faster than the speed it will be driving at its extraterrestrial destination.- Transmitting from Mars to Earth -

Utilising its sensors and camera, the rover gathers and classifies data from its environment and sends back the findings to the engineers' trailer.

The engineers then package the data and forward it to a tent where the scientists are huddled, to simulate how the data would be sent from Mars to Earth.

The rover exploring Iceland is just a prototype for the one that will be going to Mars next year.

That one, which has yet to be named, will also be able to collect samples and store them in tubes to be brought back to Earth by future missions.

As the prototype isn't capable of doing this, researchers walk to the area studied, armed with radiometers and other equipment, to collect all the data samples that the finished rover would be able to do. - 'Similar to Mars'-

The sites are selected to study how the chemical composition and physical properties of the sand and rocks change as they move from the glacier to a nearby river.

Before Mars became an inhospitable frozen desert with an average temperature of minus 63 degrees C (minus 81.4 degrees F), scientists believe that the planet shared many of the characteristics of the subarctic island.

"The mineralogy in Iceland is very similar to what we would find on Mars," Ryan Ewing, associate professor of geology at Texas A&M University, said.

In particular, Ewing referred to minerals such as olivine and pyroxenes, both dark so-called mafic rocks, which have also been found on Mars.

"In addition to that, we don't have much vegetation, it's cold and we have some of the environments like sand dunes and rivers and glaciers that Mars has evidence of in the past," Ewing said.

Iceland has previously been used as a training ground for NASA missions.

During the Apollo mission years, 32 astronauts in the mid-1960s received geological training in the Askja lava fields and near the Krafla crater in the north of the country.

The setting allows NASA to test equipment and procedures, as well as the people performing them, in extreme environments while remaining on terra firma.

# India, China no longer developing nation, won't let them take benefits: Trump



President Donald Trump has said India and China have "grown" up, and they are no longer "growing nations" that have enjoyed "tremendous advantages" at the cost of "mature nations" like the United States in the context of trade and other bilateral and multilateral relations, and he will not allow that to continue.

Without naming the two countries, Trump went on to cite "victories" scored by the US on his watch in trade fights at the World Trade Organization (WTO) and the pulling out of the Paris Accord on climate change as proof of an attitude change effected by his America to stop countries for "screwing" it any longer.Certain countries -- like China, India, many countries," Trump said at an event in Pennsylvania on American energy and manufacturing on Monday, "were viewed … as 'they're growing'. Right? They're 'growing nations'. We're a 'mature nation'. They're growing. These are 'growing nations'".

"Well, they've grown," Trump added. "And they had tremendous advantages. But we're not letting that happen anymore, okay?" He may have been referring to certain concessions and preferential treatment "growing", "developing" and "emerging" nations are know to receive under some arrangements.

Trump ended duty-free preferential trade benefits for India — under the Generalized System of Preferences (GSP) — in July after failing to extract concessions on market access in dairy and medical devices sectors, has threatened "reciprocal" higher tariffs at other times and his administration is understood to be planning more punitive measures in pursuit of a lengthening list of US grievances.

Trump ran for the White House on the promise of ending unequal trade and other pacts the United States had signed up for under past presidents — and he has been critical of both Republican and Democrats — with an "America First" vision, and has steadily ended American participation in them or renegotiated them after assuming office. Such as the Paris Accord, the Trans-Pacific Partnership and the North American Free Trade Agreement.

Pulling out of the Paris Accord in 2017, the American president had wrongly alleged India and China were to receive billions of dollars in help under the agreement for mitigating their green house emissions while the United States would have had to throttle its own industries with crippling environmental regulations.The Pairs Accord, the president said, would have taken away American wealth. "It wasn't for us; it was good for others. It wasn't for us. We had to pay money to other countries that are very substantial countries." He did not name these "substantial countries" but he likely had India in mind, and some others.

"India makes its participation contingent on receiving billions and billions and billions of dollars in foreign aid from developed countries," Trump had said in a speech in June 2017, announcing his decision to pull the US out of the Accord. And he had blasted the pact for allowing both India and China to continue to use coal for their power plants while the US was required to go off it completely.

Trump has since then rolled back Obama-era environmental regulations that he believed were holding back American manufacturing and energy production and levied higher tariffs on China, India and other trading partners he believes have been "screwing us for years".

# Donald Trump FINALLY warns China to 'work humanely with Hong Kong






Donald Trump invited Chinese leader Xi Jinping to participate in face-to-face talks on Wednesday evening amid mounting criticism of the American president's response to protests in Hong Kong.

He used their flat-lined trade agreement as bait, saying that China must work with 'work humanely with Hong Kong' before he'll reopen economic talks.

'Of course China wants to make a deal. Let them work humanely with Hong Kong first!' he said in a tweet.

The ex-businessman said in a follow-up, 'I know President Xi of China very well. He is a great leader who very much has the respect of his people. He is also a good man in a "tough business." I have ZERO doubt that if President Xi wants to quickly and humanely solve the Hong Kong problem, he can do it. Personal meeting?' He'd blamed Hong Kong protesters for his faltering trade accord with China on Wednesday afternoon, as the stock market plummeted. With the Dow down 750 points, and 2.84 percent, the president claimed 'Hong Kong is not helping' him seal the deal with Beijing.

'We are winning, big time, against China. Companies & jobs are fleeing. Prices to us have not gone up, and in some cases, have come down. China is not our problem, though Hong Kong is not helping,' he said. 'Our problem is with the Fed. Raised too much & too fast. Now too slow to cut.'

Trump spread his shrapnel far and wide, hitting 'clueless Jay Powell and the Federal Reserve' and allied nations like Germany for 'playing the game' and stoking fears of a recession in the United States.

'CRAZY INVERTED YIELD CURVE! We should easily be reaping big Rewards & Gains, but the Fed is holding us back. We will Win!' he said in a tweet.

Trump's muted response to demonstrations in Hong Kong, where protesters have been clashing with police at the airport, has been increasingly criticized by his political opponents, including Nancy Pelosi and Joe Biden.

The vacationing president has declined to join other U.S. officials in denouncing violence against the protesters.

Instead, he pegged demonstrators for the stock market's free fall, which closed -800.49 points and -3.05 percent within an hour of his tweet

While Trump was holed up at Bedminster on Wednesday, where his activities for the day were unknown, his advisers attempted to settle rattled markets.

White House Director of Trade Policy Peter Navarro acknowledged on Fox Business that Trump was responding to complaints from CEOs, who worried that September tariffs would blow a hole in holiday shopping.

'The first of all is, for the holidays, they had already bought the stuff. They had dollar-denominated contracts. There was no way based on those contracts they could shift the burden of the price of the tariffs back to the Chinese,' he said. 'And on that basis alone, there was no reason to inflict harm on ourselves.'

Navarro said the delay was also introduced to give the company's more time to shift production out of Beijing.

'So what the president has done with this strong and flexible decision,' he said, 'is basically continue the pressure on China, which most of the pressure now is the fact that China is losing their supply chain. And so that's where — that's where things stand.'

Commerce Secretary Wilbur Ross claimed in a CNBC interview that Tuesday delay in tariffs on Chinese-produced goods like cell phones and laptops weren't a trade concession to Beijing.

'Nobody wants to take any chance of disrupting the Christmas season,' he explained. 'This was not a quid pro quo.'

He tried to decouple a trade deal from the Hong Kong protests that Trump would later bring up, claiming, that the U.S. government wouldn't have 'done anything different in the past' because it's an not a matter for the nation to get involved in.

'What would we do, invade Hong Kong?' he replied. Ross said: 'This is an internal matter.'

# Shiromani Akali Dal honors USA West Narendra Singh



**Sant Jarnail Singh ji bhindranwale**



**Sr. Simranjit Singh Mann President S.A.D (Amritsar)**





**Sr. Resham Singh Senior Vice President California**



**Sr. Narinder Singh President S.A.D. Amritsar USA (West)**

S. Narinder Singh Singh Ji is a resident of Richmond Hill, New York, who is a highly settled man. Narinder Singh Ji Shiromani Akali Dal Amritsar SAO There are presidents of the West Committee who are very well led by this 13-member committee. This committee is recognized by Simranjit Singh Mann. S. Resham Singh California (USA) Senior Vice President has appointed Narinder Singh as the head of this party in New York. Narinder Singh ji helps the needy in the best way and helps solve the problem of getting paper. A large meeting was held at the Royal Palace Richmond Hill on August 11, 2019 in which more than 300 people from across the region joined. At this point, the required ID The forms were also filled out and their identity cards were created. The gathering of unfathomable people was proof of Narinder Singh's good nature and helps to the people. God bless him so that the Shiromani Akali Dal Amritsar USA The West Committee should be more successful and serve the people. The residents of the area are proud of Narinder Singh ji.


DESI DELI
INDIAN RESTAURANT



DESI DELI INDIAN RESTAURANT

Free Delivery Authentic Dishes Catering Service

Punjabi Parantha, Punjabi Curry, Puri Cholay
Cholaa Bhutara, Kati Roll, Chicken Tikka Masala
Chicken Karahi, Karhi Pakora

Special Thali $10:99

Need Tandoori chef

Telephone: +1 212 399 9007, 917-535-1010
Fax : +1 212 399 9008, E-mail: info@desideli.com
724 10th Avenue Between 49th & 50th Street New York, NY 10019
www.desideli.com



# ਧਰਮ, ਵਿਰਸਾ ਸਭਿਆਚਾਰ



## ਧਰਮ ਕੀ ਸੀ ਅਤੇ ਕੀ ਬਣਾ ਦਿੱਤਾ ਗਿਆ

ਜੇ ਕਰ ਸੰਖੇਪ ਅਤੇ ਸਿੱਧੇ ਜਿਹੇ ਸ਼ਬਦਾਂ ਵਿੱਚ ਧਰਮ ਦੀ ਵਿਆਖਿਆ ਕਰਨੀ ਹੋਵੇ ਤਾਂ ਕਹਿ ਸਕਦੇ ਹਾਂ ਕਿ ਧਰਮ ਇੱਕ ਸਦਾਚਾਰਕ ਜੀਵਨ ਜਾਂਚ ਦਾ ਨਾਮ ਹੈ। ਸੁਖਮਨੀ ਬਾਣੀ ਵਿੱਚ ਇੱਕ ਪੰਗਤੀ ਆਉਂਦੀ ਹੈ:

ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥

ਪ੍ਰੋ: ਸਾਹਿਬ ਸਿੰਘ ਜੀ ਦੇ ਕੀਤੇ ਹੋਏ ਅਰਥ:- (ਹੇ ਮਨ !) ਪ੍ਰਭੂ ਦਾ ਨਾਮ ਜਪ (ਤੇ) ਪਵਿਤ੍ਰ ਆਚਰਣ (ਬਣਾ) ਐਇਹ ਧਰਮ ਸਾਰੇ ਧਰਮਾਂ ਨਾਲੋਂ ਚੰਗਾ ਹੈ।

ਪ੍ਰਭੂ ਦਾ ਨਾਮ ਜਪਣ ਬਾਰੇ ਇਸ ਉਪਰੋਕਤ ਪੰਗਤੀ ਵਿੱਚ ਜ਼ਿਕਰ ਹੈ। ਹੁਣ ਨਾਮ ਜਪਣ ਬਾਰੇ ਵੀ ਵੱਖ-ਵੱਖ ਜਥੇਬੰਦੀਆਂ ਅਥਵਾ ਕਥਿਤ ਮਹਾਂਪੁਰਸ਼ਾਂ ਨੇ ਆਪਣੀਆਂ-ਆਪਣੀਆਂ ਵੱਖਰੀਆਂ ਵਿਧੀਆਂ ਪ੍ਰਚਲਤ ਕੀਤੀਆਂ ਹੋਈਆਂ ਹਨ। ਜੇ ਕਰ ਆਪਣੀ ਮਰਜ਼ੀ ਨਾਲ ਕਿਸੇ ਖਾਸ ਸ਼ਬਦ ਦਾ ਰਟਨ ਕਰਕੇ ਗਿਣਤੀਆਂ ਮਿਣਤੀਆਂ ਦੇ ਅਧਾਰ ਤੇ ਜਿਵੇਂ ਕਿ ਕਈ, ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥ ਦੇ ਕਰਦੇ ਹਨ। ਇਸ ਗਿਣਤੀ ਵਾਲੇ ਹੱਠ ਨਾਲ ਤਾਂ ਹਰ ਕੋਈ ਪ੍ਰਭੂ ਪਾ ਸਕਦਾ ਹੈ। ਪਰ ਐਸਾ ਕਦੀ ਹੋਇਆ ਹੈ ? ਉਂਜ ਕਈ ਸਾਧ ਅਤੇ ਉਹਨਾ ਦੇ ਚੇਲੇ ਆਪਣੀ ਕਥਿਤ ਚੁਰਾਸੀ ਕੱਟਣ ਵਾਸਤੇ ਬਉਲੀ ਦੀ ਹਰ ਪਉੜੀ ਤੇ ਇਸ਼ਨਾਨ ਕਰਕੇ ਜਪੁਜੀ ਦਾ ਪਾਠ ਕਰਨ ਨਾਲ ਆਪਣੀ ਚੁਰਾਸੀ ਕੱਟ ਹੋਣ ਦਾ ਭਰਮ ਪਾਲੀ ਬੈਠੇ ਹਨ। ਫਰਜ਼ ਕਰੋ ਜੇ ਕਰ ਇਸ ਗੱਲ ਨੂੰ ਠੀਕ ਮੰਨ ਲਿਆ ਜਾਵੇ ਫਿਰ ਤਾਂ ਇੱਕ ਵਾਰੀ ਹਠ ਕਰਕੇ ਚੁਰਾਸੀ ਪਾਠ ਕਰਕੇ ਅਤੇ ਕਥਿਤ ਜੂਨਾ ਵਾਲੀ ਚਰਾਸੀ ਕੱਟ ਕੇ ਬਾਕੀ ਦੀ ਜ਼ਿੰਦਗੀ ਜੋ ਮਰਜ਼ੀ ਕਰੀ ਜਾਵੇ। ਕਿਉਂਕਿ ਚਰਾਸੀ ਤਾਂ ਉਸ ਦੀ ਕੱਟੀ ਹੀ ਗਈ ਹੈ। ਅਸਲ ਗੱਲ ਤਾਂ ਇਹ ਸੀ ਕਿ ਗੁਰੂ ਅਮਰਦਾਸ ਜੀ ਨੇ ਸੁੱਚ-ਭਿੱਟ ਵਾਲੀ ਚੁਰਾਸੀ ਕੱਟੀ ਸੀ ਅਤੇ ਕਰਮਕਾਂਡੀ ਸਿੱਖਾਂ ਨੇ ਉਸ ਨੂੰ ਆਪਣੇ ਕਰਮ-ਕਾਂਡ ਵਿੱਚ ਬਦਲ ਲਿਆ ਹੈ। ਜੇ ਕਰ ਨਾਮ ਜਪਣ ਨੂੰ ਬਹੁਤ ਹੀ ਸੌਖੇ ਸ਼ਬਦਾਂ ਵਿੱਚ ਸਮਝਣਾ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਜੋ ਅਕਾਲ ਪੁਰਖ ਦੇ ਗੁਣ ਬਾਣੀ ਵਿੱਚ ਅਤੇ ਸਾਰੀ ਬਾਣੀ ਦੇ ਗੁਣ ਬਾਣੀ ਦੇ ਮੁੱਢ ਵਿੱਚ ਹੀ ਮੰਗਲਾਚਰਨ ਵਿੱਚ ਦੱਸੇ ਗਏ ਹਨ, ਉਹਨਾ ਨੂੰ ਆਪਣੇ ਜੀਵਨ ਵਿੱਚ ਵੱਧ ਤੋਂ ਵੱਧ ਅਪਣਾਉਣ ਦੀ ਕੋਸ਼ਿਸ਼ ਕਰਨਾ ਹੀ ਅਸਲ ਵਿੱਚ ਨਾਮ ਜਪਣਾ ਹੈ ਅਤੇ ਇਹੀ ਧਰਮ ਹੈ। ਅਸੀਂ ਧਰਮ ਦੇ ਕੱਪੜਿਆਂ ਦੇ ਸ਼ਿਗਾਰ ਨੂੰ ਹੀ ਧਰਮ ਸਮਝੀ ਬੈਠੇ ਹਾਂ। ਸਾਰੇ ਗੁਰੂਆਂ ਅਤੇ ਭਗਤਾਂ ਨੇ ਗੁਰਬਾਣੀ ਵਿਚਲੇ ਰੱਬੀ ਗੁਣ ਆਪਣੇ ਜੀਵਨ ਵਿੱਚ ਅਪਣਾਏ। ਜੇ ਕਰ ਗੁਰਬਾਣੀ ਵਿੱਚ ਵਰਤੇ ਗਏ ਸ਼ਬਦ, ਸਾਧ, ਸੰਤ ਅਤੇ ਬ੍ਰਹਮਗਿਆਨੀ ਬਾਰੇ ਵਿਚਾਰ ਕਰੀਏ ਅਤੇ ਖਾਸ ਕਰਕੇ ਸੁਖਮਨੀ ਬਾਣੀ ਦੀਆਂ ਉਹਨਾ ਅਸਟਪਦੀਆਂ ਬਾਰੇ ਜਿਹਨਾ ਵਿੱਚ ਇਹਨਾ ਦਾ ਜ਼ਿਕਰ ਹੈ ਤਾਂ ਇਹ ਗੱਲ ਸਹਿਜੇ ਹੀ ਸਮਝ ਵਿੱਚ ਆ ਸਕਦੀ ਹੈ ਕਿ ਇਹਨਾ ਵਿੱਚ ਕਿਹੜੇ ਗੁਣਾਂ ਦੀ ਵਿਆਖਿਆ ਕੀਤੀ ਗਈ ਹੈ। ਕੀ ਕਿਸੇ ਮਨੁੱਖ ਵਿੱਚ ਅਜਿਹੇ ਗੁਣ ਹੋ ਸਕਦੇ ਹਨ ? ਇਹ ਸਾਰੇ ਗੁਣ ਕਿਸੇ ਵੀ ਵਿਆਕਤੀ ਵਿੱਚ ਹੋਣੇ ਅਸੰਭਵ ਹਨ। ਪਰ ਗੁਰੂਆਂ ਅਤੇ ਭਗਤਾਂ ਵਿੱਚ ਇਹ ਗੁਣ ਕਾਫੀ ਹੱਦ ਤੱਕ ਦੇਖੇ ਜਾ ਸਕਦੇ ਹਨ। ਧਰਮੀ ਅਖਵਾਉਣ ਵਾਲਿਆਂ ਵਿੱਚ ਇਹ ਗੁਣ ਕੁੱਝ ਨਾ ਕੁੱਝ ਜ਼ਰੂਰ ਦਿਸਣੇ ਚਾਹੀਦੇ ਹਨ। ਜੇ ਕਰ ਕੋਈ ਵਿਆਕਤੀ ਇਹਨਾ ਤੋਂ ਵਿਪਰੀਤ ਔਗੁਣਾ ਨਾਲ ਭਰਪੂਰ ਹੈ ਤਾਂ ਉਸ ਨੂੰ ਕਤਈ ਵੀ ਧਰਮੀ ਨਹੀਂ ਕਿਹਾ ਜਾ ਸਕਦਾ ਉਸ ਦਾ ਨਾਮ ਭਾਵੇਂ ਕਿਤਨਾ ਵੀ ਵੱਡਾ ਕਿਉਂ ਨਾ ਹੋਵੇ। ਅਜਿਹੇ ਵਿਆਕਤੀ ਨੂੰ ਧਾਰਮਿਕ ਲਿਬਾਸ ਵਿੱਚ ਇੱਕ ਸ਼ੈਤਾਨ, ਹੈਵਾਨ ਜਾਂ ਨਾਸਤਕ ਕਹਿ ਸਕਦੇ ਹਾਂ। ਧਾਰਮਿਕ ਲਿਬਾਸ ਵਿੱਚ ਅਜਿਹੇ ਸ਼ੈਤਾਂਨ ਲੋਕਾਂ ਦੀ ਬਹੁਤ ਭਰਮਾਰ ਹੈ। ਹਰ ਧਰਮ ਵਿੱਚ ਅਜਿਹੇ ਸ਼ੈਤਾਂਨ ਲੋਕ ਮੌਜੂਦ ਹਨ ਜਿਹਨਾ ਨੇ ਆਮ ਲੋਕਾਂ ਦਾ ਜੀਵਨ ਜਿਉਣਾ ਦੁੱਭਰ ਕੀਤਾ ਹੋਇਆ ਹੈ। ਸਭ ਤੋਂ ਵੱਧ ਧਾਰਮਿਕ ਲਿਬਾਸ ਵਿੱਚ ਕੱਟੜ ਹੈਵਾਨ ਇਸਲਾਮ ਧਰਮ ਨੂੰ ਮੰਨਣ ਵਾਲਿਆਂ ਵਿੱਚ ਹਨ। ਇਹਨਾ ਹੈਵਾਨਾ ਨੇ ਸਾਰੀ ਦੂਨੀਆ ਵਿੱਚ ਭੜਥੂ ਪਾਇਆ ਹੋਇਆ ਹੈ। ਥੋੜੇ ਜਿਹੇ ਵਿਰੋਧੀ ਵਿਚਾਰਾਂ ਵਾਲਿਆਂ ਨੂੰ ਕਤਲ ਕਰਨਾ ਹੀ ਧਰਮ ਸਮਝਦੇ ਹਨ। ਸ਼ੀਆ ਅਤੇ ਸੁੰਨੀ ਆਪਸ ਵਿੱਚ ਲੱਖਾਂ ਦੀ ਗਿਣਤੀ ਵਿੱਚ ਕਤਲ ਹੋ ਚੁੱਕੇ ਹਨ। ਇਸਲਾਮ ਵਿੱਚ ਹੀ ਇੱਕ ਹੋਰ ਫਿਰਕਾ ਹੈ ਅਹਿਮਦੀਆਂ ਦਾ ਜਿਹੜਾ ਕਿ ਕੁੱਝ ਘੱਟ ਕੱਟੜ ਅਤੇ ਅਗਾਂਹ ਵਧੂ ਵਿਚਾਰਾਂ ਵਾਲਾ ਹੈ। ਕੁੱਝ ਦਿਨ ਹੋਏ ਹਨ ਕਿ ਇਸ ਫਿਰਕੇ ਨਾਲ ਸੰਬੰਧਿਤ ਇੱਕ ਡਾ: ਜਿਹੜਾ ਕਿ ਕਨੇਡਾ ਅਮਰੀਕਾ ਦਾ ਨਾਗਰਿਕ ਸੀ ਅਤੇ ਉਹ ਕੁੱਝ ਦਿਨ ਪਹਿਲਾਂ ਪਾਕਿਸਤਾਨ ਗਿਆ ਸੀ। ਉਸ ਨੂੰ ਉਥੇ ਕਤਲ ਕਰ ਦਿੱਤਾ ਗਿਆ ਹੈ। ਮੀਡੀਏ ਦੀਆਂ ਖਬਰਾਂ ਮੁਤਾਬਕ ਉਸ ਦੇ ਕਤਲ ਹੋਣ ਦਾ ਮੁੱਖ ਕਾਰਨ ਇਹ ਸੀ ਕਿ ਉਹ ਬਹੁਤਾ ਕੱਟੜ ਮੁਸਲਮਾਨ ਨਹੀਂ ਸੀ। ਇਸਲਾਮ ਦੀ ਸ਼ੈਤਾਨੀ ਕੱਟੜਤਾ ਅਫਰੀਕਾ ਦੇ ਦੇਸ਼ਾਂ ਵਿੱਚ ਵੀ ਕਾਫੀ ਫੈਲ ਰਹੀ ਹੈ। ਪਿਛਲੇ ਕਈ ਹਫਤਿਆਂ ਤੋਂ ਇਹ ਖ਼ਬਰ ਸਾਰੀ ਦੁਨੀਆ ਵਿੱਚ ਦਿਖਾਈ ਜਾ ਰਹੀ ਹੈ ਕਿ ਕਿਵੇਂ ਨਾਈਜ਼ੀਰੀਆ ਵਿੱਚ ਸਕੂਲਾਂ ਵਿੱਚ ਪੜ੍ਹਦੀਆਂ ਸੈਂਕੜੇ ਕੁੜੀਆਂ ਨੂੰ ਅਗਵਾ ਕੀਤਾ ਹੋਇਆ ਹੈ। ਇਹ ਸ਼ੈਤਾਨ ਲੋਕ ਕੁੜੀਆਂ ਨੂੰ ਵਿਦਿਆ ਦੇਣੀ ਪਾਪ ਸਮਝਦੇ ਹਨ। ਅਫਗਾਨਿਸਤਾਨ ਵਿੱਚ ਵੀ ਤਾਲਬਾਨਾਂ ਨੇ ਕੁੜੀਆਂ ਦੇ ਸੈਂਕੜੇ ਸਕੂਲ ਢਾਹ ਦਿੱਤੇ ਸਨ/ਹਨ। ਸਿੱਖ ਧਰਮ ਵਿੱਚ ਵੀ ਕਈ ਅਜਿਹੇ ਤਾਲਬਾਨੀ ਸੋਚ ਦੇ ਧਾਰਨੀ ਹਨ ਜਿਹਨਾ ਦੇ ਅਨੁਸਾਰ ਬੀਬੀਆਂ ਮੁੱਖ ਕੇਂਦਰੀ ਗੁਰਦੁਰਿਆਂ ਵਿੱਚ ਕੀਰਤਨ ਨਹੀਂ ਕਰ ਸਕਦੀਆਂ, ਪੰਚਾਂ ਵਿੱਚ ਸ਼ਾਮਲ ਨਹੀਂ ਹੋ ਸਕਦੀਆਂ ਅਤੇ ਹੋਰ ਵੀ ਕਈ ਕਿਸਮ ਦੀ ਸੇਵਾ ਨਹੀਂ ਕਰ ਸਕਦੀਆਂ। ਅਜਿਹੀ ਤਾਲਬਾਨੀ ਸੋਚ ਬਹੁਤਾ ਕਰਕੇ ਡੇਰਿਆਂ ਵਿਚੋਂ ਆਉਂਦੀ ਹੈ ਅਤੇ ਬਹੁਤੇ ਸਿੱਖ ਡੇਰਾਵਾਦੀਆਂ ਨੂੰ ਹੀ ਮਹਾਨ ਦੱਸ ਕੇ ਵਡਿਆਉਂਦੇ ਹਨ ਭਾਂਵੇ ਕਿ ਉਹਨਾ ਦੇ ਬਹੁਤੇ ਕੰਮ ਐਂਟੀ ਸਿੱਖ ਧਰਮ ਹੀ ਕਿਉਂ ਨਾ ਹੋਣ। ਸਿੱਖ ਧਰਮ ਵਿੱਚ ਦਸ ਗੁਰੂ ਸਰੀਰ ਕਰਕੇ ਵਿਚਰੇ ਹਨ ਕਿਸੇ ਇੱਕ ਨੇ ਵੀ ਹਿੰਸਾ ਦਾ ਪ੍ਰਚਾਰ ਨਹੀਂ ਕੀਤਾ। ਕਿਸੇ ਦੀ ਈਨ ਵੀ ਨਹੀਂ ਮੰਨੀ ਅਤੇ ਸੱਚ ਨੂੰ ਸੱਚ ਅਤੇ ਜਾਬਰ ਨੂੰ ਜਾਬਰ ਵੀ ਕਿਹਾ ਹੈ। ਦੋ ਗੁਰੂਆਂ ਨੇ ਮਜ਼ਬੂਰੀ ਵੱਸ ਧਰਮ ਦੇ ਬਚਾਓ ਲਈ ਤਲਵਾਰ ਉਠਾਈ ਸੀ। ਕਿਸੇ ਇੱਕ ਵੀ ਨਿਰਦੋਸ਼ੇ ਦਾ ਕਤਲ ਨਹੀਂ ਕੀਤਾ ਅਤੇ ਨਾ ਹੀ ਕਤਲ ਕਰਨ ਲਈ ਉਕਸਾਹਟ ਕੀਤਾ। ਦਸਵੇਂ ਪਾਤਸ਼ਾਹ ਦੇ ਆਪਣੇ ਬੱਚੇ ਅਤੇ ਮਾਤਾ ਪਿਤਾ ਨੂੰ ਸ਼ਹੀਦ ਕਰਨ ਵਾਲੇ ਨਾਲ ਵੀ ਕੋਈ ਨਫਰਤ ਨਹੀਂ ਪਾਲੀ। ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜ ਕੇ ਬਦਲਾ ਲੈਣ ਵਾਲੀ ਗੱਲ ਵੀ ਬਹੁਤੀ ਜਚਦੀ ਨਹੀਂ ਲਗਦੀ। ਕੀ ਗੁਰੂ ਸਾਹਿਬ ਆਪ ਅਤੇ ਪੰਜਾਬ ਵਿਚਲੇ ਹੋਰ ਸਿੱਖ ਜਿਹੜੇ ਕਿ ਗੁਰੂ ਸਾਹਿਬਾਂ ਦੇ ਨਾਲ ਇਤਨਾ ਚਿਰ ਵਿਚਰਦੇ ਰਹੇ ਕੀ ਉਹ ਸਾਰੇ ਡਰਪੋਕ ਅਤੇ ਬੁਜ਼ਦਿਲ ਸਨ ? ਕੀ ਉਹ ਆਪ ਇਹ ਕੰਮ ਨਹੀਂ ਸੀ ਕਰ ਸਕਦੇ ? ਇਸ ਤਰ੍ਹਾਂ ਦੇ ਅਨੇਕਾਂ ਹੀ ਸਵਾਲ ਪੈਦਾ ਹੁੰਦੇ ਹਨ। ਦਰ ਅਸਲ ਗੱਲ ਇਹ ਹੈ ਕਿ ਅਸੀਂ ਗੁਰੂਆਂ ਨੂੰ ਗੱਲੀ ਬਾਤੀਂ ਤਾਂ ਬਹੁਤ ਮਹਾਨ ਦਰਸਾ ਦਿੰਦੇ ਹਾਂ ਪਰ ਬਦਲਾ ਲੈਣ ਦੀ ਗੱਲ ਕਰਕੇ ਬਹੁਤ ਹੀ ਛੋਟਾ ਅਤੇ ਇੱਕ ਆਮ ਇਨਸਾਨ ਦੀ ਸੋਚਣੀ ਨਾਲੋਂ ਵੀ ਛੋਟਾ ਕਰ ਦਿੰਦੇ ਹਾਂ। ਅਸੀਂ ਇਹ ਸੋਚਦੇ ਹਾਂ ਕਿ ਜਿਸ ਤਰ੍ਹਾਂ ਅਸੀਂ ਸੋਚਦੇ ਹਾਂ ਸ਼ਾਇਦ ਗੁਰੂਆਂ ਦੀ ਸੋਚਣੀ ਵੀ ਅਜਿਹੀ ਹੀ ਹੋਵੇਗੀ। ਕਿਉਂਕਿ ਸਾਡੀ ਸੋਚਣੀ ਗੁਰਬਾਣੀ ਦੇ ਵਿਪਰੀਤ ਹੁੰਦੀ ਹੈ ਪਰ ਗੁਰੂਆਂ ਨੇ ਜੋ ਬਾਣੀ ਵਿੱਚ ਅਕਾਲ ਪੁਰਖ ਦੇ ਗੁਣ ਨਿਰਭਉ ਅਤੇ ਨਿਰਵੈਰੁ ਦੱਸੇ ਹਨ ਉਹਨਾ ਨੂੰ ਆਪਣੀ ਜ਼ਿੰਦਗੀ ਵਿੱਚ ਅਪਣਾਇਆ ਸੀ। ਜੇ ਕਰ ਅਸੀਂ ਆਪਣੀ ਸੋਚਣੀ ਮੁਤਾਬਕ ਗੁਰੂਆਂ ਦੀ ਸੋਚਣੀ ਵਿਚੋਂ ਇਹ ਨਿਰਵੈਰਤਾ ਵਾਲੇ ਗੁਣ ਕੱਢ ਦਈਏ ਤਾਂ ਦੱਸੋ ਫਿਰ ਆਮ ਵਿਆਕਤੀ ਵਿੱਚ ਅਤੇ ਗੁਰੂ ਵਿੱਚ ਕੀ ਫਰਕ ਰਹਿ ਗਿਆ ? ਇਸੇ ਕਰਕੇ ਦਸਮ ਗ੍ਰੰਥ ਵਿਚਲੀ ਚੌਪਈ ਦੀ ਰਚਨਾ ਮੈਨੂੰ ਪਹਿਲੇ ਦਿਨ ਤੋਂ ਹੀ ਨਹੀਂ ਸੀ ਚੰਗੀ ਲੱਗ ਰਹੀ ਮੇਰੇ ਲਈ ਇਹ ਅੰਮ੍ਰਿਤ ਬਾਣੀ ਨਹੀਂ ਸਗੋਂ ਨਫਰਤ ਬਾਣੀ ਹੈ। ਮੈਂ ਤਾਂ ਇਹ ਸਮਝਦਾ ਹਾਂ ਕਿ ਇਸ ਨੂੰ ਨਿਤਨੇਮ ਵਿੱਚ ਸ਼ਾਮਲ ਕਰਕੇ ਗੁਰੂਆਂ ਦੀ ਖਾਸ ਕਰਕੇ ਦਸਵੇਂ ਗੁਰੂ ਦੀ ਰੱਜ ਕੇ ਬੇਇਜ਼ਤੀ ਕੀਤੀ ਗਈ ਹੈ। ਪਰ ਧਰਮ ਦੇ ਲਿਬਾਸ ਵਿੱਚ ਆਪਣੇ ਆਪ ਨੂੰ ਸਭ ਤੋਂ ਧਰਮੀ ਅਖਵਾਉਣ ਵਾਲਿਆਂ ਲਈ ਇਹ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਰਚਨਾ ਹੈ ਤਾਂ ਕਿ ਧਰਮ ਦੇ ਨਾਮ ਤੇ ਆਪਣੇ ਅੰਦਰ ਵੱਧ ਤੋਂ ਵੱਧ ਨਫਰਤ ਭਰੀ ਜਾ ਸਕੇ। ਕਈ ਵਾਰੀ ਅਜਿਹਾ ਪੜ੍ਹਨ ਸੁਣਨ ਨੂੰ ਮਿਲਦਾ ਹੈ ਕਿ ਪੜ੍ਹ ਸੁਣ ਕੇ ਹੈਰਾਨ ਹੋ ਜਾਈਦਾ ਹੈ ਕਿ ਕਈ ਆਮ ਇਨਸਾਨਾਂ ਵਿੱਚ ਧਰਮ ਦੇ ਕਿਤਨੇ ਗੁਣ ਹਨ। ਜਿਹੜੇ ਵਿਆਕਤੀ ਮੇਰਾ ਇਹ ਲੇਖ ਪੜ੍ਹ ਰਹੇ ਹਨ ਉਹਨਾ ਨੂੰ ਯਾਦ ਹੋਵੇਗਾ ਕਿ ਅਮਰੀਕਾ ਵਿੱਚ ਇੱਕ ਵਿਆਕਤੀ ਨੇ ਤਿੰਨ ਬੀਬੀਆਂ ਨੂੰ ਜ਼ਬਰਦਸਤੀ ਉਧਾਲ ਕੇ ਆਪਣੇ ਘਰ ਬੰਦੀ ਬਣਾ ਕੇ ਰੱਖਿਆ ਹੋਇਆ ਸੀ। ਇਹ ਖ਼ਬਰ ਕਈ ਚਿਰ ਸਾਰੀ ਦੁਨੀਆ ਦੇ ਮੀਡੀਏ ਵਿੱਚ ਆਉਂਦੀ ਰਹੀ ਸੀ। ਕਈ ਸਾਲ ਲਗਾਤਾਰ ਉਹ ਵਿਆਕਤੀ ਇਹਨਾ ਤਿੰਨਾ ਬੀਬੀਆਂ ਨਾਲ ਜਬਰਦਸਤੀ ਕਰਦਾ ਰਿਹਾ ਅਤੇ ਜਦੋਂ ਫੜਿਆ ਗਿਆ ਤਾਂ ਜੇਲ ਵਿੱਚ ਹੀ ਆਤਮ ਹੱਤਿਆ ਕਰ ਗਿਆ ਸੀ। ਹੁਣ ਕੁੱਝ ਹਫਤੇ ਪਹਿਲਾਂ ਉਹਨਾਂ ਤਿੰਨ ਬੀਬੀਆਂ ਵਿਚੋਂ ਇੱਕ ਦੀ ਇੰਟਰਵੀਊ ਸੀ. ਬੀ. ਸੀ. ਰੇਡੀਓ ਤੇ ਆਈ ਸੀ। ਰੇਡੀਓ ਹੋਸਟ ਐਨੀ ਮੋਰੀਆ ਵੀ ਉਸ ਦੀਆਂ ਗੱਲਾਂ ਸੁਣ ਕੇ ਹੈਰਾਨ ਹੋ ਰਹੀ ਸੀ। ਜਦੋਂ ਉਸ ਬੀਬੀ ਨੂੰ ਪੁੱਛਿਆ ਗਿਆ ਕਿ ਤੂੰ ਉਸ ਬੰਦੇ ਬਾਰੇ ਕਿਸ ਤਰ੍ਹਾਂ ਸੋਚਦੀ ਹੈ ਜਿਸ ਨੇ ਤੈਨੂੰ ਇਤਨੇ ਸਾਲ ਬੰਦੀ ਬਣਾ ਕੇ ਤੇਰਾ ਸ਼ੋਸ਼ਣ ਕੀਤਾ ਹੈ। ਉਸ ਦਾ ਜਵਾਬ ਹੈਰਾਨ ਕਰਨ ਵਾਲਾ ਸੀ। ਉਸ ਨੇ ਕਿਹਾ ਕਿ ਭਾਵੇਂ ਉਸ ਨੇ ਮੈਨੂੰ ਇਤਨੇ ਸਾਲ ਤੰਗ ਕੀਤਾ ਹੈ, ਸੰਗਲਾਂ ਨਾਲ ਬੰਨ ਕੇ ਰੱਖਿਆ ਸੀ। ਕੁੱਟ-ਮਾਰ ਵੀ ਕਰਦਾ ਰਿਹਾ ਹੈ। ਕਈ ਵਾਰੀ ਗਰਭ ਵੀ ਡਿੱਗਿਆ ਸੀ ਪਰ ਫਿਰ ਵੀ ਉਸ ਦਾ ਇਨਸਾਨੀਅਤ ਦੇ ਨਾਤੇ ਭਲਾ ਹੀ ਸੋਚਦੀ ਹਾਂ ਕਿ ਉਸ ਨੂੰ ਆਤਮ ਹੱਤਿਆ ਨਹੀਂ ਸੀ ਕਰਨੀ ਚਾਹੀਦੀ। ਉਹ ਕਿਸੇ ਬੱਚਿਆਂ ਦਾ ਬਾਪ ਹੈ ਭਾਂਵੇ ਬੁਰਾ ਹੀ ਸਹੀ ਪਰ ਬੱਚੇ ਤਾਂ ਆਪਣੇ ਬਾਪ ਤੋਂ ਬਾਂਝੇ ਹੋ ਹੀ ਗਏ ਹਨ। ਜਦੋਂ ਰੇਡੀਓ ਹੋਸਟ ਨੇ ਪੁੱਛਿਆ ਕਿ ਤੇਰਾ ਮਨ ਇਤਨਾ ਵਿਸ਼ਾਲ ਅਤੇ ਤਾਕਤਵਰ ਕਿਵੇਂ ਹੈ ? ਤਾਂ ਉਸ ਦਾ ਜਵਾਬ ਸੀ ਕਿ ਇਹ ਸਭ ਉਸ ਪ੍ਰਭੂ ਦੀ ਹੀ ਦੇਣ ਹੈ। ਜਦੋਂ ਮੈਂ ਇਹ ਇੰਟਰਵੀਊ ਰਾਤ ਨੂੰ ਕੰਮ ਕਰਦੇ ਸਮੇ ਸੁਣੀ ਸੀ ਤਾਂ ਕਈ ਚਿਰ ਸੋਚਦਾ ਰਿਹਾ ਸੀ ਕਿ ਇਸ ਤਰ੍ਹਾਂ ਦੇ ਧਾਰਮਿਕ ਗੁਣ ਤਾਂ ਸਾਰੀ ਉਮਰ ਧਰਮ ਕਮਾਉਣ ਵਾਲਿਆਂ ਵਿੱਚ ਵੀ ਸ਼ਾਇਦ ਦਿਸਣ ਨੂੰ ਨਾ ਮਿਲਣ।

ਸਿੱਖ ਧਰਮ ਨੂੰ ਸਾਡੇ ਗੁਰੂਆਂ ਨੇ ਸਾਰੀ ਮਨੁੱਖਤਾ ਲਈ ਸਰਬ ਸਾਂਝਾ ਬਣਾਇਆ ਸੀ। ਦੁਨੀਆ ਦੇ ਕਿਸੇ ਵੀ ਦੇਸ਼ ਜਾਂ ਯੂ. ਐਨ. ਓ. ਦੇ ਕਿਸੇ ਵੀ ਵੱਧ ਤੋਂ ਵੱਧ ਮਨੁੱਖੀ ਹੱਕਾਂ ਵਾਲੇ ਕਨੂੰਨ ਦੀ ਜੇ ਗੱਲ ਕਰੀਏ ਤਾਂ ਉਹ ਗੁਰਬਾਣੀ ਵਿੱਚ ਪਹਿਲਾਂ ਹੀ ਮੌਜੂਦ ਹਨ। ਪਰ ਗੁਰਬਾਣੀ ਨੂੰ ਜਾਂ ਤਾਂ ਬਿਜਨਸ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ ਅਤੇ ਜਾਂ ਫਿਰ ਕਰਮਕਾਂਡ ਕਰਕੇ ਅਤੇ ਪਾਠ ਕਰਨ ਕਰਾਉਣ ਨਾਲ ਕਿਸੇ ਗੈਬੀ ਰੱਬੀ ਬਖ਼ਸ਼ਸ਼ ਦੁਆਰਾ ਆਪਣੀਆਂ ਸੁਖ ਸਹੂਲਤਾਂ ਵਿੱਚ ਵਾਧੇ ਦੀ ਆਸ ਲਈ। ਗੁਰਬਾਣੀ ਨੂੰ ਪੜ੍ਹ ਕੇ ਇਸ ਤੇ ਅਮਲ ਕਰਨਾ ਸਿਰਫ ਨਾਮ ਮਾਤਰ ਹੀ ਰਹਿ ਗਿਆ ਹੈ। ਗੁਰਬਾਣੀ ਨਾਲੋਂ ਬਹੁਤਾ ਇਤਿਹਾਸ ਨੂੰ ਮਹੱਤਤਾ ਦਿੱਤੀ ਜਾ ਰਹੀ ਹੈ। ਇਤਿਹਾਸ ਵੀ ਉਹ ਜਿਹੜਾ ਬਹੁਤਾ ਗੈਰਸਿੱਖਾਂ ਦਾ ਲਿਖਿਆ ਹੋਇਆ ਹੈ ਜਾਂ ਗੁਰਬਾਣੀ ਦੇ ਵਿਪਰੀਤ ਹੈ। ਦਸਵੇਂ ਪਾਤਸ਼ਾਹ ਦੀਆਂ ਮਨੋਕਲਿਪਤ ਫੋਟੋਆਂ ਐਸੀਆਂ ਬਣਾਈਆਂ ਹੋਈਆਂ ਹਨ ਜਿਵੇਂ ਕਿ ਉਹ ਸਿਰਫ ਇੱਕ ਜੰਗ ਜੁੱਧ ਕਰਨ ਵਾਲੇ ਕੋਈ ਜਰਨੈਲ ਹੀ ਹੋਣ ਇਸ ਤੋਂ ਵੱਧ ਕੁੱਝ ਨਹੀਂ। ਕਈਆਂ ਫੋਟੋਆਂ ਵਿੱਚ ਹੱਥ ਵਿੱਚ ਇੱਕ ਜਾਨਵਰ ਬਾਜ਼ ਨੂੰ ਵੀ ਦਿਖਾਇਆ ਗਿਆ ਹੈ। ਇਸ ਜਾਨਵਰ ਤੋਂ ਪਤਾ ਨਹੀਂ ਗੁਰੂ ਜੀ ਕੀ ਕੰਮ ਕਰਵਾਉਂਦੇ ਹੋਣਗੇ ? ਇੱਕ ਪਾਸੇ ਤਾਂ ਇਹ ਵੀ ਲਿਖਿਆ ਮਿਲਦਾ ਹੈ ਕਿ ਚਿੜੀਆਂ ਤੋਂ ਮੈਂ ਬਾਜ਼ ਤੜਾਉਂ। ਛੇਵੇਂ ਪਾਤਸ਼ਾਹ ਨੂੰ ਕੁਤਿਆਂ ਨਾਲ ਸ਼ਿਕਾਰ ਖੇਡਣ ਦੀ ਗੱਲ ਭਾਈ ਗੁਰਦਾਸ ਜੀ ਨੇ ਲਿਖੀ ਹੈ। ਕੀ ਬਾਜ਼ਾਂ ਤੋਂ ਵੀ ਗੁਰੂ ਜੀ ਕੋਈ ਸ਼ਿਕਾਰ ਕਰਵਾਉਂਦੇ ਸੀ ਅਤੇ ਫਿਰ ਉਸ ਮਰੇ ਹੋਏ ਸ਼ਿਕਾਰ ਦਾ ਕੀ ਕਰਦੇ ਸੀ ? ਜੇ ਕਰ ਗੁਰੂ ਜੀ ਨੇ ਕੋਈ ਬਾਜ਼ ਰੱਖਿਆਂ ਵੀ ਹੋਵੇਗਾ ਤਾਂ ਫਿਰ ਵੀ ਉਹ ਇੱਕ ਜਾਨਵਰ ਹੀ ਸੀ। ਗੁਰੂ ਜੀ ਸਾਨੂੰ ਕਿਸੇ ਜਾਨਵਰ ਨਾਲ ਜੋੜਨ ਲਈ ਤਾਂ ਆਏ ਨਹੀਂ ਸੀ ਅਤੇ ਨਾ ਹੀ ਕਿਸੇ ਜਾਨਵਰ ਦੀ ਪੂਜਾ ਕਰਨ ਲਈ ਕਹਿ ਕੇ ਗਏ ਸੀ। ਫਿਰ ਕਿਸੇ ਜਾਨਵਰ ਦੀ ਸਿੱਖ ਧਰਮ ਵਿੱਚ ਕੀ ਮਹੱਤਤਾ ਹੈ ? ਪਰ ਜਿਹਨਾ ਦੀ ਅੰਨੀ ਸ਼ਰਧਾ ਹੋਵੇ ਉਸ ਨੂੰ ਕੋਈ ਰੋਕ ਨਹੀਂ ਸਕਦਾ। ਇਸੇ ਹੀ ਅੰਨੀ ਸ਼ਰਧਾ ਅਧੀਂਨ ਕਹਿੰਦੇ ਹਨ ਕਿ ਅੰਨੇ ਸ਼ਰਧਾਲੂਆਂ ਨੇ ਗੁਰੂ ਗੋਬਿੰਦ ਸਿੰਘ ਮਾਰਗ ਤੇ ਇੱਕ ਜਲੂਸ ਸਮੇਂ ਘੋੜਿਆਂ ਦੀ ਲਿੱਦ ਤੱਕ ਖਾ ਲਈ ਸੀ। ਅਖੇ ਇਹ ਤਾਂ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਘੋੜਿਆਂ ਦੀ ਨਸਲ ਵਿਚੋਂ ਹਨ।

ਜਿਵੇਂ ਕਿ ਇਸ ਲੇਖ ਦੇ ਸ਼ੁਰੂ ਵਿੱਚ ਸੁਖਮਨੀ ਦੀ ਬਾਣੀ ਵਿੱਚ ਸਾਧ, ਸੰਤ ਅਤੇ ਬ੍ਰਹਮ ਗਿਆਨੀ ਦੀ ਗੱਲ ਕੀਤੀ ਗਈ ਸੀ। ਉਸ ਵਿਚਲੀ ਇੱਕ ਹੋਰ ਪੰਗਤੀ ਦੀ ਗੱਲ ਕਰ ਲੈਂਦੇ ਹਾਂ ਜਿਸ ਵਿੱਚ ਕਿਹਾ ਗਿਆ ਹੈ ਕਿ ਇੱਕ ਬ੍ਰਹਮਗਿਆਨੀ ਦਾ ਸੁਭਾਅ ਇਸ ਤਰ੍ਹਾਂ ਦਾ ਹੁੰਦਾ ਹੈ ਜਿਵੇਂ ਕਿ ਹਵਾ ਦਾ। ਹਵਾ ਜਦੋਂ ਚਲਦੀ ਹੈ ਤਾਂ ਕਿਸੇ ਵੀ ਨਾਲ ਰੰਗ, ਭੇਦ, ਇਲਾਕਾ ਜਾਂ ਧਰਮ ਕਰਕੇ ਨਫਰਤ ਨਹੀਂ ਕਰਦੀ ਭਾਵ ਕੇ ਸਾਰਿਆਂ ਨਾਲ ਇਕੋ ਜਿਹਾ ਵਰਤਾਓ ਕਰਦੀ ਹੈ। ਇਸੇ ਤਰ੍ਹਾਂ ਸੂਰਜ ਚੜ੍ਹਦਾ ਹੈ ਤਾਂ ਉਹ ਸਾਰਿਆਂ ਨਾਲ ਇਕੋ ਜਿਹਾ ਵਰਤਾਓ ਕਰਕੇ ਰੋਸ਼ਨੀ ਦਿੰਦਾ ਹੈ। ਉਹ ਇਹ ਨਹੀਂ ਕਹਿੰਦਾ ਕਿ ਤੂੰ ਕਾਲਾ ਹੈਂ, ਗੋਰਾ ਹੈਂ, ਕਿਹੜੀ ਜ਼ਾਤ, ਨਸਲ ਜਾਂ ਧਰਮ ਦਾ ਹੈਂ, ਆਸਤਕ ਹੈਂ ਜਾਂ ਨਾਸਤਕ ਹੈਂ। ਧਰਮੀ ਪੁਰਸ਼ਾਂ ਲਈ ਮਿੱਤਰ ਅਤੇ ਦੁਸ਼ਮਣ ਇੱਕ ਬਰਾਬਰ ਹੁੰਦੇ ਹਨ। ਕਿਉਂਕਿ ਸਾਰਿਆਂ ਵਿੱਚ ਉਹੋ ਇਕੋ ਇੱਕ ਹੀ ਪ੍ਰਮਾਤਮਾ ਦੀ ਜੋਤ ਹੁੰਦੀ ਹੈ ਅਤੇ ਉਹ ਖੁਦ ਆਪ ਹੀ ਉਸ ਵਿੱਚ ਬੈਠਾ ਹੁੰਦਾ ਹੈ। ਧਰਮੀ ਪੁਰਸ਼ ਦਾ ਵਿਰੋਧ ਬੰਦੇ ਨਾਲ ਨਹੀਂ ਸਗੋਂ ਬੰਦੇ ਦੀਆਂ ਬਰਾਈਆਂ ਨਾਲ ਹੁੰਦਾ ਹੈ। ਪਰ ਅੱਜ ਕੱਲ ਕੀ ਹੋ ਰਿਹਾ ਹੈ। ਧਰਮੀ ਉਸ ਨੂੰ ਹੀ ਸਮਝਿਆ ਜਾਂਦਾ ਹੈ ਜਿਹੜਾ ਕਿ ਧਰਮ ਦੇ ਨਾਮ ਤੇ ਵੱਧ ਤੋਂ ਵੱਧ ਨਫਰਤ ਫੈਲਾਵੇ ਅਤੇ ਇਸ ਨਫਰਤ ਨਾਲ ਹਿੰਸਾ ਅਤੇ ਮਾਰ ਮਰਈਆ ਸ਼ੁਰੂ ਹੋਵੇ। ਸਾਰੇ ਧਰਮਾਂ ਵਿੱਚ ਹੀ ਇਹੋ ਕੁੱਝ ਹੋ ਰਿਹਾ ਹੈ। ਇਸਲਾਮੀ ਦੇਸ਼ਾਂ ਵਿੱਚ ਤਾਂ ਸਭ ਤੋਂ ਮਾੜਾ ਹਾਲ ਹੈ। ਸੀਰੀਆਂ ਵਿੱਚ ਖਾਨਾ ਜੰਗੀ ਨੂੰ ਪੰਜ ਸਾਲ ਹੋ ਚਲੇ ਹਨ। ਕੁੱਝ ਦਿਨ ਪਹਿਲਾਂ ਦੀ ਖਬਰ ਮੁਤਾਬਕ ਹੁਣ ਦੋਵੇਂ ਪਾਸੇ ਕਾਫੀ ਹੰਭ ਚੁੱਕੇ ਹਨ। ਪਹਿਲਾਂ ਪਹਿਲ ਅਮਰੀਕਾ ਅਤੇ ਹੋਰ ਦੇਸ਼ਾਂ ਨੇ ਬਾਗੀਆਂ ਦੀ ਮਦਦ ਕਰਨੀ ਸ਼ੁਰੂ ਕੀਤੀ ਸੀ ਪਰ ਜਦੋਂ ਲੱਗਾ ਕਿ ਜੇ ਕਰ ਰਾਜ ਪਲਟੇ ਤੋਂ ਬਾਅਦ ਕੱਟੜ ਪੰਥੀਆਂ ਦੇ ਹੱਥ ਰਾਜ ਆ ਗਿਆ ਉਹ ਤਾਂ ਇਸ ਨਾਲੋਂ ਵੀ ਮਾੜਾ ਹੋਵੇਗਾ ਤਾਂ ਉਹਨਾ ਨੇ ਆਪਣਾ ਹੱਥ ਪਿਛੇ ਕਰ ਲਿਆ। ਇਹੀ ਕੁੱਝ ਈਜ਼ਿਪਟ (ਮਿਸਰ) ਵਿੱਚ ਵੀ ਹੋ ਚੁੱਕਾ ਸੀ।

ਗੁਰੂ ਨਾਨਕ ਸਾਹਿਬ ਅਤੇ ਬਾਕੀ ਗੁਰੂਆਂ ਨੇ ਇਸਤ੍ਰੀ ਜਾਤੀ ਨੂੰ ਉਚਾ ਚੁੱਕ ਕੇ ਆਦਮੀ ਦੇ ਬਰਾਬਰ ਲਿਆਉਣ ਦੀ ਕੋਸ਼ਿਸ਼ ਕੀਤੀ ਸੀ। ਸਾਰੇ ਦੇਸ਼ ਅਤੇ ਯੂ. ਐਨ. ਓ. ਵੀ ਇਸਤ੍ਰੀ ਦੇ ਹੱਕਾਂ ਲਈ ਅਵਾਜ਼ ਬੁਲੰਦ ਕਰ ਰਹੇ ਹਨ। ਪਰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਡੇ ਗੁਰੂਆਂ ਦੀ ਕੀਤੀ ਕਰਾਈ ਤੇ ਪਾਣੀ ਫੇਰਨ ਲਈ ਇੱਕ ਗੰਦੀ ਕਿਤਾਬ ਨੂੰ ਡੇਰਿਆਂ ਅਤੇ ਭੰਗ ਪੀਣੇ ਨਿਹੰਗਾਂ ਰਾਹੀਂ ਬਹੁਤ ਜ਼ਿਆਦਾ ਉਭਾਰਿਆ ਜਾ ਰਿਹਾ ਹੈ। ਇਸ ਗੰਦੀ ਕਿਤਾਬ ਵਿੱਚ ਇਸਤ੍ਰੀ ਜਾਤੀ ਦੀ ਰੱਜ ਕੇ ਨਿੰਦਿਆ ਕੀਤੀ ਗਈ ਹੈ। ਇਥੋਂ ਤੱਕ ਵੀ ਕਿਹਾ ਗਿਆ ਹੈ ਕਿ ਰੱਬ ਆਪ ਵੀ ਇਸਤ੍ਰੀ ਨੂੰ ਪੈਦਾ ਕਰਕੇ ਪਛਤਾਇਆ ਸੀ। ਭਾਵ ਕੇ ਜੇ ਇਸਤ੍ਰੀ ਨਾ ਹੁੰਦੀ ਤਾਂ ਬੰਦੇ ਵੀ ਕਿਥੋਂ ਜੰਮਣੇ ਸੀ ਅਤੇ ਮਨੁੱਖ ਜਾਤੀ ਹੀ ਨਹੀਂ ਪੈਦਾ ਹੋਣੀ ਸੀ। ਇਹ ਧਰਮ ਦਾ ਪੁੱਠਾ ਗੇੜ ਉਹਨਾ ਵਲੋਂ ਦਿਤਾ ਜਾ ਰਿਹਾ ਹੈ ਜਿਹੜੇ ਕਿ ਦੇਖਣ ਨੂੰ ਸਭ ਤੋਂ ਵੱਧ ਧਰਮੀ ਲੱਗਦੇ ਹਨ। ਜਿਹੜੇ ਦੇਖਣ ਨੂੰ ਭਾਵੇਂ ਬਹੁਤੇ ਧਰਮੀ ਨਹੀਂ ਲੱਗਦੇ ਖਾਸ ਕਰਕੇ ਵੀਰ ਭੁਪਿੰਦਰ ਸਿੰਘ ਵਰਗੇ ਉਹ ਅਸਲੀ ਅਰਥਾਂ ਵਿੱਚ ਸਹੀ ਧਰਮ ਦੀ ਵਿਆਖਿਆ ਕਰ ਰਹੇ ਹਨ। ਉਹਨਾਂ ਦੀਆਂ ਸਾਰੀਆਂ ਗੱਲਾਂ ਨਾਲ ਭਾਂਵੇਂ ਸਾਰੇ ਸਹਿਮਤ ਨਾ ਹੋਣ ਪਰ ਉਹਨਾ ਨੇ ਆਪਣੇ ਜੀਵਨ ਵਿੱਚ ਗੁਰਬਾਣੀ ਵਾਲੇ ਰੱਬੀ ਗੁਣ ਕਾਫੀ ਧਾਰਨ ਕੀਤੇ ਹੋਏ ਹਨ। ਉਹ ਕਿਸੇ ਨੂੰ ਵੀ ਮੰਦਾ ਚੰਗਾ ਨਹੀਂ ਬੋਲਦੇ ਅਤੇ ਨਾ ਹੀ ਕਿਸੇ ਨਾਲ ਵਿਤਕਰਾ ਜਾਂ ਨਫਰਤ ਕਰਦੇ ਹਨ। ਉਹ ਤਾਂ ਹਰ ਇੱਕ ਨੂੰ ਪਿਆਰ ਤੇ ਨਿਮਰਤਾ ਨਾਲ ਹੀ ਪੇਸ਼ ਆਉਂਦੇ ਹਨ। ਮੈਂ ਸਿਰਫ ਇੱਕ ਵਾਰ ਹੀ ਉਹਨਾ ਨੂੰ ਮਿਲਿਆ ਹਾਂ। ਉਹਨਾ ਨੇ ਇੱਕ ਗੱਲ ਸੁਣਾਈ ਕਿ ਇੱਕ ਵਾਰ ਮੈਂ ਕਥਾ-ਕੀਰਤਨ ਕਰਕੇ ਹਟਿਆ ਤਾਂ ਇੱਕ ਸਿੰਘ ਮੈਨੂੰ ਮਿਲਿਆ ਤਾਂ ਇਸ ਨੇ ਪਿਆਰ ਨਾਲ ਉਸ ਨੂੰ ਗੱਲਵੱਕੜੀ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਤਾਂ ਉਸ ਸਿੱਖ ਨੇ ਪਰ ਅਸਲ ਵਿੱਚ ਭੇਖੀ ਨੇ ਇਸ ਨੂੰ ਧੱਕੇ ਨਾਲ ਪਰੇ ਧੱਕ ਦਿੱਤਾ ਕਿ ਤੂੰ ਤਾਂ ਸਾਡੇ ਜਥੇ ਦਾ ਨਹੀਂ ਹੈਂ। ਕੀ ਇਹ ਸਿੱਖੀ ਹੈ ? ਵਾਹਿਗੁਰੂ ਸਭ ਨੂੰ ਸਮੱਤ ਬਖਸ਼ੇ ਤਾਂ ਕਿ ਅਸੀਂ ਧਰਮ ਨੂੰ ਅਸਲੀ ਅਰਥਾਂ ਵਿੱਚ ਸਮਝ ਸਕੀਏ।

**ਮੱਖਣ ਸਿੰਘ ਪੁਰੇਵਾਲ**




# ਧਿਆਨ ਦੀ ਮੰਗ ਕਰਦੇ ਹਨ ਨਨਕਾਣਾ ਸਾਹਿਬ ਦੇ ਕਈ ਗੁਰਧਾਮ





ਸਿੱਖ ਧਰਮ ਦੇ ਬਾਨੀ, ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੂੰ ਉਨ੍ਹਾਂ ਦੇ ਮੁਸਲਮਾਨ ਮੁਰੀਦ ਬਾਬਾ ਨਾਨਕ ਦੇ ਨਾਂਅ ਨਾਲ ਵਧੇਰੇ ਜਾਣਦੇ ਹਨ, ਦੇ ਜਨਮ ਅਸਥਾਨ ਰਾਇ ਭੋਇ ਦੀ ਤਲਵੰਡੀ (ਹੁਣ ਸ੍ਰੀ ਨਨਕਾਣਾ ਸਾਹਿਬ, ਪਾਕਿਸਤਾਨ) ਵਿਖੇ ਗੁਰਦੁਆਰਾ ਜਨਮ ਅਸਥਾਨ ਸਮੇਤ ਗੁਰੂ ਨਾਨਕ ਦੇਵ ਜੀ ਤੋਂ ਇਲਾਵਾ ਹੋਰ ਗੁਰੂ ਸਾਹਿਬਾਨ ਨਾਲ ਸਬੰਧਤ 8 ਦੇ ਕਰੀਬ ਗੁਰਦੁਆਰਾ ਸਾਹਿਬਾਨ ਸੁਸ਼ਿਭਤ ਹਨ। ਇਹ ਪਾਵਨ ਧਰਤੀ ਸਿੱਖ ਜਗਤ ਲਈ ਅਥਾਹ ਸ਼ਰਧਾ ਤੇ ਆਸਥਾ ਦਾ ਕੇਂਦਰ ਹੈ ਤੇ ਇਸ ਧਰਤੀ ਦੇ ਦਰਸ਼ਨ ਕਰਨ ਦੀ ਦੁਨੀਆ ਦਾ ਹਰ ਸਿੱਖ ਲੋਚਾ ਰੱਖਦਾ ਹੈ। ਪਾਕਿਸਤਾਨ ਵਸਦੇ ਸਿੱਖਾਂ ਤੇ ਗੁਰੂ ਨਾਨਕ ਨਾਮ ਲੇਵਾ ਸ਼ਰਧਾਲੂਆਂ ਤੋਂ ਇਲਾਵਾ ਗੁਰਪੁਰਬਾਂ ਤੇ ਹੋਰ ਇਤਿਹਾਸਕ ਦਿਹਾੜਿਆਂ ਮੌਕੇ ਇਸ ਪਾਵਨ ਅਸਥਾਨ ਦੇ ਦਰਸ਼ਨ ਕਰਨ ਭਾਰਤ ਸਮੇਤ ਵਿਦੇਸ਼ਾਂ ਤੋਂ ਵੀ ਕਾਫੀ ਸੰਗਤਾਂ ਪੁੱਜਦੀਆਂ ਹਨ। ਜੇਕਰ ਗੁਰਦੁਆਰਾ ਜਨਮ ਅਸਥਾਨ ਦੀ ਗੱਲ ਕਰੀਏ ਤਾਂ ਇਸ ਗੁਰਧਾਮ ਦਾ ਪ੍ਰਬੰਧ ਤੇ ਮਰਿਆਦਾ ਤਾਂ ਠੀਕ ਚੱਲ ਰਹੇ ਹਨ, ਪਰ ਇਸ ਸ਼ਹਿਰ ਵਿਚ ਸਥਿਤ ਬਾਕੀ ਗੁਰਦੁਆਰਾ ਸਾਹਿਬਾਨ ਦੀ ਹਾਲਤ ਬਹੁਤੀ ਵਧੀਆ ਨਹੀਂ ਹੈ। ਸ੍ਰੀ ਨਨਕਾਣਾ ਸਾਹਿਬ, ਜੋ ਕਿ ਹੁਣ ਲਹਿੰਦੇ ਪੰਜਾਬ ਦਾ ਇਕ ਜ਼ਿਲ੍ਹਾ ਬਣ ਚੁੱਕਾ ਹੈ, ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ। ਇਥੇ ਸਥਿਤ ਗੁਰਦੁਆਰਾ ਜਨਮ ਅਸਥਾਨ ਦੀ ਵਿਸ਼ਾਲ ਤੇ ਖੁੱਲ੍ਹੀ-ਡੁੱਲ੍ਹੀ ਇਮਾਰਤ ਸ਼ਰਧਾਲੂਆਂ ਦਾ ਮਨ ਮੋਹ ਲੈਂਦੀ ਹੈ। ਰੋਜ਼ਾਨਾ ਇਸ ਗੁਰਦੁਆਰਾ ਸਾਹਿਬ ਵਿਖੇ ਸਵੇਰੇ-ਸ਼ਾਮ ਪੰਥਕ ਮਰਯਾਦਾ ਅਨੁਸਾਰ ਧਾਰਮਿਕ ਸੇਵਾਵਾਂ ਨਿਭਾਈਆਂ ਜਾਂਦੀਆਂ ਹਨ, ਗੁਰਮਤਿ ਦੀਵਾਨ ਸਜਦੇ ਹਨ ਤੇ ਸ੍ਰੀ ਨਨਕਾਣਾ ਸਾਹਿਬ ਵਿਖੇ ਵਸਦੇ ਦੋ ਕੁ ਹਜ਼ਾਰ ਦੇ ਕਰੀਬ ਸਿੱਖਾਂ ਵਿਚੋਂ ਵੱਡੀ ਗਿਣਤੀ ਵਿਚ ਸਿੱਖ ਪਰਿਵਾਰਾਂ ਦੇ ਸਿੱਖੀ ਸਰੂਪ ਵਿਚ ਪਰਪੱਕ ਬੱਚੇ, ਬੱਚੀਆਂ, ਨੌਜਵਾਨ ਤੇ ਬੀਬੀਆਂ ਸਵੇਰੇ-ਸ਼ਾਮ ਸ਼ਰਧਾ ਸਹਿਤ ਇਥੇ ਹਾਜ਼ਰੀ ਭਰਦੇ ਹਨ। ਇਸ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ ਸਰੋਵਰ ਵੀ ਹੈ ਤੇ ਇਥੇ ਯਾਤਰੂਆਂ ਦੇ ਰੈਣ ਬਸੇਰੇ ਲਈ ਕਈ ਰਿਹਾਇਸ਼ੀ ਸਰਾਵਾਂ ਵੀ ਬਣੀਆਂ ਹੋਈਆਂ ਹਨ।ਪਰ ਇਸ ਸ਼ਹਿਰ ਵਿਚ ਸਥਿਤ ਕਈ ਹੋਰਨਾਂ ਗੁਰਦੁਆਰਾ ਸਾਹਿਬਾਨ ਦੀ ਹਾਲਤ ਤਰਸਯੋਗ ਹੈ, ਜਿਸ ਵੱਲ ਵੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪਾਕਿਸਤਾਨ ਓਕਾਫ਼ ਬੋਰਡ ਤੇ ਸ੍ਰੀ ਨਨਕਾਣਾ ਸਾਹਿਬ ਦੀ ਧਰਤੀ ‘ਤੇ ਵਸਦੇ ਸਿੱਖਾਂ ਨੂੰ ਵਿਸ਼ੇਸ਼ ਤਵੱਜੋ ਦੇਣ ਦੀ ਲੋੜ ਹੈ। ਕੁਝ ਦਿਨ ਪਹਿਲਾਂ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਤੋਂ ਭਾਰਤ ਤੱਕ ਪਹਿਲੀ ਵਾਰ ਸਜਾਏ ਗਏ ਕੌਮਾਂਤਰੀ ਨਗਰ ਕੀਰਤਨ ਦੀ ਕਵਰੇਜ ਕਰਨ ਲਈ ਸ੍ਰੀ ਨਨਕਾਣਾ ਸਾਹਿਬ ਵਿਖੇ ਗਈ ‘ਅਜੀਤ’ ਦੀ ਦੋ ਮੈਂਬਰੀ ਟੀਮ ਵਲੋਂ ਜਦੋਂ ਇਸ ਸ਼ਹਿਰ ‘ਚ ਸਥਿਤ ਬਾਕੀ ਗੁਰਦੁਆਰਾ ਸਾਹਿਬਾਨ ਦੀ ਵੀ ਯਾਤਰਾ ਕੀਤੀ ਗਈ ਤਾਂ ਪਾਕਿ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਓਕਾਫ ਬੋਰਡ ਦੀ ਇਨ੍ਹਾਂ ਗੁਰਧਾਮਾਂ ਪ੍ਰਤੀ ਅਣਦੇਖੀ ਤੇ ਬੇਰੁਖ਼ੀ ਸਾਹਮਣੇ ਆਈ। ਗੁਰਦੁਆਰਾ ਜਨਮ ਅਸਥਾਨ ਸਮੇਤ ਗੁਰਦੁਆਰਿਆਂ ਦੇ ਵਿਸਥਾਰਤ ਇਤਿਹਾਸ ਸਬੰਧੀ ਯਾਤਰੂਆਂ ਨੂੰ ਜਾਣਕਾਰੀ ਦਿੰਦੇ ਬੋਰਡ ਬਹੁਤ ਘੱਟ ਗੁਰਦੁਆਰਿਆਂ ‘ਚ ਨਜ਼ਰ ਆਉਂਦੇ ਹਨ ਤੇ ਨਾ ਹੀ ਗੁਰਦੁਆਰਾ ਕਮੇਟੀ ਵਲੋਂ ਇਨ੍ਹਾਂ ਗੁਰਦੁਆਰਿਆਂ ਦੇ ਦਰਸ਼ਨ ਕਰਾਉਣ ਲਈ ਕਿਸੇ ਵਿਸ਼ੇਸ਼ ਵਾਹਨ ਦੇ ਪ੍ਰਬੰਧ ਦੀ ਸਹੂਲਤ ਹੈ। ਸ਼ਰਧਾਲੂਆਂ ਨੂੰ ਆਟੋ ਰਿਕਸ਼ਾ ਵਾਲਿਆਂ ਦੀ ਸਹਾਇਤਾ ਜਾਂ ਫਿਰ ਪੈਦਲ ਹੀ ਦਰਸ਼ਨ ਕਰਨ ਜਾਣਾ ਪੈਂਦਾ ਹੈ।

**ਗੁਰਦੁਆਰਾ ਸ੍ਰੀ ਪੱਟੀ ਸਾਹਿਬ ਤੇ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ**

ਗੁਰਦੁਆਰਾ ਜਨਮ ਅਸਥਾਨ ਦੇ ਨਜ਼ਦੀਕ ਹੀ ਗੁਰਦੁਆਰਾ ਸ੍ਰੀ ਪੱਟੀ ਸਾਹਿਬ ਸੁਸ਼ੋਭਿਤ ਹੈ। ਇਸ ਅਸਥਾਨ ‘ਤੇ ਗੁਰੂ ਸਾਹਿਬ ਨੇ ਬਚਪਨ ਵਿਚ ਪਾਂਧੇ ਪਾਸੋਂ ਸਿੱਖਿਆ ਪ੍ਰਾਪਤ ਕਰਨ ਸਮੇਂ ਉਸ ਨੂੰ ‘ਪਰਮਾਤਮਾ ਇਕ ਹੈ’ ਦਾ ਅਧਿਆਤਮਿਕ ਸੰਦੇਸ਼ ਦਿੱਤਾ ਸੀ ਤੇ ਇਥੇ ਰਾਗ ਆਸਾ ਵਿਚ ਪੱਟੀ ਨਾਮੀ ਬਾਣੀ ਰਚ ਕੇ ਸੁਣਾਈ ਸੀ। ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ, ਸਵੇਰ-ਸ਼ਾਮ ਕੁਝ ਸੰਗਤ ਵੀ ਦਰਸ਼ਨ ਕਰਨ ਆਉਂਦੀ ਹੈ। ਇਥੇ ਇਕ ਸਿਲਾਈ ਸਕੂਲ ਚੱਲ ਰਿਹਾ ਹੈ, ਪਰ ਸਾਫ਼-ਸਫਾਈ ਵੱਲ ਧਿਆਨ ਦੇਣ ਦੀ ਲੋੜ ਹੈ। ਇਸ ਦੇ ਨਾਲ ਹੀ ਕੁਝ ਕਦਮਾਂ ਦੀ ਵਿੱਥ ‘ਤੇ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ ਸਥਿਤ ਹੈ। ਇਥੇ ਗੁਰੂ ਸਾਹਿਬ ਬਾਲ ਅਵਸਥਾ ਸਮੇਂ ਸਾਥੀ ਹਾਣੀਆਂ ਨਾਲ ਖੇਡਦੇ ਹੁੰਦੇ ਸਨ। ਇਸ ਗੁਰਦੁਆਰਾ ਸਾਹਿਬ ਦੀ ਮੁੱਖ ਇਮਾਰਤ ਦਾ ਨਵਾਂ ਏ.ਸੀ. ਹਾਲ ਬਣ ਚੁੱਕਾ ਹੈ ਤੇ ਬਾਕੀ ਦੀਵਾਨ ਹਾਲ ਤੇ ਲੰਗਰ ਹਾਲ ਦੀ ਕਾਰ ਸੇਵਾ ਵੀ ਜਾਰੀ ਹੈ। ਪਰ ਇਸ ਗੁਰਦੁਆਰਾ ਸਾਹਿਬ ਵਿਖੇ ਵਿਸ਼ਾਲ ਸਰੋਵਰ ਦੀ ਹਾਲਤ ਬਹੁਤ ਤਰਸਯੋਗ ਹੈ। ਇਸ ਸਰੋਵਰ ਵਿਚ ਜਲ ਤਾਂ ਇਕ ਪਾਸੇ ਰਿਹਾ, ਇਸ ਵਿਚ ਘਾਹ ਬੂਟੀ ਤੇ ਇਸ ਦੀ ਪਰਿਕਰਮਾ ਦੁਆਲੇ ਝਾੜੀਆਂ ਉੱਗੀਆਂ ਹੋਈਆਂ ਹਨ, ਜੋ ਪਾਕਿ ਗੁਰਦੁਆਰਾ ਕਮੇਟੀ ਤੇ ਓਕਾਫ ਬੋਰਡ ਦੇ ਗੁਰਧਾਮਾਂ ਦੀ ਸੇਵਾ ਸੰਭਾਲ ਦੇ ਦਾਅਵਿਆਂ ਦੀ ਫੂਕ ਕੱਢਦੀਆਂ ਹਨ। ਉਥੇ ਵਸਦੇ ਸਿੱਖਾਂ ਦਾ ਵੀ ਇਸ ਪਾਸੇ ਸ਼ਾਇਦ ਧਿਆਨ ਨਹੀਂ ਜਾਂਦਾ।

**ਗੁਰਦੁਆਰਾ ਸ੍ਰੀ ਕਿਆਰਾ ਸਾਹਿਬ ਦੇ ਵੀ ਸਰੋਵਰ ਦੀ ਹਾਲਤ ਤਰਸਯੋਗ**

ਅੰਮ੍ਰਿਤ ਸਰੋਵਰ ਦੀ ਗੱਲ ਕਰੀਏ ਤਾਂ ਗੁਰਦੁਆਰਾ ਸ੍ਰੀ ਕਿਆਰਾ ਸਾਹਿਬ ਦੇ ਸਰੋਵਰ ਦੀ ਹਾਲਤ ਵੀ ਬਿਲਕੁਲ ਇਸੇ ਤਰ੍ਹਾਂ ਦੀ ਹੀ ਹੈ। ਇਸ ਗੁਰਦੁਆਰੇ ਦੇ ਇਤਿਹਾਸਕ ਪਿਛੋਕੜ ਅਨੁਸਾਰ ਜਦੋਂ ਬਚਪਨ ਵਿਚ ਗੁਰੂ ਸਾਹਿਬ ਇਸ ਥਾਂ ‘ਤੇ ਆਪਣੇ ਪਸ਼ੂ ਚਾਰਦੇ ਸਨ ਤਾਂ ਇਕ ਦਿਨ ਉਨ੍ਹਾਂ ਦੇ ਭਗਤੀ ‘ਚ ਲੀਨ ਹੋਣ ਕਾਰਨ ਪਸ਼ੂਆਂ ਨੇ ਇਕ ਜ਼ਿਮੀਂਦਾਰ ਦੀ ਫਸਲ ਖ਼ਰਾਬ ਕਰ ਦਿੱਤੀ, ਪਰ ਸ਼ਿਕਾਇਤ ਹੋਣ ਬਾਅਦ ਜਦੋਂ ਪੰਚਾਇਤ ਤੇ ਮੋਹਤਬਰਾਂ ਨੇ ਮੌਕੇ ‘ਤੇ ਜਾ ਕੇ ਦੇਖਿਆ ਤਾਂ ਇਹ ਖ਼ਰਾਬ ਹੋਈ ਫ਼ਸਲ ਮੁੜ ਹਰੀ ਭਰੀ ਹੋ ਗਈ ਸੀ।

**ਗੁਰਦੁਆਰਾ ਮਾਲਜੀ ਸਾਹਿਬ ਤੇ ਗੁਰਦੁਆਰਾ ਤੰਬੂ ਸਾਹਿਬ**

ਇਸ ਦੇ ਥੋੜ੍ਹੀ ਨਜ਼ਦੀਕ ਹੀ ਗੁਰਦੁਆਰਾ ਮਾਲਜੀ ਸਾਹਿਬ ਦੀ ਨਵੀਂ ਇਮਾਰਤ ਉਸਾਰੀ ਅਧੀਨ ਹੈ। ਇਸ ਗੁਰਦੁਆਰੇ ਨੂੰ ਪਹਿਲਾਂ ਗੁਰਦੁਆਰਾ ਸਰਪ ਛਾਇਆ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਸੀ। ਦੱਸਿਆ ਜਾਂਦਾ ਹੈ ਕਿ ਗੁਰੂ ਜੀ ਬਚਪਨ ‘ਚ ਇਕ ਦਿਨ ਜਦੋਂ ਪਸ਼ੂ ਚਾਰਦੇ ਧੁੱਪੇ ਹੀ ਸੌਂ ਗਏ ਸਨ ਤਾਂ ਇਕ ਫਨੀਅਰ ਸੱਪ ਨੇ ਆਪਣਾ ਫੱਨ ਖਿਲਾਰ ਕੇ ਉਨ੍ਹਾਂ ਦੇ ਚਿਹਰੇ ‘ਤੇ ਛਾਂ ਕੀਤੀ ਸੀ। ਇਤਿਹਾਸ ‘ਚ ਜ਼ਿਕਰ ਆਉਂਦਾ ਹੈ ਕਿ ਇਸ ਕੌਤਕ ਨੂੰ ਇਲਾਕੇ ਦੇ ਉਸ ਵੇਲੇ ਦੇ ਹਾਕਮ ਰਾਇ ਬੁਲਾਰ ਭੱਟੀ ਨੇ ਅੱਖੀਂ ਦੇਖਿਆ ਸੀ ਤੇ ਉਸ ਤੋਂ ਬਾਅਦ ਉਹ ਗੁਰੂ ਸਾਹਿਬ ਦਾ ਮੁਰੀਦ ਹੋ ਗਿਆ ਸੀ।

**ਗੁਰਦੁਆਰਾ ਤੰਬੂ ਸਾਹਿਬ**

ਨਨਕਾਣਾ ਸਾਹਿਬ ਵਿਚ ਹੀ ਗੁਰਦੁਆਰਾ ਤੂੰਬ ਸਾਹਿਬ, ਜਿਥੇ ਕਿ ਗੁਰੂ ਜੀ ਨੇ ਭੁੱਖੇ ਸਾਧੂਆਂ ਤੇ ਹੋਰਨਾਂ ਨੂੰ ਭੋਜਣ ਛਕਾਉਣ ਬਾਅਦ ਘਰ ਵਾਪਸੀ ਤੋਂ ਪਹਿਲਾਂ ਕੁਝ ਸਮਾਂ ਤੰਬੂ-ਨੁਮਾ ਵਣ ਦੇ ਸੰਘਣੇ ਦਰੱਖਤਾਂ ਹੇਠ ਬਿਤਾਇਆ ਸੀ, ਵੀ ਸੁਸ਼ੋਭਿਤ ਹੈ ਤੇ ਇਸ ਦੀ ਨਵੀਂ ਵਿਸ਼ਾਲ ਇਮਾਰਤ ਦੀ ਕਾਰ ਸੇਵਾ ਚੱਲ ਰਹੀ ਹੈ। ਇਥੇ ਵੱਡੀ ਯਾਤਰੀ ਸਰਾਂ ਵੀ ਬਣਾਈ ਗਈ ਹੈ। ਇਸ ਦੇ ਨਾਲ ਹੀ ਛਾਉਣੀ ਨਿਹੰਗ ਸਿੰਘਾਂ ਦੀ ਨਿੱਕੀ ਜਿਹੀ ਇਮਾਰਤ ਵੀ ਹੈ, ਜਿਸ ਦੇ ਨਾਂਅ ਕਾਫ਼ੀ ਜ਼ਮੀਨ ਦੱਸੀ ਜਾਂਦੀ ਹੈ। ਜਥੇ ਨਾਲ ਗਏ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਵਲੋਂ ਇਸ ਅਸਥਾਨ ‘ਤੇ ਅਰਸੇ ਬਾਅਦ ਨਿਸ਼ਾਨ ਸਾਹਿਬ ਦਾ ਚੋਲਾ ਬਦਲਿਆ ਗਿਆ ਤੇ ਉਨ੍ਹਾਂ ਪਾਕਿਸਤਾਨ ਸਰਕਾਰ ਨੂੰ ਇਸ ਅਸਥਾਨ ਦੀ ਕਾਰ ਸੇਵਾ ਬੁੱਢਾ ਦਲ ਵਲੋਂ ਕਰਾਉਣ ਦੀ ਪੇਸ਼ਕਸ਼ ਵੀ ਕੀਤੀ।




**ਗੁਰਦੁਆਰਾ ਪਾਤਸ਼ਾਹੀ ਪੰਜਵੀਂ ਤੇ ਛੇਵੀਂ**


ਇਸ ਪਾਵਨ ਸ਼ਹਿਰ ਵਿਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਪੰਜਵੀਂ ਤੇ ਛੇਵੀਂ ਵੀ ਸਥਿਤ ਹੈ। ਇਸ ਛੋਟੇ ਜਿਹੇ ਗੁਰਦੁਆਰੇ ਵਿਚ ਕੇਵਲ ਦੋ ਕਮਰੇ ਬਣੇ ਹੋਏ ਹਨ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਕੀਤਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਦੇ ਦਰਸ਼ਨ ਕਰਨ ਆਉਣ ਸਮੇਂ ਇਸ ਥਾਂ ‘ਤੇ ਠਹਿਰੇ ਸਨ।

ਇਥੇ ਜ਼ਿਕਰਯੋਗ ਹੈ ਕਿ ਸ੍ਰੀ ਨਨਕਾਣਾ ਸਾਹਿਬ ਸਮੇਤ ਪਾਕਿਸਤਾਨ ਵਸਦੇ ਸਿੱਖ ਵੀ ਸ੍ਰੀ ਨਨਕਾਣਾ ਸਾਹਿਬ ਦੇ ਕੁੱਝ ਮੁਖ ਗੁਰਦੁਆਰਾ ਸਾਹਿਬਾਨ ਤੋਂ ਇਲਾਵਾ ਬਾਕੀ ਛੋਟੇ ਗੁਰਦੁਆਰਾ ਸਾਹਿਬਾਨ ਵਿਖੇ ਦਰਸ਼ਨ ਕਰਨ ਵੀ ਕਦੇ-ਕਦਾਈਂ ਹੀ ਪੁੱਜਦੇ ਹਨ ਤੇ ਗ੍ਰੰਥੀ ਸਿੰਘਾਂ ਨੂੰ ਛੱਡ ਕੇ ਬਹੁਤੇ ਗੁਰਦੁਆਰਿਆਂ ਦਾ ਪ੍ਰਬੰਧ ਪਾਕਿ ਗੁਰਦੁਆਰਾ ਕਮੇਟੀ ਦੇ ਓਕਾਫ ਬੋਰਡ ਵਲੋਂ ਰੱਖੇ ਗਏ ਗੈਰ-ਸਿੱਖ ਕੇਅਰ ਟੇਕਰ, ਮੁਲਾਜ਼ਮਾਂ ਵਲੋਂ ਹੀ ਕੀਤਾ ਜਾਂਦਾ ਹੈ। ਕਈ ਗੁਰਦੁਆਰੇ ਤਾਂ ਭਾਰਤ ਤੋਂ ਜਾਣ ਵਾਲੇ ਵਿਸ਼ੇਸ਼ ਜਥਿਆਂ ਦੀ ਆਮਦ ਵੇਲੇ ਹੀ ਖੋਲ੍ਹੇ ਜਾਂਦੇ ਹਨ। ਪਾਕਿਸਤਾਨ ਸਰਕਾਰ ਅਰਸੇ ਤੋਂ ਬੰਦ ਪਏ ਕਈ ਇਤਿਹਾਸਕ ਗੁਰਦੁਆਰਿਆਂ ਨੂੰ ਮੁੜ ਸੰਗਤਾਂ ਦੇ ਦਰਸ਼ਨਾਂ ਲਈ ਖੋਲ੍ਹ ਰਹੀ ਹੈ, ਪਰ ਇਨ੍ਹਾਂ ਦੀ ਦੇਖ ਭਾਲ ਦੇ ਸਾਂਭ-ਸੰਭਾਲ ਵੱਲ ਵੀ ਵਿਸ਼ੇਸ਼ ਤਵੱਜੋਂ ਦੇਣ ਦੀ ਲੋੜ ਹੈ।

**ਜਸਵੰਤ ਸਿੰਘ ਜੱਸ**
**-ਅੰਮ੍ਰਿਤਸਰ।**
**ਮੋਬਾ: 98558-55751**







ਮਰਨਾ ਸ਼ਾਨ ਨਾਲ

# ਸ਼੍ਰੋਮਣੀ ਅਕਾਲੀ ਦਲ ਮਾਨ (ਅ
# ਜਾ ਕੇ ਸ਼੍ਰੋਮਣੀ ਅਕਾਲੀ ਦਲ ਮਾਨ ਦੇ ਮੈਂ




ਜਾਰੀ ਕਰਤਾ : ਸ਼੍ਰੋਮਣੀ ਅਕਾਲੀ ਦ

# ) ਵੈਸਟ ਕੋਸਟ ਵਲੋਂ ਨਿਊਯਾਰਕ
# ਬਰਾਂ ਦੀ ਕੀਤੀ ਭਰਤੀ ਦੀਆਂ ਤਸਵੀਰਾਂ



ਜੀਣਾ ਅਣਖ ਨਾਲ



## ਨਵੇਂ ਭਰਤੀ ਕੀਤੇ ਮੈਂਬਰ



ਦਲਵਿੰਦਰ ਸਿੰਘ | ਨਰਿੰਦਰ ਸਿੰਘ | ਮਨਜੀਤ ਸਿੰਘ ਖਾਲਸਾ | ਮਨਜੀਤ ਸਿੰਘ | ਦਲਜੀਤ ਸਿੰਘ | ਭਗਵੰਤ ਸਿੰਘ | ਨਖਵਿੰਦਰ ਸਿੰਘ | ਇੰਦਰ ਸਿੰਘ | ਗੁਰਵਾਜ ਸਿੰਘ | ਹਰਮਨ ਸਿੰਘ | ਫਤਿਹਵੀਰ ਸਿੰਘ | ਨਵਦੀਪ ਸਿੰਘ | ਅਮਰਜੀਤ ਸਿੰਘ
























## ਲ ਮਾਨ (ਅੰਮ੍ਰਿਤਸਰ) ਵੈਸਟ ਕੋਸਟ


HYPE ENTERTAINMENT
PROUDLY PRESENTS
SATINDER
SARTAAJ
LIVE NEW YORK
2019
SUNDAY @08:00 PM
AUGUST 25TH, 2019
94-95 GUY R BREWER BLVD
YORK COLLEGE , NY 11451
SURYA
APNA BAZAR
TICKETS
$35 - $45 - $65 VIP - $95 VVIP,MEET & GREET - $200
FOR SHOW BOOKINGS IN YOUR CITY :
LAKHI GILL : 516 808 7171 RANDHIR BRAR : 516 462 5070
EMRAN KHAN - 718-502-7868
Bolla
G MEDIA
Pawar Brothers. AmritPal Sandhu.TejPal Sandhu. Sunny Builders
GARV ਪੰਜਾਬ
FLAMES
718-850-8919
718-850-8918
JASPREET SINGH, ESQ.
ATTORNEY-AT-LAW
MUKTI PETROLEUM
BHAGAT AUTO REPAIR CENTER
ਰਾਈਟਰ
GLOBAL PUNJAB
jus punjabi
BJ
ਆਪਣਾ ਪੰਜਾਬ
JK petroleum

# ਕਾਵਿ ਕਿਆਰੀ

## ਰੱਖੜੀ

ਰੱਖੜੀ ਦਾ ਭੈਣ ਨੂੰ ਵਿਆਹ ਜਿਨ੍ਹਾਂ ਚਾਅ
ਹੁੰਦਾ, ਜਦੋਂ ਗੁੱਟ ਉੱਤੇ ਵੀਰ ਦੇ ਸਜਾਉਂਦੀ।
ਵੀਰੇ ਦੀ ਉਮਰ ਹੋਵੇ ਉੱਚਿਆਂ ਪਹਾੜਾਂ
ਜਿੱਡੀ,ਅਰਜੀ ਓਹ ਦਾਤੀ ਅੱਗੇ ਪਾਉਂਦੀ।।

ਖਾਂਦਾ ਹੈ ਕਮਾਈ ਕੋਈ ਭਾਗਾਂ ਵਾਲਾ ਪੁੱਤਰਾਂ
ਦੀ,ਹਰ ਕੋਈ ਇਹੇ ਗੱਲ ਜਾਣਦਾ।
ਧੁਰ ਦਰਗਾਹੋਂ ਜੀਹਦੇ ਲਿਖਿਆ ਹੈ ਕਰਮਾਂ
ਚ,ਸ਼ਰੀਂਹ ਬੂਹੇ ਰੱਬ ਹੈ ਬਣਾਂਵਦਾ।।
ਤਾਂਤਾ ਲੱਗ ਜਾਂਦਾ ਹੈ ਵਧਾਈ ਦੇਣ ਵਾਲਿਆਂ
ਦਾ, ਭੈਣ ਖੁਸ਼ੀ ਵਿੱਚ ਫੁੱਲੀ ਨਾ ਸਮਾਉਂਦੀ,,,,,,

ਉਂਗਲੀ ਨੂੰ ਫੜ੍ਹ ਜਦੋਂ ਵੀਰ ਨੂੰ ਘੁਮਾਉਣ
ਜਾਂਦੀ,ਚਾਅ ਓਹਤੋਂ ਚੁੱਕਿਆ ਨੀ ਜਾਂਦਾ।
ਛੇਤੀ ਛੇਤੀ ਹੋ ਜਾਏ ਜਵਾਨ ਮੇਰਾ ਵੀਰ
ਦਾਤੀ, ਆਸਰਾ ਇਹ ਪਿਉ ਅਤੇ ਮਾਂ ਦਾ।।
ਅਸੀਸਾਂ ਵਾਲਾ ਹੱਥ ਰੱਖੇ ਸਦਾ ਸਿਰ ਭੈਣ ਦੇ
ਤੇ, ਦਿਲੋਂ ਭੈਣ ਸਦਾ ਇਹੇ ਚਾਹੁੰਦੀ,,,,,

ਮਾ ਬਾਪ ਨਾਲੋਂ ਵੱਧ ਕਰਦੀ ਪਿਆਰ, ਦੁੱਖ
ਵੀਰ ਦਾ ਕਦੇ ਵੀ ਭੈਣ ਸਹਿੰਦੀ ਨੀ।
ਚਾਰ ਦਿਨ ਪਾਸੇ ਕਿਤੇ ਰਹਿਣਾ ਪੈਜੇ ਵੀਰ ਨਾਲੋਂ,
ਕਦੇ ਵੀ ਓਹ ਓਹਦੇ ਬਿਨਾ ਰਹਿੰਦੀ ਨੀ।।
ਮੰਗਦੀ ਦੁਆਵਾਂ ਸਦਾ ਵੀਰ ਦੀ ਤਰੱਕੀ
ਦੀਆਂ, ਇੱਕ ਪਲ ਮਨੋਂ ਨਾ ਭੁਲਾਉਂਦੀ,,,,,

ਆਰਤੀ ਉਤਾਰਦੀ ਹੈ ਰੱਖੜੀ ਦੇ ਦਿਨ ਭੈਣ,
ਦੁੱਖ ਕਦੇ ਵੀਰ ਉੱਤੇ ਆਵੇ ਨਾ।
ਦੁਨੀਆਂ ਦੀ ਕੋਈ ਭੈਣ ਵੀਰ ਤੋਂ ਬਿਨਾਂ ਨਾ
ਰਹੇ, ਮਾਂ ਐਸਾ ਦਿਨ ਕਿਸੇ ਨੂੰ ਦਿਖਾਵੇ ਨਾ।।
ਦੱਦਾਹੂਰੀਏ ਦੀ ਬੇਨਤੀ ਤੂੰ ਮੰਨ ਲਵੀਂ ਮਾਤ
ਮੇਰੀ, ਤੂੰ ਖੈਰ ਝੋਲੀ ਸਭਨਾਂ ਦੇ ਪਾਉਂਦੀ,,,,,,

**ਜਸਵੀਰ ਸ਼ਰਮਾਂ ਦੱਦਾਹੂਰ**
**ਸ਼੍ਰੀ ਮੁਕਤਸਰ ਸਾਹਿਬ**
95691 49556

## ਨਸ਼ਿਆਂ ਦਾ ਦਰਿਆ



ਨਸ਼ਿਆਂ ਦਾ ਵਗਦਾ ਦਰਿਆ।
ਇਹਦੇ ਵਿਚ ਨਾ ਗੋਤੇ ਖਾ।
ਕੈਪਸੂਲ, ਡੋਡੇ, ਭੁੱਕੀ ਮਾੜੀ,
ਤੂੰ ਇਨ੍ਹਾਂ ਤੋਂ ਜਾਨ ਛੁਡਾ।
ਮਾਂ ਤੇਰੀ ਤੈਨੂੰ ਸਮਝਾਵੇ,
ਵਰਜਣ ਤੇਰੇ ਭੈਣ ਭਰਾ।
ਧੀ ਤੇਰੇ ਤੋਂ ਉੱਚੀ ਹੋ ਗਈ,
ਨਾ ਤੂੰ ਹੱਥੋਂ ਵਕਤ ਗੁਆ।
ਫੁੱਲਾਂ ਵਰਗੀ ਘਰ ਵਾਲੀ ਨੂੰ,
ਐਵੇਂ ਨਾ ਤੂੰ ਹੋਰ ਸਤਾ।
ਰਹਿ ਜਾਣ ਨਾ ਬੱਚੇ ਅਨਪੜ੍ਹ,
ਉਨ੍ਹਾਂ ਨੂੰ ਵੀ ਰੱਜ ਪੜ੍ਹਾ।
ਜਿੰਨੇਂ ਦਾ ਤੂੰ ਪੀਨੈਂ ਦਾਰੂ,
ਓਨੇਂ ਦਾ ਘਰ ਸੌਦਾ ਪਾ।
ਪੜ੍ਹਾ ਕੇ ਆਪਣੇਂ ਬੱਚਿਆਂ ਨੂੰ
ਉੱਚੀ ਮੰਜ਼ਿਲ ਚੜ੍ਹਦਾ ਜਾ।
ਹੁਣ ਤੂੰ ਜਾਗ ਪੰਜਾਬੀ ਸ਼ੇਰਾ,
ਨਸ਼ਿਆਂ ਦੀ ਨਾ ਅੱਤ ਮਚਾ।
ਘਰ 'ਚ ਤੇਰਾ ਮਾਣ ਵਧੇਗਾ,
ਪੈ ਜਾਵੇਂ ਜੇ ਸਿੱਧੇ ਰਾਹ।
ਇਕੋ ਗੱਲ ਮੈਂ ਕਹਿਣੀ ਤੈਨੂੰ,
ਨਸ਼ਿਆਂ ਦਾ ਨਾ ਦਾਗ਼ ਲਗਾ।
ਹਰ ਥਾਂ ਹੋਏ ਤੇਰੀ ਸਰਦਾਰੀ,
"ਸੁਹਲ" ਐਸਾ ਚੰਨ ਚੜ੍ਹਾ।

**ਮਲਕੀਅਤ ਸੁਹਲ**
ਮੋ-98728-48610

## ਰੱਖੜੀ ਦਾ ਦਿਨ / ਕਵਿਤਾ

ਵੀਰੇ ਤੂੰ , ਡੈਡੀ ਤੇ ਮੰਮੀ ਨੇ
ਰਲ ਕੇ ਜਿਹੜਾ ਵਰ
ਮੇਰੇ ਲਈ ਟੋਲਿਆ ਸੀ
ਮੈਂ ਤੁਹਾਡੇ ਕਹੇ ਤੇ
ਚੁਪ ਕਰਕੇ ਉਸ ਨਾਲ
ਲਾਵਾਂ ਲੈ ਲਈਆਂ ਸਨ।
ਅੱਜ ਲਾਵਾਂ ਲਈਆਂ ਨੂੰ
ਪੂਰੇ ਛੇ ਮਹੀਨੇ ਹੋ ਗਏ ਨੇ
ਤੇ ਨਾਲੇ ਅੱਜ
ਰੱਖੜੀ ਦਾ ਦਿਨ ਵੀ ਏ।
ਤੇਰੇ ਕੋਲ ਰਹਿੰਦਿਆਂ
ਮੈਂ ਹਰ ਸਾਲ
ਤੇਰੇ ਰੱਖੜੀ ਬੰਨ੍ਹਦੀ ਰਹੀ ਸਾਂ।
ਰੱਖੜੀ ਬੰਨ੍ਹਣ ਦਾ
ਕੀ ਅਰਥ ਹੈ
ਤੈਨੂੰ ਪਤਾ ਹੀ ਹੈ।
ਅੱਜ ਰੱਖੜੀ ਬੰਨ੍ਹਣ ਲਈ
ਮੈਂ ਤੇਰੇ ਕੋਲ ਨਹੀਂ ਆਉਣਾ
ਸਗੋਂ ਰੱਖੜੀ ਬੰਨ੍ਹਾਉਣ ਲਈ
ਅੱਜ ਤੂੰ ਮੇਰੇ ਸਹੁਰੇ ਘਰ ਆ
ਤੇ ਆ ਕੇ ਵੇਖ
ਜਿਹੜਾ ਵਰ ਤੁਸੀਂ
ਸਾਰਿਆਂ ਨੇ ਰਲ ਕੇ
ਮੇਰੇ ਲਈ ਟੋਲਿਆ ਸੀ
ਉਸ ਪੈਸੇ ਦੇ ਭੁੱਖੇ ਨਾਲ ਰਹਿ ਕੇ
ਮੈਂ ਕਿੰਨੀ ਕੁ ਖੁਸ਼ ਹਾਂ

**ਮਹਿੰਦਰ ਸਿੰਘ ਮਾਨ**
9915803554

## ਸਿਆਣਿਆਂ ਦੇ ਸੱਚ

ਕਾਹਦੀ ਇੱਲਤ ਨਾਲ ਮਸ਼ੀਨਰੀ ਦੇ,
ਗੱਡੀ ਜੋੜੀਏ ਨਾ ਪਸ਼ੂ ਬਿਮਾਰ ਕਦੇ।
ਬਿਗਾਨੀ ਜੰਨ ਨਾ ਚੜ੍ਹ ਖਰੂਦ ਪਾਈਏ,
ਦੇਈਏ ਗੱਡਾ ਨਾ ਹੋਣ ਉਲਾਰ ਕਦੇ।

ਘਰ ਮੋੜੀਏ ਨਾ ਖੇਤੋਂ ਬਚੀ ਰੋਟੀ,
ਐਵੇਂ ਖੰਭੋਂ ਨਾ ਬਣਾਈਏ ਡਾਰ ਕਦੇ।
ਧੀ ਪੁੱਤ ਨਾ ਛੱਡੀਏ ਦੁੱਧ ਸੁੰਨਾਂ,
ਦੇਈਏ ਵਧਣ ਨਾ ਬਦਨ ਦਾ ਭਾਰ ਕਦੇ।

ਚੋਈਏ ਗਊ ਨਾ ਨਿਆਣਾ ਬਿਨ ਪਾਏ,
ਭੁੱਖੀ ਮੱਝ ਦੀ ਨਾ ਕੱਢੀਏ ਧਾਰ ਕਦੇ।
ਗਿਆਰਸ ਇਕਾਦਸ਼ੀ ਗੋਕਾ ਜੋੜੀਏ ਨਾ,
ਅੰਮ੍ਰਿਤ ਛਕ ਨਾ ਛੱਡੀਏ ਕਕਾਰ ਕਦੇ।

ਲੱਗੀਏ ਮੂੰਹ ਨਾ 'ਭਗਤਾ' ਸਿਆਸੀਆਂ ਦੇ,
ਨਿਕੰਮੀਂ ਚੁਣੀਏਂ ਨਾ ਸਰਕਾਰ ਕਦੇ।
ਕਾਟ੍ਹੋ ਰਹੇ ਨਾ ਸਦਾ ਚੜ੍ਹੀ ਕਿੱਕਰ।
ਖਾਲੀ ਜੇਬ੍ਹ ਨਾ ਕਰੀਏ ਵਪਾਰ ਕਦੇ।
– – – – –

**ਸੁਖਮੰਦਰ ਸਿੰਘ ਬਰਾੜ 'ਭਗਤਾ ਭਾਈ ਕਾ'**
604-751-1113 (ਕੈਨੇਡਾ)

## ਗਜ਼ਲ

ਭਰੇ ਮਨ ਨਾਲ ਮੈਂ ਪਿੰਡ ਸੋਹਰਿਆਂ ਤੋਂ ਆਈ,
ਕੱਲ ਤੇਰੀ ਗੱਲ ਸਾਰੀ ਮਾਂ ਨੇ ਫੋਨ ਤੇ ਸੁਣਾਈ,
ਤੈਂਨੂੰ ਸੁਰਤ ਨਾ ਰਹਿੰਦੀ ਹਾਲੋਂ ਬੇਹਾਲ ਹੋਇਆ,,
ਚੰਗਾ ਰਹੇਗਾ ਇਹ ਪਰੇ ਕੋਹੜ ਵੱਢਦੇ ਦੇ ਵੇ,,
ਮੈਂਨੂੰ ਲੋੜ ਨਾ ਸੌਗਾਤਾਂ ਦੀ ਰੱਖੜੀ ਤੇ ਵੀਰਿਆ,,
ਭੈਣ ਤੇਰੀ ਦਾ ਤਰਲਾ ਹਾੜੇ ਨਸ਼ੇ ਛੱਡਦੇ ਵੇ,
ਕਰ ਯਾਦ ਮਾਂ ਨੇ ਕਦੇ ਤੈਂਨੂੰ ਪਾਇਆ ਨਾ ਗਿੱਲੇ,
ਜੀਭ ਤਤਲਾਓਂਦੀ ਤੇ ਹੁਣ ਡੱਕੇ ਵਾਂਗ ਹਿੱਲੇਂ,
ਬਿਨ ਕਹੇ ਤੇਰੇ ਸਾਰੇ ਚਾਅ ਸੀ ਕੀਤੇ ਪੂਰੇ,,
ਭਾਵੇਂ ਖੁਦ ਇਹਨਾਂ ਦੇ ਲੀੜੇ ਜੋੜੇ ਸੀ ਅੱਡਦੇ ਵੇ,
ਮੈਂਨੂੰ ਲੋੜ ਨਾ ਸੌਗਾਤਾਂ ਦੀ ਰੱਖੜੀ ਤੇ ਵੀਰਿਆ,,
ਭੈਣ ਤੇਰੀ ਦਾ ਤਰਲਾ ਹਾੜੇ ਨਸ਼ੇ ਛੱਡਦੇ ਵੇ,
ਮਰਨ ਹੋਇਆ ਮੇਰਾ ਵੇਖ ਸੰਗਲ ਨਾਲ ਬੰਨਿਆਂ,
ਸੁਣਿਆ ਤਾਈ ਤੋਂ ਜਿੰਦਾ ਪੇਟੀ ਦਾ ਤੂੰ ਭੰਨਿਆਂ,
ਮੱਖਣ ਤੇਰੀ ਸ਼ੇਰੋਂ ਚ ਕੋਈ ਸੌਂਹ ਵੀ ਨਾ ਖਾਂਦਾ ਸੀ,
ਸਭ ਮਿੱਟੀ ਚ ਮਿਲਾਏ ਕਰੇ ਕੰਮ ਚੱਜ ਦੇ ਵੇ,
ਮੈਂਨੂੰ ਲੋੜ ਨਾ ਸੌਗਾਤਾਂ ਦੀ ਰੱਖੜੀ ਤੇ ਵੀਰਿਆ,,
ਭੈਣ ਤੇਰੀ ਦਾ ਤਰਲਾ ਹਾੜੇ ਨਸ਼ੇ ਛੱਡਦੇ ਵੇ,

**ਮੱਖਣ ਸ਼ੇਰੋਂ ਵਾਲਾ**
**ਪਿੰਡ ਤੇ ਡਾਕ ਸ਼ੇਰੋਂ ਤਹਿ ਸੁਨਾਮ ਜਿਲ੍ਹਾ ਸੰਗਰੂਰ**
ਸੰਪਰਕ98787-98726

## ਸਿਵਿਆਂ ਅੰਦਰ ਤੇਰਾ ਯਾਰ ਟਿਕਾਣਾ ਹੈ

ਸਿਵਿਆਂ ਅੰਦਰ ਤੇਰਾ ਯਾਰ ਟਿਕਾਣਾ ਹੈ
ਸਾਰਾ ਆਲਮ ਘੁੰਮਕੇ ਏਥੇ ਆਣਾ ਹੈ।
ਕਰਮਾਂ ਦੇ ਤੂੰ ਜੈਸੇ ਬੀਜ਼ ਪਿਆ ਬੀਜੇਂ,
ਵੈਸਾ ਹੀ ਕਿਸਮਤ ਦਾ ਦਾਣਾ ਖਾਣਾ ਹੈ।
ਜਿਸ ਦੇਹ ਖ਼ਾਤਿਰ ਏਨੇ ਪਾਪੜ ਵੇਲੇ ਤੂੰ
ਆਖਿਰ ਉਸ ਦੇਹੀ ਨੂੰ ਛੱਡਕੇ ਜਾਣਾ ਹੈ।
ਚਾਰ ਦਿਨਾਂ ਦੀ ਠੌਰ ਮੁਸਾਫ਼ਿਰਖਾਨਾ ਇਹ
ਜੋ ਵੀ ਆਵੇ, ਉਸ ਨੇ ਇਕ ਦਿਨ ਜਾਣਾ ਹੈ।
ਜਦ ਜਦ ਵੀ ਤੂੰ ਖੁਦ ਮਸਲੇਂਗਾ ਫੁੱਲਾਂ ਨੂੰ,
ਇਹਨਾਂ ਤੇਰੇ ਹੱਥਾਂ ਨੂੰ ਮਹਿਕਾਣਾ ਹੈ।
ਤੂੰ ਨਾ ਕਰ ਬਹੁਤਾ ਮਾਣ ਇਸ ਸੁਹੱਪਣ ਤੇ
ਮਿੱਟੀ ਦੀ ਮੂਰਤ, ਆਖਿਰ ਭੁਰ ਜਾਣਾ ਹੈ।
ਹੱਸ ਹੱਸ ਕੇ ਤੂੰ ਜੀਵਨ ਸਾਜ਼ ਵਜਾ 'ਸਾਬੀ'
ਮਰਨਾ ਵੀ ਤਾਂ ਜੀਵਨ ਦਾ ਇਕ ਗਾਣਾ ਹੈ।

**ਸਾਬੀ ਸਹੋਤਾ**

## ਬਚਪਨ ਦੀਆਂ ਬਰਸਾਤਾਂ



ਉਹ ਬਚਪਨ ਦੀਆਂ ਬਰਸਾਤਾਂ
ਉਹ ਨਿੱਕੀਆਂ ਨਿੱਕੀਆਂ ਬਾਤਾ
ਸਕੂਲ ਦੇ ਨਾਂ ਤੋਂ ਮੂੰਹ ਬਣਾਉਣਾ
ਉੱਪਰੋਂ ਬਰਸਾਤ ਸ਼ੁਰੂ ਹੋ ਜਾਣਾ
ਫਿਰ ਸਕੂਲੋਂ ਛੁੱਟੀ ਦਾ ਹੋ ਜਾਣਾ
ਤਾਂ ਰੱਬ ਦਾ ਸ਼ੁਕਰ ਮਨਾਉਣਾ
ਕਰਨੀ ਕੱਠੀ ਯਾਰਾਂ ਦੀ ਢਾਣੀ
ਬੈ ਜਾਣਾ ਵਿੱਚ ਬਰਸਾਤੀ ਪਾਣੀ
ਬਰਸਾਤੀ ਪਾਣੀ ਵਿੱਚ ਰੇੜੀਆਂ
ਸਾਡੀ ਕਾਗਜ਼ਾਂ ਦੀਆਂ ਬੇੜੀਆਂ
ਇੱਕ ਦੂਜੇ ਨਾਲ ਹੁੰਦੇ ਮੁਕਾਬਲੇ
ਦੇਖੋ ਕਿਸ ਦੀ ਬੇੜੀ ਜਾਊ ਅੱਗੇ
ਫਿਰ ਬਾਰਿਸ਼ਾਂ ਵਿੱਚ ਨਹਾਉਣਾ
ਪੂਰੇ ਜੋਰ ਨਾਲ ਗੀਤ ਗਾਉਣਾ
ਰੱਬਾ ਰੱਬਾ ਮੀਂਹ ਪੁਆ
ਸਾਡੀ ਕੋਠੀ ਦਾਣੀ ਪਾ
ਕਾਲੀਆਂ ਇੱਟਾਂ ਕਾਲੇ ਰੋੜ
ਮੀਂਹ ਵਰ੍ਹਾ ਦੇ ਜ਼ੋਰੋ ਜ਼ੋਰ
ਫਿਰ ਬੇਬੇ ਕੋਲ ਭੱਜੇ ਭੱਜੇ ਜਾਣਾ
ਉਸ ਗਾਲਾਂ ਦਾ ਮੀਂਹ ਵਰ੍ਹਾਉਣਾ
ਗਿੱਲੇ ਕੱਪੜੇ ਬਦਲ ਕੇ ਅਸਾਡੇ
ਮੋਹ ਭਿੱਜੇ ਖੀਰ ਪੂੜੇ ਖਵਾਉਣਾ
ਦਾਦੀ ਦਾ ਗਲ ਨਾਲ ਲਾਉਣਾ
ਤੇ ਪਿਆਰ ਨਾਲ ਸਮਝਾਉਣਾ
ਥੋੜਾ ਬਹੁਤ ਹੀ ਸਮਝ ਆਉਣਾ
ਜਿਆਦਾ ਉੱਪਰੋਂ ਨਿਕਲ ਜਾਣਾ
ਨਾ ਕੋਈ ਚਿੰਤਾ ਨਾ ਜ਼ਿੰਮੇਵਾਰੀ
ਬਚਪਨ ਦੀ ਗੱਲ ਹੀ ਨਿਆਰੀ
ਦਿਲ ਫਿਰ ਪਿੱਛੇ ਮੁੜਣਾ ਚਾਹਵੇ
ਕਾਸ਼ 'ਅਮਰ' ਬਚਪਨ ਮੁੜ ਆਵੇ

**ਅਮਰਦੀਪ ਕੌਰ**

## ਸੁਪਨਿਆਂ ਦਾ ਸ਼ਹਿਰ

ਸੁਪਨਿਆਂ ਦੇ ਸ਼ਹਿਰ ਦੀਆਂ ਦੀਵਾਰਾਂ
ਸੁਣੀਆਂ ਮੈਂ ਗੱਲਾਂ ਕਰਦੀਆਂ
ਗੁੰਮ ਹੋ ਗਏ ਸੱਜਣ ਕਿਤੇ
ਜੀਹਨੂੰ ਤੱਕਣ ਨੂੰ ਅੱਖਾਂ ਤਰਸਦੀਆਂ
ਬਾਰੀ ਵਿਚ ਖਲੋ ਕੇ ਜਦ
ਗਿੱਲੇ ਵਾਲ ਸੀ ਉਹ ਝਣਕਦੇ
ਹੁੰਦੀ ਬਰਸਾਤ ਅੰਬਰਾਂ ਤੋਂ
ਮਾਰੂਥਲਾਂ ਪਿਆਸ ਜਿਵੇਂ ਬੁਝਦੀ .....

ਰੰਗ ਉਸਦਾ ਜਿਵੇਂ ਚੰਨ ਹੋਵੇ ਚੜ੍ਹਿਆ
ਦੇਖ ਕੇ ਸੂਰਜ ਬੱਦਲਾਂ ਉਹਲੇ ਛੁਪਿਆ
ਬਿੰਦ ਝਟ ਮਗਰੋਂ ਮਾਰੇ ਝਾਤੀ
ਕਿਤੇ ਸੇਕ ਨਾ ਲੱਗ ਜਾਏ
ਨੂਰ ਗਜਬ ਦਾ, ਚਿਹਰਾ ਖਿੜਿਆ
ਦੱਬ ਕੇ ਬਹਿ ਜਾਂਦਾ ਲਾਟ ਅੱਗ ਦੀ
ਹੁਸਨ ਦੀਵਾਨਾ ਸੂਰਜ ਵੀ ਕਰ ਛੱਡਿਆ ....

ਸੁਪਨਿਆਂ ਦੇ ਸ਼ਹਿਰ ਵਿਚ
ਗੁੰਮ ਸੱਜਣ ਲੱਭਣ ਮੈਂ ਤੁਰਿਆ
ਖੁਸ਼ਬੂ ਸੀ ਹਵਾਵਾਂ ਵਿਚ
ਸਾਹਾਂ ਦੀ ਭਰਨ ਗਵਾਹੀ
" ਪ੍ਰੀਤ " ਮੁੱਕੀ ਨਾ ਅਜੇ
ਰਾਹ ਅਜੇ ਹੈ ਬਾਕੀ
ਤੋਰ ਲੈ ਲਫਜ਼ਾਂ ਦਾ ਯੱਕਾ
ਤੇਰੀ ਵਾਟ ਹੈ ਲੰਮੇਰੀ
ਸੁਪਨਿਆਂ ਦੇ ਸ਼ਹਿਰ ਵਿਚ
ਕਿਤੇ ਠਹਿਰ ਹੀ ਨਾ ਜਾਵੀਂ

**ਪ੍ਰੀਤ ਰਾਮਗੜ੍ਹੀਆ**
**ਮੋਬਾਇਲ** : +918427174139

## ਆਜ਼ਾਦੀ ਨਸ਼ਿਆਂ ਤੋਂ

ਸਰਹੱਦ ਨਾ ਰਹੀ ਕੋਈ
ਜਿਥੇ ਰੁੱਕ ਜਾਂਦਾ
ਬਿਨਾਂ ਕਿਸੇ ਜਿੰਦਗੀ ਦੇ ਮੋਈ
ਰੋਕਣਾ ਸੀ ਜਿਨ੍ਹਾਂ ਜਵਾਨਾਂ
ਖੁਦ ਚਿੱਟੇ ਦੀ ਚਾਦਰ ਢੋਈ
ਤਰਸ ਰਹੀ ਜਿੰਦਗੀ
ਆਪਣੇ ਪੈਰ ਫੈਲਾਉਣ ਨੂੰ
ਨਸ਼ਿਆਂ ਕੀਤਾ ਕਬਜ਼ਾ
ਜਿੰਦਗੀ ਪਲ - ਪਲ
ਜਿਊਣ ਨੂੰ ਰੋਈ ....

ਪਹੁੰਚਿਆ ਸੀ ਜਦ ਸਰਹੱਦ ਮੁਲਕ ਦੀ
ਨਾ ਸੀ ਚਿੰਤਾ ਕਿਸੇ ਨੂੰ ਹੋਈ
ਕਰਦਾ ਹੋਇਆ ਪਾਰ ਸਰਹੱਦਾਂ
ਸਰਹੱਦ ਪੰਜਾਬ ਦੀ ਆਣ ਸੀ ਤੋੜੀ
ਵੱਸਦੇ ਘਰਾਂ ਦੀਆਂ ਹੱਦਾਂ ਲੰਘਿਆ
ਖੂਨ ਦੀ ਥਾਂ ਜਿਸਮਾਂ ਵਿਚ ਰਚਿਆ
ਪਾ ਲਈਆਂ ਜੰਜ਼ੀਰਾਂ ਗੁਲਾਮੀ ਦੀਆਂ
ਸੋਚ ਵਿਚ ਬਸ ਨਸ਼ਾ ਵਸਿਆ....

ਸੁੰਨੀਆਂ ਹੋਈਆਂ ਮਾਵਾਂ ਦੀਆਂ ਝੋਲੀਆਂ
ਪੁੱਤਾਂ ਨਸ਼ੇ ਨੂੰ ਮਾਂ ਬਣਾ ਲਿਆ
ਅੰਨ ਦੀ ਭੁੱਖ ਤੋਂ ਜਿਆਦਾ
ਸਰੀਰ ਆਪਣੇ ਨੂੰ ਲਾ ਲਿਆ
ਰਹੇ ਨਾ ਕਮਾਉਣ ਜੋਗੇ
ਜੋ ਸੀ ਉਹ ਵੀ ਗਵਾ ਲਿਆ .....

ਬੀਤਿਆ ਵਕਤ ਕਦ ਮੁੜਦਾ ਏ
ਨਾ ਮੁੜੇ ਕੋਈ ਜਿੰਦਗੀ ਮੋਈ
ਕਿਵੇਂ ਰੋਕ ਲਈਏ ਰਾਹ ਇਸਦਾ
" ਪ੍ਰੀਤ " ਸੋਚ ਡੂੰਘੀ ਹੋਈ
ਲੋੜ ਹੈ ਆਜ਼ਾਦੀ ਦੀ
ਆਜਾਦੀ ਨਸ਼ਿਆਂ ਦੀ ਗੁਲਾਮ ਹੋਈ

**ਪ੍ਰੀਤ ਰਾਮਗੜ੍ਹੀਆ**
**ਮੋਬਾਇਲ** : +918427174139

## .ਗ਼ਜ਼ਲ

ਠੱਗਾਂ ਦੀ ਹੈ ਦੁਨੀਆਂ ਸਾਰੀ।
ਲੁੱਟਣ ਦੀ ਹੀ ਲੱਖ ਤਿਆਰੀ।
ਜਿਹੜਾ ਸੂਰਜ ਚਮਕੇ ਬਾਹਲਾ,
ਉਸਦੀ ਜਾਂਦੇ ਨੇ ਮੱਤ ਮਾਰੀ।
ਕਰਦੇ ਕੁਰਦੇ ਕੁਝ ਨਾ ਬਾਹਲੇ,
ਗੱਲਾਂ ਦੇ ਨਾਲ ਜਾਂਦੇ ਸਾਰੀ।
ਤੇਰਾ ਨਾ ਹੁਣ ਚਲਣਾ ਟਾਂਗਾ,
ਨੇਤਾ ਜੀ ਦੀ ਚੱਲੂ ਲਾਰੀ।
ਫੜਦੇ ਨੇਤਾ ਜੀ ਦੇ ਗੋਡੇ,
ਜਿਸਨੇ ਕਰਨੀ ਪਾਰ ਉਤਾਰੀ।
ਵਿੱਦਿਆ ਦਾ ਤਾਂ ਹਾਲ ਬੁਰਾ ਹੈ,
ਹੁਣ ਤਾਂ ਲੱਗੇ ਨਿਰੀ ਵਿਚਾਰੀ।

**ਹਰਦੀਪ ਬਿਰਦੀ**
9041600900

## ਕੀ ਫਾਇਦਾ

ਅੱਜ ਪੁੱਛੇਂ ਨਾ ਰੋਟੀ ਮਾਪਿਆਂ ਨੂੰ,
ਪਿੱਛੋਂ ਪੰਡਿਤ ਰਜਾਉਣ ਦਾ ਕੀ ਫਾਇਦਾ।
ਝਾੜੂ ਫੇਰੇਂ ਨਾ ਬਜ਼ੁਰਗ ਕੀ ਮੰਜੀ ਹੇਠੋਂ,
ਪਿੱਛੋਂ ਅਰਥੀਆਂ ਸਜਾਉਣ ਦਾ ਕੀ ਫਾਇਦਾ।
ਅੱਜ ਜਿੰਨ੍ਹਾਂ ਨੂੰ ਨਾ ਸਿੱਧੇ ਮੂੰਹ ਬੋਲੇਂ,
ਸੱਥਰ ਤੇ ਬਹਿਕੇ ਸਲਾਹੁਣ ਦਾ ਕੀ ਫਾਇਦਾ।
ਲਈ ਰੋਂਦਿਆਂ ਦੀ ਨਾ ਸਾਰ ਕਦੇ,
ਲਾਸ਼ ਸਿਰਹਾਣੇ ਰੋਣ ਦਾ ਕੀ ਫਾਇਦਾ।
ਜਦ ਜਿਉਂਦਿਆਂ ਦੀ ਨਾ ਕਦਰ ਕੀਤੀ,
ਪਿੱਛੋਂ ਫੋਟੋਆਂ ਜੜਾਉਣ ਦਾ ਕੀ ਫਾਇਦਾ।
'ਮੁਕਤਸਰ ਵਾਲਿਆ ਛੱਡਦੇ ਲੱਛਣ ਕਰਨੇ,
ਐਵੇਂ ਜੱਗ ਹਸਾਉਣ ਦਾ ਕੀ ਫਾਇਦਾ।

**ਲੱਕੀ ਚਾਵਲਾ** 94179-79966

## ਗੁਆਚਦਾ ਵਿਰਸਾ




**ਸੁਖਵਿੰਦਰ ਸੁੱਖੀ**
98760-81745

ਚਰਖੇ ਤੇ ਤੰਦ ਪਾਉਣਾ ਹੁਣ ਮੁਟਿਆਰਾਂ ਭੁੱਲ ਗਈਆਂ,
ਵਿਰਸਾ ਭੁਲਾ ਪੰਜਾਬੀ, ਹੁਣ ਪੱਛਮੀ ਤੇ ਡੁੱਲ ਗਈਆਂ।
ਕੱਠੀਆਂ ਹੋਣ ਨਾ ਕੁੜੀਆਂ, ਤੇ ਫੁਲਕਾਰੀ ਕੱਢਦੀਆਂ ਨਾ,
ਇੰਟਰਨੈਟ ਤੇ ਵੱਟਸਐਪ ਦਾ ਹੁਣ ਖਹਿੜਾ ਛੱਡਦੀਆਂ ਨਾ।
ਕਿਤੇ ਲੱਗਦੇ ਨਹੀਂ ਤ੍ਰਿੰਝਣ, ਕੁੜੀਆਂ ਹੋਵਣ ਕੱਠੀਆਂ ਨਾ,
ਹੁਣ ਦਾਣੇ ਕਿੱਥੋਂ ਭੁਨਾਈਏ, ਕਿਤੇ ਮਘਦੀਆਂ ਭੱਠੀਆਂ ਨਾ।
ਬਿਨ ਬਾਬਿਆਂ ਦੇ ਸੱਥਾਂ ਵੀ ਹੁਣ ਖਾਲੀ ਹੋ ਚੱਲੀਆਂ,
ਹਲ ਵਾਹੁੰਦੇ ਬਲਦਾਂ ਦੀਆਂ ਕਦੇ ਸੁਣੀਆਂ ਨਾ ਟੱਲੀਆਂ।
ਮੇਲਿਆਂ ਦੇ ਵਿੱਚ ਹੁਣ ਕਿਧਰੇ ਉਹ ਰੌਣਕ ਮਿਲਦੀ ਨਾ,
ਢੋਲ ਖੜਕਣੋ ਹਟ ਗਏ, ਕਿਧਰੇ ਕਾਟੋ ਹਿੱਲਦੀ ਨਾ।
ਰੀਤੀ ਰਿਵਾਜ਼ ਵੀ ਮੁੱਕਦੇ ਜਾਂਦੇ ਹੁਣ ਤਾਂ ਵਿਆਹਾਂ ਤੇ,
'ਸੁੱਖੀ' ਵਿਰਸਾ ਮਰਦਾ ਜਾਂਦਾ, ਰਹਿ ਗਿਆ ਸਾਹਾਂ ਤੇ।

**ਸ੍ਰੀ ਗੁਰੂ ਨਾਨਕ ਦੇਵ ਜੀ ਕੇਵਲ ਸਿੱਖਾਂ ਦੇ ਹੀ ਨਹੀਂ, ਸਗੋਂ ਸਮੁੱਚੀ ਜਾਤੀ ਦੇ ਸੱਚੇ ਮਾਰਗ-ਦਰਸ਼ਕ ਸਨ, ਜਿਨ੍ਹਾਂ ਨੇ ਭਰਮ-ਭੁਲੇਖਿਆਂ ਵਿਚ ਭਟਕ ਰਹੀ ਲੋਕਾਈ ਦਾ ਸਹੀ ਮਾਰਗ-ਦਰਸ਼ਨ ਕਰਕੇ ਪਰਮਾਰਥ ਦੇ ਰਾਹ ਤੋਰਿਆ। ਆਪ ਜੀ ਨੇ ਇਸ ਕਾਰਜ ਦੀ ਪੂਰਤੀ ਲਈ ਧਰਮਸ਼ਾਲਾਵਾਂ ਬਣਵਾਈਆਂ, ਲੰਗਰ ਦੀ ਪ੍ਰਥਾ ਕਾਇਮ ਕਰਦਿਆਂ ਸੰਗਤ-ਪੰਗਤ ਤੇ ਸੇਵਾ-ਸਿਮਰਨ ਆਦਿ ਦੇ ਅਜਿਹੇ ਅਦੁੱਤੀ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ, ਜੋ ਸਦੀਵੀ ਸੇਧ ਦੇਣ ਵਾਲੇ ਹਨ।**

# ਮਾਨਵ ਜਗਤ ਦੇ ਮਾਰਗ ਦਰਸ਼ਕ
# ਗੁਰੂ ਨਾਨਕ ਦੇਵ ਜੀ



ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ 1469 ਈਸਵੀ ਨੂੰ ਸ੍ਰੀ ਨਨਕਾਣਾ ਸਾਹਿਬ (ਰਾਏ ਭੋਇ ਦੀ ਤਲਵੰਡੀ, ਪਾਕਿਸਤਾਨ) ਵਿਖੇ ਪਿਤਾ ਮਹਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਹੋਇਆ ਸੀ। ਉਨ੍ਹਾਂ ਦੇ ਆਗਮਨ ਸਮੇਂ ਹਿੰਦੁਸਤਾਨ ਵਿਚ ਅਧਰਮ ਅਤੇ ਕੂੜ ਦਾ ਬੋਲਬਾਲਾ ਸੀ। ਲੋਕ ਫੋਕੇ ਕਰਮ-ਕਾਂਡਾਂ, ਜਾਦੂ-ਟੂਣਿਆਂ ਅਤੇ ਵਹਿਮਾਂ-ਭਰਮਾਂ ਦੇ ਜਾਲ ਵਿਚ ਬੁਰੀ ਤਰ੍ਹਾਂ ਫਸ ਚੁੱਕੇ ਸਨ ਅਤੇ ਉਨ੍ਹਾਂ ਦਾ ਪ੍ਰਮਾਤਮਾ ਵਿਚੋਂ ਵਿਸ਼ਵਾਸ ਟੁੱਟ ਰਿਹਾ ਸੀ। ਹਿੰਦੂ ਧਰਮ, ਜਿਸ ਨੂੰ ਉਸ ਦੇ ਹੀ ਬਣਾਏ ਵਰਣ-ਵੰਡ ਨੇ ਕਮਜ਼ੋਰ ਕਰ ਦਿੱਤਾ ਸੀ, ਢਹਿੰਦੀ ਕਲਾ ਵੱਲ ਜਾ ਰਿਹਾ ਸੀ। ਬ੍ਰਾਹਮਣ ਸ਼੍ਰੇਣੀ ਪ੍ਰਮਾਤਮਾ ਦੇ ਗਿਆਨ ਦੀ ਗੱਲ ਛੱਡ ਕੇ, ਮਾਇਆ ਦੇ ਲਾਲਚ ਵਿਚ ਲੋਕਾਂ ਨੂੰ ਕਰਮ-ਕਾਂਡਾਂ ਦੇ ਭਰਮ-ਜਾਲ ਵਿਚ ਉਲਝਾ ਰਹੀ ਸੀ। ਖੱਤਰੀ ਆਪਣਾ ਜੁਝਾਰੂਪਣ ਭੁੱਲ ਚੁੱਕੇ ਸਨ। ਸਮਾਜ ਦੇ ਇਸ ਨਿਘਾਰ ਤੋਂ ਮੁਸਲਿਮ ਸਮਾਜ ਵੀ ਨਹੀਂ ਸੀ ਬਚਿਆ। ਮੁਗ਼ਲ ਹਕੂਮਤ ਦੇ ਕਰਿੰਦੇ 'ਮੁੱਲਾਂ ਤੇ ਕਾਜ਼ੀ' ਸਭ ਜੋਕਾਂ ਵਾਂਗ ਲੋਕਾਂ ਦਾ ਖ਼ੂਨ ਚੂਸ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ ਉਸ ਸਮੇਂ ਦੀ ਦਸ਼ਾ ਇਸ ਪ੍ਰਕਾਰ ਸੀ :

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ
ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥
ਆਧੇਰੈ ਰਾਹੁ ਨ ਕੋਈ ॥
(ਅੰਗ 145)

ਗੁਰੂ ਸਾਹਿਬ ਨੇ ਆਪਣੇ ਬਚਪਨ ਦੇ ਸਾਥੀ ਰਬਾਬੀ ਭਾਈ ਮਰਦਾਨਾ ਜੀ ਨੂੰ ਨਾਲ ਲੈ ਕੇ ਸੰਸਾਰ ਦੀਆਂ ਯਾਤਰਾਵਾਂ ਕੀਤੀਆਂ। ਇਨ੍ਹਾਂ ਯਾਤਰਾਵਾਂ, ਜਿਨ੍ਹਾਂ ਨੂੰ ਉਦਾਸੀਆਂ ਵੀ ਕਿਹਾ ਜਾਂਦਾ ਹੈ, ਦੌਰਾਨ ਆਪ ਸੰਸਾਰ ਦੇ ਵੱਖ-ਵੱਖ ਭਾਗਾਂ, ਖ਼ਾਸ ਕਰਕੇ ਵੱਖ-ਵੱਖ ਧਰਮਾਂ ਦੇ ਕੇਂਦਰੀ ਅਸਥਾਨਾਂ ਵਿਖੇ ਪੁੱਜੇ ਅਤੇ ਫੋਕੇ ਕਰਮ-ਕਾਂਡਾਂ, ਧਾਰਮਿਕ ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਦਾ ਤਰਕ-ਸੰਗਤ ਖੰਡਨ ਕਰਦਿਆਂ, ਲੋਕਾਈ ਨੂੰ ਇਕੋ ਪ੍ਰਮਾਤਮਾ ਦੇ ਲੜ ਲੱਗਣ ਲਈ ਪ੍ਰੇਰਿਆ। ਧਾਰਮਿਕ ਅਤੇ ਸਮਾਜਿਕ ਚੇਤਨਾ ਦੇਣ ਦੇ ਨਾਲ-ਨਾਲ ਜਰਵਾਣਿਆਂ ਦੇ ਜ਼ੁਲਮਾਂ ਦੀ ਵੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ। ਹਮਲਾਵਰ ਬਾਬਰ ਵੱਲੋਂ ਕੀਤੀ ਲੁੱਟ-ਖਸੁੱਟ ਦਾ ਜ਼ਿਕਰ ਕਰਦੇ ਹੋਏ ਗੁਰੂ ਸਾਹਿਬ ਨੇ ਫੁਰਮਾਇਆ :

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕਰਲਾਣੇ ਤੈ
ਕੀ ਦਰਦੁ ਨ ਆਇਆ ॥
(ਅੰਗ 360)

ਗੁਰੂ ਸਾਹਿਬ ਦੇ ਪਾਵਨ ਉਪਦੇਸ਼ਾਂ ਅਤੇ ਸਿਧਾਂਤਾਂ ਨੇ ਹਿੰਦੁਸਤਾਨ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ, ਜਿਸ ਨਾਲ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਉਨ੍ਹਾਂ ਨੇ ਸਿੱਖ ਧਰਮ ਨੂੰ ਸਿਰਫ਼ ਅਧਿਆਤਮਿਕਤਾ ਤਕ ਹੀ ਸੀਮਤ ਨਹੀਂ ਰੱਖਿਆ, ਸਗੋਂ ਮਨੁੱਖੀ-ਜੀਵਨ ਦੀ ਹਰ ਪੱਖ ਤੋਂ ਅਗਵਾਈ ਕਰਨ ਵਾਲਾ ਧਰਮ ਬਣਾਇਆ। ਮਨੁੱਖ ਨੂੰ ਸਚਾਈ, ਨਿਮਰਤਾ, ਦਇਆ, ਸੇਵਾ, ਸਬਰ, ਸੰਤੋਖ, ਪਰਉਪਕਾਰ ਆਦਿ ਗੁਣਾਂ ਦੇ ਧਾਰਨੀ ਹੋ ਆਤਮ-ਨਿਰਭਰ ਤੇ ਸਵੈਮਾਣ ਵਾਲਾ ਜੀਵਨ ਜਿਊਣ ਦੇ ਯੋਗ ਬਣਾਇਆ। ਸਮਾਜ ਵਿਚ ਜਾਤ-ਪਾਤ ਅਤੇ ਆਰਥਿਕ ਨਾਬਰਾਬਰੀ ਨੂੰ ਵੇਖਦਿਆਂ 'ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ' ਦੇ ਬੁਨਿਆਦੀ ਸਿਧਾਂਤਾਂ ਨੂੰ ਪ੍ਰਚਾਰਿਆ। ਗੁਰੂ ਸਾਹਿਬ ਦੇ ਸਮੇਂ ਹਿੰਦੁਸਤਾਨੀ ਸਮਾਜ ਵਿਚ ਜਿਥੇ ਛੂਤ-ਛਾਤ ਦਾ ਬੋਲਬਾਲਾ ਸੀ, ਉਥੇ ਇਸਤਰੀ ਨੂੰ ਢੁਕਵਾਂ ਸਨਮਾਨ ਨਹੀਂ ਸੀ ਦਿੱਤਾ ਜਾਂਦਾ। ਉਸ ਨੂੰ ਪੈਰ ਦੀ ਜੁੱਤੀ, ਦਾਸੀ ਅਤੇ ਪਰਦੇ ਵਿਚ ਰਹਿਣ ਵਾਲੀ ਵਸਤੂ ਹੀ ਸਮਝਿਆ ਜਾਂਦਾ ਸੀ। ਇਸਤਰੀ ਨੂੰ ਮਨੁੱਖ ਦੇ ਬਰਾਬਰ ਸਨਮਾਨਜਨਕ ਰੁਤਬਾ ਪ੍ਰਦਾਨ ਕਰਨ ਦੀ ਵਡਿਆਈ ਵੀ ਗੁਰੂ ਜੀ ਦੇ ਹਿੱਸੇ ਹੀ ਆਈ। ਆਪ ਜੀ ਦਾ ਪਾਵਨ ਫ਼ਰਮਾਨ ਹੈ :

ਭੰਡਿ ਜੰਮੀਐ ਭੰਡਿ ਨਿੰਮੀਐ
ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (ਅੰਗ 473)

ਇਸੇ ਤਰ੍ਹਾਂ ਸਤਿਗੁਰੂ ਜੀ ਨੇ ਊਚ-ਨੀਚ ਅਤੇ ਜਾਤ-ਪਾਤ ਦੇ ਵੰਡ-ਵਿਤਕਰੇ ਦੀ ਨਿਖੇਧੀ ਹੀ ਨਹੀਂ ਕੀਤੀ, ਬਲਕਿ ਅਮਲੀ ਰੂਪ ਵਿਚ ਇਸ 'ਤੇ ਪਹਿਰਾ ਦਿੰਦੇ ਹੋਏ ਆਪ ਫ਼ਰਮਾਉਂਦੇ ਹਨ :

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ॥
(ਅੰਗ 15)

ਕਿਉਂਕਿ ਸਮਕਾਲੀ ਸਮਾਜ ਵਿਚ ਯੋਗ ਮੱਤ ਦੇ ਪ੍ਰਭਾਵ ਸਦਕਾ ਲੋਕਾਂ ਵਿਚ ਸੰਸਾਰ ਨੂੰ ਤਿਆਗਣ ਦੀ ਬਿਰਤੀ ਪ੍ਰਧਾਨ ਹੋ ਚੁੱਕੀ ਸੀ। ਲੋਕਾਂ ਨੇ ਸੰਸਾਰਕ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ ਕੇ ਜੰਗਲਾਂ ਤੇ ਪਹਾੜਾਂ ਵਿਚ ਸ਼ਰਨ ਲੈਣੀ ਸ਼ੁਰੂ ਕਰ ਦਿੱਤੀ ਅਤੇ ਸੰਨਿਆਸੀ ਘਰ-ਬਾਰ ਤਿਆਗ ਕੇ, ਵਿਹਲੇ ਰਹਿ ਕੇ, ਭਿੱਖਿਆ ਮੰਗ ਕੇ ਆਪਣਾ ਗੁਜ਼ਾਰਾ ਕਰਦੇ ਸਨ। ਸੋ, ਇਕ ਤਰ੍ਹਾਂ ਇਨ੍ਹਾਂ ਵਿਹਲੜ ਲੋਕਾਂ ਦੀ ਕਰਮਹੀਣਤਾ ਨੇ ਹੀ ਇਸ ਦੇਸ਼ ਨੂੰ ਗੁਲਾਮ ਬਣਾ ਦਿੱਤਾ ਸੀ। ਸਮੇਂ ਦੀ ਨਬਜ਼ ਨੂੰ ਪਹਿਚਾਣਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਰਤ ਨੂੰ ਧਰਮ ਦੇ ਬੁਨਿਆਦੀ ਸਿਧਾਂਤ ਦੇ ਤੌਰ 'ਤੇ ਲੋਕਾਂ ਵਿਚ ਪ੍ਰਚਾਰਿਆ। ਗੁਰੂ ਸਾਹਿਬ ਨੇ ਸੰਸਾਰ ਨੂੰ ਤਿਆਗਣ ਅਤੇ ਤ੍ਰਿਸਕਾਰਣ ਦੀ ਵਿਚਾਰਧਾਰਾ ਦਾ ਵਿਰੋਧ ਕੀਤਾ ਅਤੇ ਉਨ੍ਹਾਂ ਗ੍ਰਹਿਸਥ ਨੂੰ ਪ੍ਰਮੁੱਖਤਾ ਦਿੰਦਿਆਂ, ਸਮੁੱਚੀ ਮਾਨਵਤਾ ਨੂੰ ਦਸਾਂ-ਨਹੁੰਆਂ ਦੀ ਕਿਰਤ ਕਰਕੇ ਜੀਵਨ ਨਿਰਬਾਹ ਕਰਨ ਦਾ ਸੰਦੇਸ਼ ਦਿੱਤਾ। ਆਪ ਜੀ ਨੇ ਜੀਵਨ ਮੁਕਤੀ ਦੀ ਪ੍ਰਾਪਤੀ ਲਈ ਜੰਗਲਾਂ ਤੇ ਪਹਾੜਾਂ ਆਦਿ ਵਿਚ ਇਕਾਂਤ-ਵਾਸ ਨੂੰ ਨਿੰਦਿਆ ਅਤੇ ਗ੍ਰਹਿਸਤ ਵਿਚ ਰਹਿ ਕੇ, ਸੇਵਾ-ਸਿਮਰਨ ਤੇ ਕਿਰਤ ਰਾਹੀਂ ਮੁਕਤੀ ਦਾ ਮਾਰਗ ਦਰਸਾਇਆ :

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ
ਖਾਵੰਦਿਆ ਵਿਚੇ ਹੋਵੈ ਮੁਕਤਿ ॥
(ਅੰਗ 522)

ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਹੱਕ-ਸੱਚ ਦੀ ਕਮਾਈ ਉਹੀ ਹੈ ਜਿਹੜੀ ਸਖ਼ਤ ਮਿਹਨਤ ਰਾਹੀਂ ਤਨਦੇਹੀ ਨਾਲ ਕੀਤੀ ਗਈ ਹੋਵੇ। ਕਰਤਾਰਪੁਰ ਸਾਹਿਬ ਵਿਖੇ ਗੁਰੂ ਸਾਹਿਬ ਨੇ ਆਪਣੇ ਹੱਥੀਂ ਖੇਤੀ ਕਰਕੇ ਮਨੁੱਖਤਾ ਨੂੰ ਕਿਰਤ ਕਰਨ ਦਾ ਸੰਦੇਸ਼ ਦਿੰਦਿਆਂ ਫ਼ੁਰਮਾਇਆ :

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥
(ਅੰਗ 1245)

ਗੁਰੂ ਸਾਹਿਬ ਵੱਲੋਂ ਦਰਸਾਏ ਉਪਰੋਕਤ ਸਿਧਾਂਤ ਵਿਚੋਂ 'ਸਰਬੱਤ ਦੇ ਭਲੇ' ਦੀ ਭਾਵਨਾ ਉਜਾਗਰ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਕੇਵਲ ਸਿੱਖਾਂ ਦੇ ਹੀ ਨਹੀਂ, ਸਗੋਂ ਸਮੁੱਚੀ ਜਾਤੀ ਦੇ ਸੱਚੇ ਮਾਰਗ-ਦਰਸ਼ਕ ਸਨ, ਜਿਨ੍ਹਾਂ ਨੇ ਭਰਮ-ਭੁਲੇਖਿਆਂ ਵਿਚ ਭਟਕ ਰਹੀ ਲੋਕਾਈ ਦਾ ਸਹੀ ਮਾਰਗ-ਦਰਸ਼ਨ ਕਰਕੇ ਪਰਮਾਰਥ ਦੇ ਰਾਹ ਤੋਰਿਆ। ਆਪ ਜੀ ਨੇ ਇਸ ਕਾਰਜ ਦੀ ਪੂਰਤੀ ਲਈ ਧਰਮਸ਼ਾਲਾਵਾਂ ਬਣਵਾਈਆਂ, ਲੰਗਰ ਦੀ ਪ੍ਰਥਾ ਕਾਇਮ ਕਰਦਿਆਂ ਸੰਗਤ-ਪੰਗਤ ਤੇ ਸੇਵਾ-ਸਿਮਰਨ ਆਦਿ ਦੇ ਅਜਿਹੇ ਅਦੁੱਤੀ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ, ਜੋ ਸਦੀਵੀ ਸੇਧ ਦੇਣ ਵਾਲੇ ਹਨ। ਆਓ! ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਪੁਰਬ ਦੇ ਸ਼ੁਭ ਅਵਸਰ 'ਤੇ ਉਨ੍ਹਾਂ ਵੱਲੋਂ ਦਰਸਾਈ ਗੁਰਮਤਿ ਜੀਵਨ-ਜੁਗਤਿ ਨੂੰ ਅਪਣਾਉਂਦੇ ਹੋਏ ਲੋਕ ਸੁਖੀਆ, ਪਰਲੋਕ ਸੁਹੇਲਾ ਬਣਾਈਏ।

**-ਜਥੇਦਾਰ ਅਵਤਾਰ ਸਿੰਘ**

# ਗੁਰੂ ਕਾਲ ਦੇ ਸਰੋਤਾਂ ਵਿਚ ਗੁਰੂ ਨਾਨਕ ਸਾਹਿਬ

ਗੁਰੂ ਨਾਨਕ ਸਾਹਿਬ ਨੂੰ 'ਜਗਤ-ਗੁਰੂ' (ਵਿਸ਼ਵ ਅਧਿਆਪਕ) ਦਾ ਰੁਤਬਾ ਮਿਲ ਚੁੱਕਾ ਸੀ। ਇਸੇ ਕਾਰਨ ਉਹ ਇਥੋਂ ਦੇ 'ਜਨਨਾਇਕ' ਬਣ ਗਏ ਤੇ ਸਭ ਧਰਮਾਂ ਦੇ ਲੋਕਾਂ ਵੱਲੋਂ ਸਤਿਕਾਰੇ ਗਏ। ਇਹ ਗੱਲ ਕੇਵਲ ਉਨ੍ਹਾਂ ਨਾਲ ਹੀ ਜੁੜੀ ਹੈ-

ਨਾਨਕ ਸ਼ਾਹ ਫ਼ਕੀਰ ॥
ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ ॥

ਇਹ ਉਨ੍ਹਾਂ ਦੀ ਬਹੁਤ ਵੱਡੀ ਪ੍ਰਾਪਤੀ ਸੀ ਕਿ ਆਪਸ 'ਚ ਨਫਰਤ ਕਰ ਰਹੀਆਂ ਸਭ ਧਿਰਾਂ ਦੀ ਗੁਰੂ ਨਾਨਕ ਸਾਹਿਬ ਦੇ ਨਾਂ 'ਤੇ ਸਹਿਮਤੀ ਬਣ ਗਈ। ਪੰਜਾਬ ਵਿਚ ਗੁਰੂ ਨਾਨਕ ਸਭ ਦੇ ਸਾਂਝੇ ਆਦਰਸ਼ ਬਣ ਗਏ ਤੇ ਉਹ ਵੀ ਸਦੀਵ ਕਾਲ ਲਈ। ਇਸ ਦਾ ਪ੍ਰਮਾਣ ਇਹ ਹੈ ਕਿ ਪੰਜਾਬ 'ਚ ਰਚੇ ਜਾ ਰਹੇ ਸਾਹਿਤ ਵਿਚ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਮਾਨਵਵਾਦੀ-ਕਲਿਆਣਕਾਰੀ ਸਿੱਖਿਆ ਉਪਰ ਅਮਿਟ ਛਾਪ ਲੱਗੀ ਹੋਈ ਹੈ। ਪ੍ਰਮਾਣੀਕ ਪੰਜਾਬੀਅਤ ਉਪਰ ਗੁਰੂ ਨਾਨਕ ਦਾ ਰੰਗ ਚੜ੍ਹਿਆ ਹੋਇਆ ਹੈ। ਇਹ ਹੈਰਾਨੀ ਦੀ ਗੱਲ ਬਿਲਕੁਲ ਨਹੀਂ ਕਿ ਗੁਰੂ-ਕਾਲ (1469-1708 ਈ:) ਤੇ ਉਸ ਤੋਂ ਬਾਅਦ ਵੀ ਲੰਬੇ ਸਮੇਂ ਤੱਕ ਜਿਹੜਾ ਸਥਾਨਕ ਸਾਹਿਤ ਪੈਦਾ ਹੋਇਆ, ਉਹ ਗੁਰੂ ਨਾਨਕ ਸਾਹਿਬ ਨੂੰ ਹੀ ਸਮਰਪਿਤ ਦਿਸਦਾ ਹੈ। ਗੁਰੂਕਾਲ ਦੌਰਾਨ ਦੋ ਤਰ੍ਹਾਂ ਦਾ ਸਾਹਿਤ ਗੁਰੂ ਨਾਨਕ ਸਾਹਿਬ ਬਾਰੇ ਪ੍ਰਾਪਤ ਹੁੰਦਾ ਹੈ। ਪਹਿਲਾ ਗੁਰਮੁਖੀ ਲਿਪੀ ਵਿਚ ਅਤੇ ਦੂਜਾ ਅਰਬੀ, ਫਾਰਸੀ ਵਿਚ। ਉਸ ਦੌਰ ਵਿਚ ਅਰਬੀ-ਫਾਰਸੀ ਵਿਚ ਗੁਰੂ ਨਾਨਕ ਸਾਹਿਬ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ ਪਰ ਜਿਹੜਾ ਕੁਝ ਲਿਖਿਆ ਗਿਆ ਹੈ, ਉਹ ਬਹੁਤ ਹੀ ਮਹੱਤਵਪੂਰਨ ਇਸ ਲਈ ਹੈ ਕਿ ਉਹ ਗੈਰ-ਸਿੱਖਾਂ ਨੇ ਲਿਖਿਆ ਹੈ। ਇਸ ਤਰ੍ਹਾਂ ਦੇ ਸਾਹਿਤ ਨੂੰ ਰਚਣ ਵਾਲਿਆਂ 'ਚ ਇਕ ਪ੍ਰਸਿੱਧ ਨਾਂ ਮੁਹਸਿਨਫ਼ਾਨੀ ਦਾ ਹੈ, ਜਿਸ ਦੀ ਪੁਸਤਕ ਦਾ ਨਾਂਅ 'ਦਬਿਸਤਾਨ ਮਜ਼ਾਹਿਬ' ਹੈ। ਇਹ ਪੁਸਤਕ ਫਾਰਸੀ ਵਿਚ ਲਿਖੀ ਹੋਈ ਹੈ ਅਤੇ ਇਸ ਦਾ ਲੇਖਕ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਪੰਜਾਬ ਵਿਚ ਆਇਆ ਸੀ ਤੇ ਇਸ ਬਾਰੇ ਇਹ ਵੀ



ਸੰਭਾਵਨਾ ਹੈ ਕਿ ਇਹ ਗੁਰੂ ਹਰਿਗੋਬਿੰਦ ਜੀ ਨੂੰ ਮਿਲਿਆ ਵੀ ਸੀ। ਗੁਰੂ ਨਾਨਕ ਸਾਹਿਬ ਬਾਰੇ ਹੋਰ ਖੋਜ ਦੀ ਵੱਡੀ ਲੋੜ ਹੈ। ਡਾ: ਹਿੰਮਤ ਸਿੰਘ ਹੁਰਾਂ ਨੇ ਅਜਿਹੀਆਂ ਕੁਝ ਲਿਖਤਾਂ ਦੀ ਟੋਹ ਲਾਉਣ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਇਹ ਲਿਖਤਾਂ ਅਰਬੀ-ਫਾਰਸੀ ਵਿਚ ਹਨ ਅਤੇ ਸਿੱਖ ਵਿਦਵਾਨਾਂ ਦੀ ਪਹੁੰਚ ਤੋਂ ਬਾਹਰ ਹਨ। ਇਨ੍ਹਾਂ ਵਿਚੋਂ ਇਕ 1509 ਈ: ਦਾ ਅਰਬੀ ਭਾਸ਼ਾ ਵਿਚ ਲਿਖਿਆ ਸਫ਼ਰਨਾਮਾ 'ਸੱਯਾਹਤੋ ਬਾਬਾ ਨਾਨਕ ਫਕੀਰ' ਹੈ, ਜਿਹੜਾ ਮਦੀਨੇ ਦੀ ਲਾਇਬ੍ਰੇਰੀ ਵਿਚ ਪਿਆ ਦੱਸਿਆ ਗਿਆ ਹੈ। ਡਾ: ਹਿੰਮਤ ਸਿੰਘ ਦੀ ਸੂਚਨਾ ਅਨੁਸਾਰ ਇਸ ਖਰੜੇ ਦਾ ਪੰਜਾਬੀ ਅਨੁਵਾਦ ਸੱਯਦ ਪ੍ਰਿਥੀਪਾਲ ਸਿੰਘ ਨੇ 1927-30 ਦੌਰਾਨ ਕੀਤਾ ਸੀ, ਪਰ ਇਹ ਛਪ ਨਹੀਂ ਸਕਿਆ। ਇਸ ਖਰੜੇ ਦਾ ਲੇਖਕ ਤਾਜੁਦੀਨ ਨਕਸ਼ਬੰਦੀ ਦੱਸਿਆ ਹੈ। ਜਿਹੜਾ ਈਰਾਨ ਤੋਂ ਗੁਰੂ ਨਾਨਕ ਸਾਹਿਬ ਦੇ ਨਾਲ ਹਮਸਫਰ ਬਣ ਕੇ ਮੱਕਾ-ਮਦੀਨਾ ਗਿਆ ਸੀ।

ਗੁਰੂ-ਕਾਲ ਦੇ ਗੁਰਮੁਖੀ ਸਰੋਤਾਂ ਵਿਚ ਸਭ ਤੋਂ ਪਹਿਲਾ ਸਥਾਨ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਵਿਚ ਗੁਰੂ ਨਾਨਕ ਸਾਹਿਬ ਦੀ ਆਪਣੀ ਰਚੀ ਬਾਣੀ ਹੈ। ਡਾ: ਜੇ. ਐਸ. ਗਰੇਵਾਲ ਤੇ ਡਾ: ਸੁਰਜੀਤ ਹਾਂਸ ਆਦਿ ਕਈ ਵਿਦਵਾਨਾਂ ਨੇ ਗੁਰੂ ਕਾਲ ਦਾ ਇਤਿਹਾਸ ਲਿਖਦਿਆਂ ਬਾਣੀ ਨੂੰ ਇਕ ਸਰੋਤ ਵਜੋਂ ਪ੍ਰਯੋਗ ਕੀਤਾ ਹੈ। ਗੁਰੂ ਨਾਨਕ ਸਾਹਿਬ ਰਚਿਤ ਬਾਣੀ ਵਿਚਲੇ ਅਨੇਕਾਂ ਹਵਾਲੇ ਉਨ੍ਹਾਂ ਦੇ ਗੁਣ, ਸੁਭਾਅ ਅਤੇ ਪ੍ਰਭਾਵ ਬਾਰੇ ਸਵੈ-ਕਥਨ ਹਨ। ਵਿਸ਼ੇਸ਼ ਕਰਕੇ ਬਾਬਰ ਦੇ ਹਮਲੇ ਦੌਰਾਨ ਉਚਾਰਨ ਕੀਤੇ ਗੁਰੂ ਨਾਨਕ ਸਾਹਿਬ ਦੇ ਚਾਰ ਪਦੇ ਉਨ੍ਹਾਂ ਦੀ ਸੰਵੇਦਨਸ਼ੀਲਤਾ ਦੀ ਗਵਾਹੀ ਭਰਦੇ ਹਨ। ਇਸੇ ਤਰ੍ਹਾਂ ਉਨ੍ਹਾਂ ਦੇ ਬਾਅਦ ਹੋਏ ਗੁਰੂ ਸਾਹਿਬਾਨਾਂ ਦੀ ਬਾਣੀ ਅਤੇ ਭੱਟਾਂ ਦੇ ਨਾਲ ਸੱਤੇ-ਬਲਵੰਡ ਦੀ ਬਾਣੀ ਵਿਚ ਵੀ ਗੁਰੂ ਨਾਨਕ ਸਾਹਿਬ ਨਾਲ ਸੰਬੰਧਿਤ ਕੁਝ ਹਵਾਲੇ ਪ੍ਰਾਪਤ ਹੁੰਦੇ ਹਨ। ਬਹੁਤ ਸਾਰੇ ਨਵੇਂ ਸਰੋਤਾਂ ਤੱਕ ਪਹੁੰਚ ਕਰਨ ਦੀ ਲੋੜ ਹੈ ਅਤੇ ਇਸ ਲਈ ਦ੍ਰਿੜ੍ਹ ਇਰਾਦੇ ਅਤੇ ਸਮਰਪਿਤ ਖੋਜ-ਵਿਦਿਆਰਥੀਆਂ ਦੀ ਜ਼ਰੂਰਤ ਹੋਵੇਗੀ, ਜੋ ਅਰਬੀ, ਫਾਰਸੀ ਤੇ ਕੁਝ ਹੋਰ ਭਾਸ਼ਾਵਾਂ ਵਿਚ ਪਏ ਮੱਧਕਾਲੀ ਸਾਹਿਤ ਨੂੰ ਖੰਗਾਲ ਲੈਣ ਅਤੇ ਹੋ ਸਕਦਾ ਹੈ ਕਿ ਤਿੱਬਤ ਤੇ ਨਿਪਾਲ ਤੋਂ ਇਲਾਵਾ ਸ੍ਰੀਲੰਕਾ ਅਤੇ ਆਸਾਮੀ, ਉੜੀਆ ਤੇ ਬੰਗਾਲੀ ਵਿਚ ਵੀ ਗੁਰੂ ਨਾਨਕ ਸਾਹਿਬ ਨਾਲ ਸੰਬੰਧਿਤ ਕੁਝ ਸਰੋਤ ਹੱਥ ਲੱਗ ਜਾਣ।

**- ਡਾ: ਗੁਰਸ਼ਰਨਜੀਤ ਸਿੰਘ**

ਸੱਭਿਆਚਾਰ



ਵਿਸਰੀਆਂ ਬਾਤਾਂ



ਵਿਰਸਾ

# ਮੇਲਿਆਂ ਦੇ ਬਦਲਦੇ ਰੰਗ



**ਸਮੇਂ ਦੇ ਵਿਕਾਸ ਤੇ ਸਾਇੰਸ ਦੀ ਤਰੱਕੀ ਨੇ ਮੇਲਿਆਂ ਦੀ ਦਿੱਖ ਬਦਲ ਦਿੱਤੀ ਹੈ। ਗਵੱਈਆਂ ਦੇ ਅਖਾੜਿਆਂ ਦੀ ਥਾਂ ਹੁਣ ਸਟੇਜਾਂ ਲੱਗਦੀਆਂ ਹਨ, ਜਿੱਥੇ ਗੀਤ-ਸੰਗੀਤ ਤਾਂ ਪੇਸ਼ ਕੀਤਾ ਜਾਂਦਾ ਹੈ ਪਰ ਪ੍ਰਸੰਗ ਗਾਇਬ ਹਨ। ਨਚਾਰਾਂ ਵਾਲਾ ਸੱਭਿਆਚਾਰ ਕਰੀਬ ਖ਼ਤਮ ਹੋ ਚੁੱਕਿਆ ਹੈ। ਮੇਲੇ ਬਹੁਤਾ ਕਰਕੇ ਸਿਆਸੀ ਅਖਾੜੇ ਬਣ ਗਏ ਹਨ, ਜਿੱਥੇ ਵੱਖ-ਵੱਖ ਸਿਆਸੀ ਪਾਰਟੀਆਂ ਆਪਣੀਆਂ ਕਾਨਫਰੰਸਾਂ ਕਰਦੀਆਂ ਹਨ ਅਤੇ ਏਕਤਾ ਅਖੰਡਤਾ ਦਾ ਸੁਨੇਹਾ ਦੇਣ ਦੀ ਥਾਂ ਵਿਰੋਧੀ ਪਾਰਟੀਆਂ ਦੀ ਨਿੰਦਿਆ ਕੀਤੀ ਜਾਂਦੀ ਹੈ ਤੇ ਆਪਣਿਆਂ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੇ ਜਾਂਦੇ ਹਨ।**

ਪੰਜਾਬ ਮੇਲਿਆਂ ਦੀ ਧਰਤੀ ਹੈ। ਪੰਜਾਬ ਦਾ ਸ਼ਾਇਦ ਹੀ ਕੋਈ ਅਜਿਹਾ ਪਿੰਡ ਹੋਵੇਗਾ, ਜਿੱਥੇ ਕੋਈ ਮੇਲਾ ਨਾ ਲੱਗਦਾ ਹੋਵੇ। ਇਹ ਮੇਲੇ ਗੁਰੂਆਂ, ਪੀਰਾਂ, ਸ਼ਹੀਦਾਂ, ਹਕੀਕੀ ਇਸ਼ਕ ਕਰਨ ਵਾਲੇ ਆਸ਼ਕਾਂ, ਆਜ਼ਾਦੀ ਲਈ ਜਾਨਾਂ ਕੁਰਬਾਨ ਕਰਨ ਵਾਲੇ ਸੂਰਬੀਰਾਂ, ਵਾਤਾਵਰਨ ਪ੍ਰੇਮੀਆਂ ਜਾਂ ਵੱਖ-ਵੱਖ ਗੋਤਾਂ ਨਾਲ ਸਬੰਧਤ ਉਨ੍ਹਾਂ ਦੇ ਵੱਡ-ਵਡੇਰਿਆਂ ਦੀ ਯਾਦ ਵਿੱਚ ਮਨਾਏ ਜਾਂਦੇ ਹਨ। ਮੁਸਲਮਾਨਾਂ ਦੀ ਗਿਣਤੀ ਪੰਜਾਬ ਵਿੱਚ ਬਹੁਤ ਘੱਟ ਹੈ ਪਰ ਰਾਜ ਦੇ ਬਹੁਤੇ ਪਿੰਡਾਂ ਵਿੱਚ ਅੱਜ ਵੀ ਮੁਸਲਮਾਨ ਫ਼ਕੀਰਾਂ ਦੀ ਯਾਦ ਵਿੱਚ ਉਨ੍ਹਾਂ ਦੀਆਂ ਮਜ਼ਾਰਾਂ 'ਤੇ ਮੇਲੇ ਆਯੋਜਿਤ ਹੁੰਦੇ ਹਨ। ਆਜ਼ਾਦੀ ਤੋਂ ਪਹਿਲਾਂ ਇੱਥੇ ਮੁਸਲਮਾਨਾਂ ਦੀ ਕਾਫ਼ੀ ਅਬਾਦੀ ਹੋਣਾ ਅਤੇ ਉਨ੍ਹਾਂ ਦੀ ਸ਼ਰਧਾ ਇਨ੍ਹਾਂ ਮੇਲਿਆਂ ਵਿੱਚੋਂ ਝਲਕਦੀ ਵਿਖਾਈ ਦਿੰਦੀ ਹੈ। ਇਨ੍ਹਾਂ ਮੇਲਿਆਂ ਦਾ ਇਹ ਇੱਕ ਬਹੁਤ ਚੰਗਾ ਪੱਖ ਹੈ ਕਿ ਇਹ ਏਕਤਾ ਅਤੇ ਅਖੰਡਤਾ ਦੇ ਪ੍ਰਤੀਕ ਹਨ। ਹਰ ਮੇਲੇ ਵਿੱਚ ਹਰ ਧਰਮ, ਜਾਤ ਤੇ ਗੋਤ ਨਾਲ ਸਬੰਧਤ ਲੋਕ ਪਹੁੰਚਦੇ ਹਨ, ਜਿਸ ਨਾਲ ਭਾਈਚਾਰਕ ਏਕਤਾ ਵਿੱਚ ਵਾਧਾ ਹੁੰਦਾ ਹੈ। ਇਸ ਤੋਂ ਇਲਾਵਾ ਇਹ ਮੇਲੇ ਪੁਰਾਤਨ ਸੱਭਿਆਚਾਰ ਨੂੰ ਜਿਊਂਦਾ ਰੱਖਣ ਅਤੇ ਇਤਿਹਾਸ ਬਾਰੇ ਲੋਕਾਂ ਨੂੰ ਭਰਪੂਰ ਜਾਣਕਾਰੀ ਦੇਣ ਦੇ ਚੰਗੇ ਮਾਧਿਅਮ ਹਨ। ਮਨਪ੍ਰਚਾਵੇ ਦੇ ਨਾਲ-ਨਾਲ ਆਪਣੇ ਦੇਸ਼ ਅਤੇ ਸੂਬੇ ਦੇ ਇਤਿਹਾਸ ਨੂੰ ਗੀਤਾਂ, ਭਾਸ਼ਨਾਂ, ਕਵੀਸ਼ਰੀ, ਨਾਟਕਾਂ ਤੇ ਪ੍ਰਦਰਸ਼ਨੀਆਂ ਨਾਲ ਇਹ ਮੇਲੇ ਦੁਹਰਾ ਕੇ ਸਦੀਆਂ ਤੋਂ ਅਗਲੀਆਂ ਪਿਛਲੀਆਂ ਪੀੜ੍ਹੀਆਂ ਨੂੰ ਜਾਗ੍ਰਿਤ ਕਰਦੇ ਆ ਰਹੇ ਹਨ ਅਤੇ ਕਰਦੇ ਰਹਿਣਗੇ। ਜਿਵੇਂ ਸਾਇੰਸ ਦੀ ਤਰੱਕੀ ਅਤੇ ਸਿੱਖਿਆ ਦੇ ਫੈਲਾਅ ਨਾਲ ਹਰ ਖੇਤਰ ਵਿੱਚ ਵੱਡੀਆਂ ਤਬਦੀਲੀਆਂ ਆਈਆਂ ਹਨ, ਉਸੇ ਤਰ੍ਹਾਂ ਮੇਲਿਆਂ ਵਿੱਚ ਭਾਰੀ ਬਦਲਾਓ ਆਇਆ ਹੈ। ਜਦੋਂ ਅਜਿਹੀ ਤਰੱਕੀ ਨਹੀਂ ਸੀ ਹੋਈ, ਉਦੋਂ ਦੇ ਮੇਲਿਆਂ ਅਤੇ ਅੱਜ ਦੇ ਮੇਲਿਆਂ ਵਿੱਚ ਜ਼ਮੀਨ-ਅਸਮਾਨ ਦਾ ਫ਼ਰਕ ਵੇਖਣ ਨੂੰ ਮਿਲਦਾ ਹੈ। ਪੁਰਾਣੇ ਸਮਿਆਂ ਵਿੱਚ ਮੇਲਿਆਂ 'ਤੇ ਸ਼ਰਧਾ ਭਾਰੂ ਰਹਿੰਦੀ ਸੀ, ਮਰਦ-ਔਰਤਾਂ, ਬੁੱਢੇ-ਬੱਚੇ, ਨੌਜਵਾਨ- ਮੁਟਿਆਰਾਂ ਸਭ ਇਕੱਠੇ ਹੀ ਮਿਲ ਕੇ ਮੇਲਿਆਂ ਨੂੰ ਜਾਂਦੇ, ਗੀਤ ਗਾਉਂਦੇ ਭੰਗੜੇ ਪਾਉਂਦੇ ਪਰ ਉਨ੍ਹਾਂ ਦੇ ਸਾਫ਼-ਸੁਥਰੇ ਮਨਾਂ 'ਤੇ ਕਦੇ ਮਾੜਾ ਪ੍ਰਭਾਵ ਵੇਖਣ ਨੂੰ ਨਹੀਂ ਸੀ ਮਿਲਦਾ ਪਰ ਅੱਜ-ਕੱਲ੍ਹ ਅਜਿਹੀ ਮੁਹੱਬਤ ਤੇ ਇਕੱਠ ਮੇਲਿਆਂ 'ਚੋਂ ਗਾਇਬ ਹਨ। ਸ਼ਾਇਦ ਇਸ ਦਾ ਮੁੱਖ ਕਾਰਨ ਸਾਡੇ ਮਨਾਂ ਵਿੱਚ ਪੈਦਾ ਹੋਈ ਖੋਟ ਹੈ। ਦਹਾਕਿਆਂ ਪਹਿਲਾਂ ਮੇਲੇ ਵਿੱਚ ਢੱਡ ਸਾਰੰਗੀ ਵਾਲੇ ਗਵੱਈਏ ਘੇਰੇ ਨਾਲ ਤੁਰ-ਫਿਰ ਕੇ ਹੀਰ-ਰਾਂਝੇ, ਸੱਸੀ-ਪੁੰਨੂੰ, ਮਿਰਜ਼ਾ-ਸਾਹਿਬਾਂ, ਸ਼ਾਹਣੀ ਕੌਲਾਂ, ਸੋਹਣੀ-ਮਹੀਂਵਾਲ, ਰੂਪ-ਬਸੰਤ, ਰਾਜਾ ਨਲ ਆਦਿ ਦੇ ਪ੍ਰਸੰਗ ਸਰੋਤਿਆਂ ਦੇ ਰੂਬਰੂ ਕਰਦੇ। ਪੂਰੀ ਲਗਨ ਨਾਲ ਸ਼ਾਂਤ ਚਿੱਤ ਬੈਠ ਕੇ ਸੁਣਨ ਵਾਲੇ ਸਰੋਤੇ ਇੱਕ-ਇੱਕ ਰੁਪਈਆ ਇਨਾਮ ਦਿੰਦੇ ਜੋ ਫੜ ਕੇ ਗਵੱਈਏ ਸਾਰੰਗੀ ਦੇ ਪਿਛਲੇ ਪਾਸੇ ਪਾਈ ਜਾਂਦੇ। ਜਦ ਜਥੇ ਦਾ ਸਮਾਂ ਸਮਾਪਤ ਹੁੰਦਾ ਤਾਂ ਅਗਲਾ ਜਥਾ ਉਹੀ ਪ੍ਰਸੰਗ ਉਸ ਤੋਂ ਅੱਗੇ ਤੋਰ ਲੈਂਦਾ। ਇਸ ਤਰ੍ਹਾਂ ਸਰੋਤੇ ਸਾਰਾ ਪ੍ਰਸੰਗ ਸੁਣ ਕੇ ਹੀ ਉੱਠਦੇ। ਅਜਿਹੇ ਗਵੱਈਆਂ ਦੇ ਸਰੋਤੇ ਵਧੇਰੇ ਕਰਕੇ ਵੱਡੀ ਉਮਰ ਦੇ ਬਜ਼ੁਰਗ ਹੁੰਦੇ ਸਨ। ਸ਼ਾਮ ਦੇ ਸਮੇਂ ਨਚਾਰ ਅਖਾੜਾ ਲਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ। ਉਹ ਵਾਜੇ-ਢੋਲਕੀ 'ਤੇ ਗੀਤ ਗਾਉਂਦੇ ਅਤੇ ਨੱਚਦੇ। ਜੇ ਕੋਈ ਇਨਾਮ ਦਿੰਦਾ ਤਾਂ ਉਹ ਫਲਾਣਾ ਸਿੰਘ ਦੇ ਰੁਪਏ ਦੀ ਵੇਲ ਕਹਿ ਕੇ ਉਸ ਦਾ ਧੰਨਵਾਦ ਕਰਦੇ। ਕਈ ਕਈ ਘੰਟੇ ਇਹ ਅਖਾੜਾ ਚਲਦਾ। ਇਸ ਦਾ ਅਨੰਦ ਮਾਣਨ ਵਾਲੇ ਵਧੇਰੇ ਕਰਕੇ ਨੌਜਵਾਨ ਹੀ ਹੁੰਦੇ। ਉਹ ਅਖਾੜੇ ਵਿੱਚ ਹੀ ਬੋਤਲਾਂ ਦੇ ਡੱਟ ਖੋਲ੍ਹ ਕੇ ਪੈੱਗ ਲਾਉਂਦੇ ਅਤੇ ਲਲਕਾਰੇ ਮਾਰਦੇ। ਫਿਰ ਜਦੋਂ ਢੋਲ 'ਤੇ ਡੱਗਾ ਲੱਗਦਾ ਤਾਂ ਪਹਿਲਵਾਨ ਅਖਾੜੇ ਵਿੱਚ ਆਉਂਦੇ। ਚੌੜੀਆਂ ਛਾਤੀਆਂ ਤੇ ਫਰਕਦੇ ਡੌਲ਼ਿਆਂ ਵਾਲੇ ਮੱਲ ਭਾਵ ਪਹਿਲਵਾਨ ਅਖਾੜੇ ਵਿੱਚ ਡੰਡ ਮਾਰਦੇ, ਬੈਠਕਾਂ ਕੱਢਦੇ ਅਤੇ ਫਿਰ ਸ਼ੁਰੂ ਹੁੰਦੇ ਘੋਲ। ਜਿੱਤ-ਹਾਰ ਦਾ ਫ਼ੈਸਲਾ ਹੋਣ 'ਤੇ ਉਹ ਦਰਸ਼ਕਾਂ ਵਿੱਚ ਗੇੜਾ ਲਾਉਂਦੇ ਅਤੇ ਘਿਓ ਦੇ ਨਾਂ 'ਤੇ ਇਨਾਮ ਇਕੱਠਾ ਕਰਦੇ। ਆਖਰ ਵਿੱਚ ਝੰਡੀ ਦੀ ਕੁਸ਼ਤੀ ਹੁੰਦੀ। ਇੱਕ ਪਹਿਲਵਾਨ ਡਾਂਗ ਉੱਪਰ ਕੱਪੜਾ ਬੰਨ੍ਹ ਕੇ ਝੰਡੀ ਤਿਆਰ ਕਰ ਕੇ ਅਖਾੜੇ ਵਿੱਚ ਗੇੜਾ ਮਾਰਦਾ, ਜਿਸ ਦਾ ਮਤਲਬ ਹੁੰਦਾ ਕਿ ਹੈ ਕੋਈ ਮਾਈ ਦਾ ਲਾਲ ਜੋ ਉਸ ਨਾਲ ਘੁਲਣ ਦੀ ਜੁਰਅਤ ਰੱਖਦਾ ਹੈ। ਜੇ ਕੋਈ ਪਹਿਲਵਾਨ ਝੰਡੀ ਫੜ ਲੈਂਦਾ ਤਾਂ ਉਸ ਨਾਲ ਕੁਸ਼ਤੀ ਹੁੰਦੀ, ਜਿਸ ਨੂੰ ਅਖਾੜੇ ਦੀ ਸਭ ਤੋਂ ਅਹਿਮ ਕੁਸ਼ਤੀ ਮੰਨਿਆ ਜਾਂਦਾ। ਜੇ ਕੋਈ ਝੰਡੀ ਨਾ ਫੜਦਾ ਤਾਂ ਝੰਡੀ ਬੰਨ੍ਹਣ ਵਾਲੇ ਨੂੰ ਸਭ ਤੋਂ ਤਕੜਾ ਪਹਿਲਵਾਨ ਮੰਨਿਆ ਜਾਂਦਾ ਸੀ। ਬੱਚੇ ਮੇਲੇ ਵਿੱਚ ਚੰਡੋਲ 'ਤੇ ਝੂਟੇ ਲੈਂਦੇ। ਖਾਣ ਲਈ ਤੱਤੀਆਂ ਜਲੇਬੀਆਂ ਤੇ ਗਰਮ ਪਕੌੜੇ ਮੇਲਿਆਂ ਦੇ ਖ਼ਾਸ ਪਕਵਾਨ ਹੁੰਦੇ ਸਨ। ਬਜ਼ੁਰਗ ਗਾਉਣ-ਸੁਣਨ ਵਿੱਚ ਮਗਨ ਰਹਿੰਦੇ। ਔਰਤਾਂ ਸ਼ਰਧਾ ਨਾਲ ਮੱਥਾ ਟੇਕਣ ਵਿੱਚ ਹੀ ਵਧੇਰੇ ਦਿਲਚਸਪੀ ਵਿਖਾਉਂਦੀਆਂ। ਮੇਲੇ 'ਚੋਂ ਵਾਪਸੀ ਸਮੇਂ ਬੱਚੇ ਹੱਥਾਂ ਵਿੱਚ ਖੇਡਾਂ ਫੜੀ ਸੀਟੀਆਂ ਜਾਂ ਬੰਸਰੀਆਂ ਵਜਾਉਂਦੇ ਘਰਾਂ ਨੂੰ ਜਾਂਦੇ ਸਨ। ਸਮੇਂ ਦੇ ਵਿਕਾਸ ਤੇ ਸਾਇੰਸ ਦੀ ਤਰੱਕੀ ਨੇ ਮੇਲਿਆਂ ਦੀ ਦਿੱਖ ਬਦਲ ਦਿੱਤੀ ਹੈ। ਗਵੱਈਆਂ ਦੇ ਅਖਾੜਿਆਂ ਦੀ ਥਾਂ ਹੁਣ ਸਟੇਜਾਂ ਲੱਗਦੀਆਂ ਹਨ, ਜਿੱਥੋਂ ਗੀਤ-ਸੰਗੀਤ ਤਾਂ ਪੇਸ਼ ਕੀਤਾ ਜਾਂਦਾ ਹੈ ਪਰ ਪ੍ਰਸੰਗ ਗਾਇਬ ਹਨ। ਨਚਾਰਾਂ ਵਾਲਾ ਸੱਭਿਆਚਾਰ ਕਰੀਬ ਖ਼ਤਮ ਹੋ ਚੁੱਕਿਆ ਹੈ। ਮੇਲੇ ਬਹੁਤਾ ਕਰਕੇ ਸਿਆਸੀ ਅਖਾੜੇ ਬਣ ਗਏ ਹਨ, ਜਿੱਥੇ ਵੱਖ-ਵੱਖ ਸਿਆਸੀ ਪਾਰਟੀਆਂ ਆਪਣੀਆਂ ਕਾਨਫਰੰਸਾਂ ਕਰਦੀਆਂ ਹਨ ਅਤੇ ਏਕਤਾ ਅਖੰਡਤਾ ਦਾ ਸੁਨੇਹਾ ਦੇਣ ਦੀ ਥਾਂ ਵਿਰੋਧੀ ਪਾਰਟੀਆਂ ਦੀ ਨਿੰਦਿਆ ਕੀਤੀ ਜਾਂਦੀ ਹੈ ਤੇ ਆਪਣਿਆਂ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੇ ਜਾਂਦੇ ਹਨ। ਅਜੋਕੇ ਮੇਲਿਆਂ 'ਚ ਵੱਡੀਆਂ-ਵੱਡੀਆਂ ਸਰਕਸਾਂ ਮਹੀਨਾ ਪਹਿਲਾਂ ਹੀ ਪਹੁੰਚ ਜਾਂਦੀਆਂ ਹਨ। ਬੱਚਿਆਂ ਦੇ ਮਨੋਰੰਜਨ ਲਈ ਖੇਡਾਂ ਦੀਆਂ ਦੁਕਾਨਾਂ ਲੱਗਦੀਆਂ ਹਨ। ਖਾਣ ਲਈ ਜਲੇਬੀਆਂ ਤੇ ਪਕੌੜਿਆਂ ਦੀ ਥਾਂ ਪੀਜ਼ੇ, ਬਰਗਰ ਤੇ ਹੌਟਡਾਗ ਆਦਿ ਨੇ ਲੈ ਲਈ ਹੈ। ਸ਼ਰਧਾ ਨਾਲੋਂ ਸ਼ਰਾਰਤਾਂ ਵਧ ਗਈਆਂ ਹਨ। ਸਮੇਂ ਨਾਲ ਬਦਲਾਓ ਆਉਣਾ ਤਾਂ ਕੁਦਰਤੀ ਹੈ ਤੇ ਆਉਣਾ ਵੀ ਚਾਹੀਦਾ ਹੈ ਪਰ ਦੁੱਖ ਇਸ ਗੱਲ ਦਾ ਹੈ ਕਿ ਮੇਲਿਆਂ 'ਚੋਂ ਪੁਰਾਤਨ ਸੱਭਿਆਚਾਰ ਖ਼ਤਮ ਹੋ ਰਿਹਾ ਹੈ, ਇਤਿਹਾਸ ਤੋਂ ਪਾਸਾ ਵੱਟਿਆ ਜਾ ਰਿਹਾ ਹੈ, ਜਿਸ ਤੋਂ ਆਉਣ ਵਾਲੀਆਂ ਪੀੜ੍ਹੀਆਂ ਵਿਰਵਾ ਹੋ ਜਾਣਗੀਆਂ। ਮੇਲਿਆਂ ਦਾ ਜੋ ਮਕਸਦ ਸੀ, ਉਹ ਨਹੀਂ ਰਹਿਣਾ ਅਤੇ ਰੌਣਕਾਂ ਘਟਦੀਆਂ-ਘਟਦੀਆਂ ਇਨ੍ਹਾਂ ਮੇਲਿਆਂ ਨੂੰ ਅੰਤ ਵੱਲ ਲੈ ਜਾਣਗੀਆਂ।

**- ਬੀ ਐੱਸ ਭੁੱਲਰ**




# ਬਦਲਦਾ ਪੰਜਾਬੀ ਸੱਭਿਆਚਾਰ



ਸਮੇਂ ਅਤੇ ਲੋੜ ਦੇ ਅਨੁਸਾਰ ਦੁਨੀਆਂ 'ਤੇ ਕਾਫ਼ੀ ਬਦਲਾਓ ਆ ਰਹੇ ਹਨ। ਬਦਲਾਓ ਜ਼ਰੂਰੀ ਵੀ ਹੈ। ਇਹ ਇੱਕ ਮਨੋਵਿਗਿਆਨਕ ਲੋੜ ਹੈ, ਜਿਵੇਂ ਡਾ. ਦੀਵਾਨ ਸਿੰਘ ਕਾਲੇਪਾਣੀ ਨੇ ਕਿਹਾ ਹੈ:

"ਪਾਣੀ ਵਗਦੇ ਹੀ ਰਹਿਣ ਖੜੋਂਦੇ ਬੁਸਦੇ ਨੇ
ਕਿ ਪਾਣੀ ਵਗਦੇ ਹੀ ਰਹਿਣ।"

ਕੁਝ ਅਜਿਹੇ ਬਦਲਾਓ ਜੋ ਮਨੁੱਖ ਵੱਲੋਂ ਤਰੱਕੀ ਦੇ ਨਾਂ 'ਤੇ ਹੋ ਰਹੇ ਹਨ, ਸਾਨੂੰ ਤਰੱਕੀ ਵੱਲ ਲਿਜਾਣ ਦੀ ਬਜਾਇ ਵਿਨਾਸ਼ ਵੱਲ ਵਧੇਰੇ ਲੈ ਕੇ ਜਾ ਰਹੇ ਹਨ। ਇਨ੍ਹਾਂ ਵਿੱਚੋਂ ਹੀ ਇੱਕ ਬਦਲਾਓ ਹੈ-ਬਦਲਦਾ ਪੰਜਾਬੀ ਸੱਭਿਆਚਾਰ। ਜੇ ਅਸੀਂ ਪੁਰਾਤਨ ਸੱਭਿਆਚਾਰ ਦੀ ਗੱਲ ਕਰੀਏ ਤਾਂ ਇਹ ਬੇਹੱਦ ਅਮੀਰ ਅਤੇ ਸ਼ਾਨੋ-ਸ਼ੌਕਤ ਵਾਲਾ ਸੀ। ਪੰਜਾਬ ਦਾ ਖਾਣ-ਪੀਣ, ਰਹਿਣ-ਸਹਿਣ, ਗੀਤ-ਸੰਗੀਤ, ਰਸਮ-ਰਿਵਾਜ, ਪਹਿਰਾਵਾ, ਇੱਥੋਂ ਤਕ ਕਿ ਸਾਡਾ ਵਾਤਾਵਰਨ ਵੀ ਪੂਰਨ ਤੌਰ 'ਤੇ ਕੁਦਰਤੀ, ਸੁੰਦਰ ਅਤੇ ਮਜ਼ਬੂਤ ਸੀ। ਦੇਸ਼ਾਂ-ਵਿਦੇਸ਼ਾਂ ਵਿੱਚ ਵੀ ਪੰਜਾਬੀ ਸੱਭਿਆਚਾਰ ਦੀ ਵੱਖਰੀ ਪਛਾਣ ਸੀ। ਮੌਜੂਦਾ ਸਮੇਂ ਪੰਜਾਬੀ ਸੱਭਿਆਚਾਰ ਵਿੱਚ ਕਾਫ਼ੀ ਵੱਡੇ ਪੱਧਰ 'ਤੇ ਬਦਲਾਓ ਅਤੇ ਨਿਘਾਰ ਆ ਚੁੱਕਿਆ ਹੈ। ਪੰਜਾਬ ਦੀ ਹਰ ਚੀਜ਼ 'ਪ੍ਰਦੂਸ਼ਿਤ' ਹੋ ਚੁੱਕੀ ਹੈ। ਅਸੀਂ ਦੂਜੇ ਦੇਸ਼ਾਂ ਨੂੰ ਦੇਖ ਕੇ ਆਪਣਾ ਅਮੀਰ ਸੱਭਿਆਚਾਰਕ ਵਿਰਸਾ ਤਾਂ ਗੁਆ ਬੈਠੇ ਹਾਂ ਪਰ ਉਨ੍ਹਾਂ ਦੇਸ਼ਾਂ ਦੀ ਉਸਾਰੂ ਸੋਚ, ਸਲੀਕਾ, ਨਿਯਮ ਆਦਿ ਚੰਗੀਆਂ ਗੱਲਾਂ ਨੂੰ ਨਹੀਂ ਅਪਣਾ ਸਕੇ। ਰੂਸ ਦੇ ਮਹਾਨ ਵਿਦਵਾਨ ਦਾ ਕਹਿਣਾ ਹੈ, "ਜਿਹੜੀਆਂ ਕੌਮਾਂ ਆਪਣੀ ਭਾਸ਼ਾ ਅਤੇ ਸੱਭਿਆਚਾਰ ਨੂੰ ਭੁੱਲ ਜਾਣ, ਉਹ ਬਹੁਤ ਜਲਦ ਗੁਲਾਮ ਬਣ ਜਾਂਦੀਆਂ ਹਨ।" ਹੁਣ ਅਸੀਂ ਗੁਲਾਮੀ ਨਾਲੋਂ ਘੱਟ ਵੀ ਕੀ ਹਾਂ? 'ਮਿਲਾਪੜੇ ਸੁਭਾਅ' ਖ਼ੁਦਗਰਜ਼ੀ ਦੀ ਤੇ 'ਰਸਮ-ਰਿਵਾਜ' ਪੈਸਿਆਂ ਦੀ ਭੇਟ ਚੜ੍ਹ ਗਏ ਹਨ। 'ਰੋਅਬਦਾਰ' ਜੁੱਸੇ ਨਸ਼ਿਆਂ ਦੀ, 'ਰੰਗ-ਰੂਪ' ਬਿਊਟੀ ਪਾਰਲਰਾਂ ਦੀ, 'ਸੰਸਕਾਰ' ਗੁੰਡਾਗਰਦੀ ਦੀ, 'ਪਹਿਰਾਵਾ' ਨੰਗੇਜ਼ ਦੀ, 'ਖਾਣ-ਪੀਣ' ਕੀਟਨਾਸ਼ਕ ਦਵਾਈਆਂ ਦੀ, 'ਗਿਜ਼ਾ ਖੁਰਾਕਾਂ' ਬਾਜ਼ਾਰੀਕਰਨ ਦੀ ਅਤੇ 'ਇਨਸਾਨੀਅਤ' ਚਿੱਟੇ ਲਹੂ ਦੀ ਭੇਟ ਚੜ੍ਹ ਗਈ ਹੈ। ਹੱਥੀਂ ਕੰਮ ਕਰਨ ਨੂੰ ਅਸੀਂ ਆਪਣੀ ਤੌਹੀਨ ਸਮਝਦੇ ਹਾਂ ਅਤੇ ਨਸ਼ੇ, ਲੁੱਟਾਂ-ਖੋਹਾਂ, ਹਥਿਆਰ ਤੇ ਮੌਜ-ਮਸਤੀ ਆਦਿ ਨੂੰ ਅਸੀਂ ਆਪਣੀ ਸ਼ਾਨ ਸਮਝਦੇ ਹਾਂ। ਸੱਭਿਆਚਾਰਕ ਪੱਧਰ 'ਤੇ ਇਹ ਕਿਹੋ ਜਿਹਾ ਬਦਲਾਓ ਹੈ? ਜਿਹੜਾ ਮਨੁੱਖ ਦੀ ਸੋਚ, ਤੰਦਰੁਸਤੀ, ਸਰੀਰ ਅਤੇ ਸੱਭਿਅਤਾ ਨੂੰ ਘੁਣ ਵਾਂਗ ਖਾਈ ਜਾਂਦਾ ਹੈ।

ਸਾਡਾ ਅਜੋਕਾ ਸੱਭਿਆਚਾਰ ਜਿਵੇਂ 'ਏਡਜ਼' ਨਾਲ ਜੂਝ ਰਿਹਾ ਹੋਵੇ। ਇਸ ਨੂੰ ਕੈਂਸਰ ਵਰਗੀ ਬਿਮਾਰੀ ਨੇ ਜਕੜ ਲਿਆ ਹੈ। ਅਮੀਰ ਸੱਭਿਆਚਾਰਕ ਵਿਰਸਾ ਆਪਣੇ ਪੁੱਤਾਂ ਹੱਥੋਂ ਹੀ ਕਤਲ ਹੋ ਗਿਆ। ਕੌਣ ਬਚਾਏ ਮਨੁੱਖ ਨੂੰ ਅਜਿਹੇ ਕੋਝੇਪਣ ਤੋਂ ਕਿਉਂਕਿ ਮਨੁੱਖ ਤਾਂ ਆਪਣੇ ਪੈਰੀਂ ਆਪ ਕੁਹਾੜਾ ਮਾਰ ਰਿਹਾ ਹੈ। ਅਜੋਕਾ ਸੱਭਿਆਚਾਰ ਸਮੇਂ ਦਾ ਹਾਣੀ ਤਾਂ ਹੋ ਸਕਦਾ ਹੈ ਪਰ ਚਿਰ-ਸਥਾਈ ਨਹੀਂ। ਸੱਭਿਆਚਾਰਕ ਪੱਧਰ 'ਤੇ ਹੋ ਰਹੇ ਬਦਲਾਓ ਨੇ ਮਨੁੱਖ ਨੂੰ ਨੈਤਿਕ ਕਦਰਾਂ-ਕੀਮਤਾਂ ਤੋਂ ਬੇਹੱਦ ਦੂਰ ਕਰ ਦਿੱਤਾ ਹੈ। ਅਜੋਕੇ ਰਸਮ-ਰਿਵਾਜਾਂ, ਗੀਤ-ਸੰਗੀਤ ਅਤੇ ਪਹਿਰਾਵੇ ਨੂੰ ਇਤਿਹਾਸ ਵਿੱਚ ਤਾਂ ਥਾਂ ਮਿਲ ਜਾਵੇਗੀ ਪਰ ਸੂਝਵਾਨ ਅਤੇ ਅਣਖੀ ਪੰਜਾਬੀਆਂ ਦੇ ਦਿਲਾਂ ਵਿੱਚ ਇਹ ਥਾਂ ਨਹੀਂ ਬਣਾ ਸਕਦਾ। ਜ਼ਰਾ ਸੋਚੋ, ਜੇ ਸਾਡੀ ਅਜੋਕੀ ਪੀੜ੍ਹੀ ਅਮੀਰ ਸੱਭਿਆਚਾਰਕ ਵਿਰਸੇ ਨੂੰ ਵਿਸਾਰ ਰਹੀ ਹੈ ਤਾਂ ਆਉਣ ਵਾਲੀ ਪੀੜ੍ਹੀ ਦਾ ਕੀ ਹਾਲ ਹੋਵੇਗਾ? ਫਿਰ ਤਾਂ ਉਹ ਦਿਨ ਦੂਰ ਨਹੀਂ ਜਦੋਂ ਆਉਣ ਵਾਲੀ ਪੀੜ੍ਹੀ ਪੁੱਛੇਗੀ ਕਿ ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ, ਚਾਟੀ ਦੀ ਲੱਸੀ, ਭੜੋਲੇ-ਭੜੋਲੀਆਂ, ਕੁੜਤਾ-ਚਾਦਰਾ, ਸੂਫ਼ ਦਾ ਘੱਗਰਾ, ਘੁੰਗਰੂਆਂ ਵਾਲੀਆਂ ਪੱਖੀਆਂ, ਰੰਗਲੇ ਚਰਖੇ, ਸੁਹਾਗਣਾਂ ਦੀਆਂ ਡੋਰੀਆਂ, ਦਰੀਆਂ, ਖੇਸ, ਮਾਵੇ ਵਾਲੀ ਪੱਗ, ਫੁਲਕਾਰੀ, ਗਿੱਧਾ-ਭੰਗੜਾ, ਲੋਕ-ਗੀਤ, ਚਾਚੀਆਂ-ਤਾਈਆਂ ਜਿਹੇ ਨਿੱਘੇ ਰਿਸ਼ਤਿਆਂ ਵਾਲੇ ਸ਼ਬਦ ਆਦਿ ਕੀ ਸਨ, ਕਿੱਥੇ ਸਨ?

"ਨਾ ਉਹ ਰਿਸ਼ਤੇ-ਨਾਤੇ ਰਹਿ ਗਏ,
ਨਾ ਉਹ ਰਿਹਾ ਪਿਆਰ।
ਨਾ ਕੋਈ ਚੁੱਲ੍ਹੇ ਦੁਆਲੇ ਬਹਿੰਦਾ,
ਨਾ ਸਾਂਝੇ ਪਰਿਵਾਰ।
ਝੰਡੀਆਂ ਰੰਗ-ਬਿਰੰਗੀਆਂ ਨੇ,
ਵੰਡ ਦਿੱਤਾ ਸੰਸਾਰ।

ਗੱਲ ਇਹ ਨਹੀਂ ਕਿ ਸੱਭਿਆਚਾਰਕ ਪੱਧਰ 'ਤੇ ਬਦਲਾਓ ਨਹੀਂ ਹੋਣਾ ਚਾਹੀਦਾ ਪਰ ਇਹ ਭਾਵੇਂ ਕਿਸੇ ਵੀ ਖੇਤਰ ਜਾਂ ਪੱਧਰ 'ਤੇ ਹੋਵੇ, ਸੱਭਿਅਕ ਅਤੇ ਸਰਬੱਤ ਦੇ ਭਲੇ ਲਈ ਹੋਣਾ ਚਾਹੀਦਾ ਹੈ। ਬਦਲਾਓ ਅਜਿਹਾ ਹੋਵੇ ਜਿਸ 'ਤੇ ਅਸੀਂ ਸਿਰ ਉੱਚਾ ਕਰਕੇ ਫ਼ਖ਼ਰ ਕਰ ਸਕੀਏ। 'ਤਹਿਜ਼ੀਬਹੀਣ' ਬਦਲਾਓ ਦੇਸ਼ ਅਤੇ ਕੌਮ ਨੂੰ ਲੈ ਡੁੱਬਦੇ ਹਨ। ਲੋੜ ਹੈ ਅਜੋਕੀ ਪੀੜ੍ਹੀ ਨੂੰ ਗ਼ਲਤ ਪਾਸਿਓਂ ਜਾਣ ਤੋਂ ਰੋਕ ਕੇ ਆਪਣੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਸੰਭਾਲਣ ਦੀ। ਕਿਸੇ ਵਿਦਵਾਨ ਨੇ ਕਿਹਾ ਹੈ ਕਿ "ਸਮਾਜ ਦੇ ਬੰਧਨ ਵਿੱਚ ਦੇਖੀਏ ਤਾਂ ਸਰਕਾਰੀ ਕਾਨੂੰਨਾਂ ਰਾਹੀਂ ਸੋਧਾਂ ਇਵੇਂ ਨਹੀਂ ਹੋ ਸਕਦੀਆਂ ਜਿਵੇਂ ਅਲੱਗ-ਅਲੱਗ ਮਨੁੱਖ ਵੱਲੋਂ ਆਪਣੀਆਂ ਸੋਧਾਂ ਆਪ ਕਰਨ ਵਿੱਚ ਹੋ ਸਕਦੀਆਂ ਹਨ।" ਇਸ ਲਈ ਸਰਕਾਰਾਂ, ਆਮ ਲੋਕਾਂ ਅਤੇ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਸੱਭਿਆਚਾਰਕ ਪੱਧਰ 'ਤੇ ਆ ਰਹੇ ਇਸ ਨਿਘਾਰ ਨੂੰ ਰੋਕਣ ਲਈ ਠੋਸ ਉਪਰਾਲਾ ਕਰਨ ਦੀ ਲੋੜ ਹੈ।

**- ਆਰੂੰਨਾ ਨਾਦਰ ਭੱਟੀ**

# ਲੜਾਈਆਂ ਦੇ ਭਾਅ

ਸੁਖਮੰਦਰ ਸਿੰਘ ਬਰਾੜ 'ਭਗਤਾ ਭਾਈ ਕਾ'
604-751-1113 (ਕੈਨੇਡਾ)

ਜੇਠ ਹਾੜ੍ਹ ਦੇ ਦਿਨਾਂ 'ਚ ਜਿਉਂ ਹੀ ਬਿਜਲੀ ਦਾ ਕੱਟ ਲੱਗਿਆ ਤਾਂ ਪਿੰਡ ਦੇ ਲੋਕ ਸੱਥ 'ਚ ਜੁੜਨੇ ਸ਼ੁਰੂ ਹੋ ਗਏ। ਨਾਥਾ ਅਮਲੀ ਬਿਜਲੀ ਵਾਲਿਆਂ ਨੂੰ ਡੋਕੇ ਦਿੰਦਾ ਸੱਥ 'ਚ ਆ ਕੇ ਪਰਨੇ ਨਾਲ ਆਪਣੇ ਆਪ ਨੂੰ ਹਵਾ ਝੱਲੀ ਜਾਂਦੇ ਬਾਬੇ ਕਰਨੈਲ ਸਿਉਂ ਨੂੰ ਕਹਿੰਦਾ, "ਬਿਜਲੀ ਤਾਂ ਬਾਬਾ ਹਜੇ ਘੱਟ ਤੰਗ ਕਰਦੀ ਐ, ਆਹ ਜਿਹੜੇ ਬਿਜਲੀ ਘਰ 'ਚ ਬੈਠੇ ਐ ਨਾਹ ਬਿਜਲੀ ਆਲੇ, ਇਹ ਪਤੰਦਰ ਉਦੋਂ ਕੱਟ ਮਾਰਨਗੇ ਜਦੋਂ ਕਿਸੇ ਦੇ ਮਰਗ ਦਾ ਭੋਗ ਹੋਊ ਜਾਂ ਵਿਆਹ ਵੂਹ ਹੁੰਦਾ ਬਈ ਕੋਈ ਚੱਜ ਨਾਲ ਕੁਸ ਕਰ ਨਾ ਲਵੇ। 'ਨੰਦ ਕਾਰਜ ਹੁੰਦਿਆਂ ਤੋਂ ਅੱਧ ਵਚਾਲਿਉਂ ਈਂ ਸਪੀਕਰ ਬੋਲਣੋਂ ਹਟ ਜਾਂਦਾ ਫਿਰ। ਇਹ ਬਿਜਲੀ ਆਲੇ ਨਿਗ੍ਹਾ ਰੱਖਦੇ ਐ ਬਈ ਕੀਹਦੇ ਵਿਆਹ ਮੰਗਣਾ। ਜਦੋਂ ਇਹੋ ਜਾ ਕੋਈ ਦਿਨ ਆ ਜਾਂਦਾ ਉਦੋਂ ਇਹ ਵੀ ਮਹਾਂ ਦੇ ਆਟੇ ਦੇ ਸ਼ੀਂਹ ਬਣ ਜਾਂਦੇ ਐ।"

ਸੀਤਾ ਮਰਾਸੀ ਕਹਿੰਦਾ, "ਅਮਲੀਆ ਤੈਂ ਕਿਉਂ ਬਿਜਲੀ ਆਲਿਆਂ 'ਤੇ ਤਵਾ ਧਰਿਆ ਬਈ। ਸੋਡੇ ਕੀਹਦੀ ਰੋਪਣਾ ਪੈਂਦੀ ਐ?"

ਅਮਲੀ ਮਰਾਸੀ ਦੀ ਗੱਲ ਸੁਣ ਕੇ ਮਰਾਸੀ ਨੂੰ ਉੱਖੜੀ ਕੁਹਾੜੀ ਵਾਂਗੂੰ ਭੱਜ ਕੇ ਪੈ ਗਿਆ, "ਹੋਰ ਤਾਂ ਤੇਰੇ ਮੁੰਡੇ ਨੂੰ ਈਂ ਕਾਨਿਆਂ ਆਲੀਏ ਆਲੇ ਸਰਦਾਰ ਸਗਨ ਕਰਨ ਆਏ ਐ। ਸਾਲਾ ਚਿੱਬੇ ਨਾਸਾ ਜਾ ਨਾ ਹੋਵੇ ਤਾਂ।"

ਤਾਰਾ ਮਾਸਟਰ ਕਹਿੰਦਾ, "ਅਮਲੀਆ! ਇਹਦੇ 'ਚ ਬਿਜਲੀ ਆਲਿਆਂ ਦਾ ਕੀ ਕਸੂਰ ਬਈ। ਇਹ ਤਾਂ ਗਰਮੀਉਂ ਈਂ ਬਾਹਲ਼ੀ ਐ। ਜਦੋਂ ਬਿਜਲੀ ਘਰ 'ਤੇ ਲੋਡ੍ਹ ਪੈਂਦਾ ਜਿਹੜੇ ਵੱਡੇ ਟਰਾਂਸਫਾਰਮਰ ਐ, ਉਹ ਗਰਮ ਹੋਣ ਲੱਗ ਪੈਂਦੇ ਐ। ਉਦੋਂ ਘੰਟਾ ਅੱਧਾ ਘੰਟਾ ਬਿਜਲੀ ਬੰਦ ਕਰਕੇ ਟਰਾਂਸਫਾਰਮਰਾਂ ਨੂੰ ਠੰਢਾ ਕਰਦੇ ਹੁੰਦੇ ਐ ਬਈ ਕਿਤੇ ਬਾਹਲ਼ੇ ਗਰਮ ਹੋ ਕੇ ਸੜ ਨਾ ਜਾਣ।"

ਅਮਲੀ ਕਹਿੰਦਾ, "ਚਾਰ ਬਾਲਟੀਆਂ ਪਾਣੀ ਦੀਆਂ ਪਾ ਕੇ ਠੰਢੇ ਕਰ ਲਿਆ ਕਰਨ। ਬਿਜਲੀ ਬੰਦ ਕਰਨ ਦੀ ਲੋੜ ਈ ਨ੍ਹੀ। ਐਮੇਂ ਮਾੜੀ ਜੀ ਗੱਲ ਪਿੱਛੇ ਲੋਕਾਂ ਤੋਂ ਗਾਲਾਂ ਲੈਂਦੇ ਐ।"

ਸੀਤਾ ਮਰਾਸੀ ਕਹਿੰਦਾ, "ਤੇਰਾ ਦੱਸ ਕੀ ਕਾਰਖਾਨਾ ਬੰਦ ਹੋ ਗਿਆ। ਤੂੰ ਕਿਉਂ ਭੁੱਖੀ ਬਾਂਦਰੀ ਆਂਗੂੰ ਹਰਖਿਆ ਪਿਐਂ ਬਿਜਲੀ ਆਲਿਆਂ 'ਤੇ। ਹੋਰਾਂ ਦੇ ਵੀ ਤਾਂ ਘਰੋਂ ਬਿਜਲੀ ਗਈਉ ਈ ਐ, ਉਹ ਤਾਂ ਬੋਲਦੇ ਨ੍ਹੀ, ਤੂੰ ਵਾਧੂ ਈ ਆਫਰੀ ਡੱਡ ਆਂਗੂੰ ਫੁੱਲੀ ਜਾਨੈਂ।"

ਨਾਥਾ ਅਮਲੀ ਮਰਾਸੀ ਦੀ ਗੱਲ ਸੁਣ ਕੇ ਮਰਾਸੀ ਨੂੰ ਫੇਰ ਹਲਕੇ ਕੁੱਤੇ ਵਾਂਗੂੰ ਭੱਜ ਕੇ ਪਿਆ, "ਬੈਠਾ ਰਹਿ ਓਏ ਮਰਦਾਨੇ ਕਿਆ। ਮੇਰੇ ਤਾਂ ਭਲਾਂ ਨਹੀਂ ਕੋਈ ਕਾਰਖਾਨਾਂ, ਤੇਰੇ ਕਿਹੜਾ ਗਾਹਾਂ ਪਾਰੇ ਆਲਾ ਲਾਟੂ ਜਗਦਾ ਓਏ ਦਾਨੇ ਆਲੀਏ ਕ੍ਰਪਾਲ ਸਿਉਂ ਦੇ।"

ਸੀਤੇ ਮਰਾਸੀ ਤੇ ਨਾਥੇ ਅਮਲੀ ਨੂੰ ਆਪਸ ਵਿੱਚ ਚੁੰਝੋ ਚੁੰਝੀ ਹੁੰਦਿਆਂ ਸੁਣ ਕੇ ਸੰਤਾ ਨੰਬਰਦਾਰ ਬੋਲਿਆ, "ਓਏ ਕਿਉਂ ਯਾਰ ਵਾਧੂ ਈ ਖਰੂਦ ਪਾਇਆ। ਘੈਂਟਾ ਦੋ ਘੈਂਟਾ ਬਿਜਲੀ ਗਈ ਐ ਖਣੀ ਨਹੀਂ, ਤੁਸੀਂ ਦੋਮਾਂ ਨੇ ਸਮਾਨ ਚੱਕਣਾ ਲਿਆ। ਨਾਲੇ ਸੋਡੇ ਤਾਂ ਘਰੀਂ ਖਣੀ ਦੋ ਲਾਟੂ ਜਗਦੇ ਹੋਣਗੇ ਖਣੀ ਤਿੰਨ, ਜਿੰਨ੍ਹਾਂ ਦੇ ਵੱਡੇ ਵੱਡੇ ਕਾਰਖਾਨੇ ਖੜ੍ਹ ਜਾਂਦੇ ਐ ਉਨ੍ਹਾਂ ਦਾ ਕੀ ਹਾਲ ਹੁੰਦਾ ਹੋਊ। ਨਾਲੇ ਇਹ ਤਾਂ ਸਰਕਾਰਾਂ ਦੇ ਕੰਮ ਐਂ ਬਿਜਲੀ ਪਾਣੀ ਆਲੇ। ਲੀਡਰਾਂ ਨੇ ਸਰਕਾਰਾਂ ਵੀ ਤਾਂ ਚਲਾਉਣੀਆਂ ਈਂ ਐਂ। ਜਿੱਥੇ ਬਿਜਲੀ ਪਾਣੀ ਦੀ ਵੱਧ ਲੋੜ ਐ ਓੱਥੇ ਭੋਰਾ ਵੱਧ ਦੇ ਦਿੰਦੇ ਐ, ਜਿੱਥੇ ਭੋਰਾ ਸਰਦਾ ਹੁੰਦੈ, ਓੱਥੇ ਥੁੱਕ-ਲੁੱਕ ਨਾਲ ਵੀ ਸਾਰ ਜਾਂਦੇ ਐ।"

ਸੰਤੇ ਨੰਬਰਦਾਰ ਤੋਂ ਲੀਡਰਾਂ ਦੀ ਗੱਲ ਸੁਣ ਕੇ ਨਾਥੇ ਅਮਲੀ ਨੇ ਨੰਬਰਦਾਰ ਨੂੰ ਵੀ ਬੇਹੇ ਕੜਾਹ ਵਾਂਗੂੰ ਲਿਆ, "ਨੰਬਰਦਾਰਾ, ਨੰਬਰਦਾਰਾ! ਕਿੱਥੇ ਰਹਿਨੈਂ ਤੂੰ, ਇਹ ਲੀਡਰਾਂ ਦੇ ਹਰੇਕ ਕੰਮ ਦੇ ਭਾਅ ਬੰਨ੍ਹੇ ਵੇ ਐ। ਲੋਕਾਂ ਨੂੰ ਲੜਾ-ਲੜਾ ਵੋਟਾਂ ਖਰੀਆਂ ਕਰਨ ਚ ਲੱਗੇ ਰਹਿੰਦੇ ਐ ਸਾਰਾ ਦਿਨ।"

ਬਾਬੇ ਕਰਨੈਲ ਸਿਉਂ ਨੇ ਅਮਲੀ ਨੂੰ ਪੁੱਛਿਆ, "ਅਮਲੀਆ ਭਾਅ ਕਿਮੇਂ ਬੰਨ੍ਹੇ ਵੇ ਐ ਓਏ। ਆਹ ਤਾਂ ਬਈ ਤੈਂ ਨਮਾਂ ਈ ਰੈਂਗਲਾ ਕੱਢ ਮਾਰਿਆ।"

ਸੀਤਾ ਮਰਾਸੀ ਵੀ ਉਧੜਿਆਂ ਜਲਾਹਿਆਂ ਦੇ ਨੜੇ ਵਾਂਗੂ। ਕਹਿੰਦਾ, "ਗੁੱਲੂ ਕੇ ਜੰਗੀ ਦਾ ਨੌ ਸੈ ਲੱਗ ਗਿਆ ਭਜਨੇ ਕੀ ਰੂੜੀ 'ਤੇ ਜੁਆਕ ਹਗਾਉਣ ਦਾ।"

ਬੁੱਘਰ ਦਖਾਣ ਨੇ ਪੁੱਛਿਆ, "ਉਹ ਕਿਮੇਂ ?"

ਮਰਾਸੀ ਕਹਿੰਦਾ, "ਜੰਗੀ ਨੇ ਕਿਤੇ ਰਾਤ ਨੂੰ ਨੇਰ੍ਹੇ ਜੇ ਹੋਏ ਆਵਦੇ ਤਿੰਨ ਕੁ ਸਾਲ ਦੇ ਮੁੰਡੇ ਨੂੰ ਭਜਨੇ ਕੀ ਰੂੜੀ 'ਤੇ ਜੰਗਲ ਬਹਾ 'ਤਾ। ਓੱਧਰੋਂ ਕਿਤੇ ਭਜਨਾ ਬੁੜ੍ਹਾ ਆ ਗਿਆ। ਬੁੜ੍ਹੇ ਭਜਨੇ ਨੇ ਰੂੜੀ ਕੋਲ ਖੜ੍ਹੇ ਜੰਗੀ ਨੂੰ ਪੁੱਛਿਆ ?ਕਿਹੜਾ ਓਏ ?? ਜੰਗੀ ਕਹਿੰਦਾ ?ਮੈਂ ਜੰਗੀ ਆਂ ਤਾਇਆ ?। ਅਕੇ ਭਜਨਾ ਕਹਿੰਦਾ ?ਏਥੇ ਖੜ੍ਹਾ ਕੀ ਕਰਦੈਂ ਸਾਡੇ ਵਾੜੇ 'ਚ ?? ਜੰਗੀ ਕਹਿੰਦਾ ?ਆਹ ਜੁਆਕ ਨੂੰ ਮਰੋੜੇ ਲੱਗ ਗੇ, ਇਹਨੂੰ ਲੈ ਕੇ ਆਇਆ ਸੀ ?। ਜਦੋਂ ਭਜਨੇ ਬੁੜ੍ਹੇ ਨੂੰ ਪਤਾ ਲੱਗਿਆ ਬਈ ਇਹ ਤਾਂ ਸਾਡੀ ਰੂੜੀ 'ਤੇ ਜੁਆਕ ਨੂੰ ਜੰਗਲ ਬਹਾਈ ਖੜ੍ਹਾ, ਬੁੜ੍ਹੇ ਨੇ ਜੰਗੀ ਨੂੰ ਗਾਲ ਕੱਢੀ। ਜੰਗੀ ਨੇ ਬੁੜ੍ਹੇ ਨੂੰ ਨਾਲ ਦੀ ਸੇਬੂ ਕੀ ਰੂੜੀ 'ਤੇ ਚੱਕ ਕੇ ਇਉਂ ਠੋਕਿਆ ਜਿਮੇਂ ਟਾਂਡਿਆਂ ਦਾ ਪੂਲ਼ਾ ਗੱਡੇ 'ਤੇ ਸਿੱਟੀ ਦਾ ਹੁੰਦਾ। ਬੁੜ੍ਹੇ ਦਾ ਡਿੱਗਦੇ ਦਾ ਗਿੱਟਾ ਟੁੱਟ ਗਿਆ। ਮੁੜ ਕੇ ਗੱਲ ਸਰਕਾਰੇ ਦਰਬਾਰੇ ਚੜ੍ਹ ਗੀ। ਆਪਣੇ ਲੀਡਰਾਂ ਨੇ ਨੌ ਸੈ ਲੁਆ 'ਤਾ ਜੰਗੀ ਦਾ। ਹੁਣ ਇਉਂ ਠੰਢਾ ਹੋਇਆ ਫਿਰਦਾ ਜਿਮੇਂ ਹਲਵਾਈ ਦੀ ਭੱਠੀ 'ਚ ਕੋਲੇ ਠਕ ਕੇ ਸੁਆਹ ਬਣੇ ਪਏ ਹੁੰਦੇ ਐ।"

ਬਾਬੇ ਕਰਨੈਲ ਸਿਉਂ ਨੇ ਮਰਾਸੀ ਨੂੰ ਪੁੱਛਿਆ, "ਸੀਤਾ ਸਿਆਂ! ਇੱਕ ਗੱਲ ਦੀ ਸਮਝ ਨ੍ਹੀ ਆਈ ਯਾਰ। ਬਈ ਗਿੱਟਾ ਤਾਂ ਟੁੱਟਿਆ ਭਜਨੇ ਬੁੜ੍ਹੇ ਦਾ, ਲੜਿਆ ਉਹ ਗੁੱਲੂ ਕੇ ਜੰਗੀ ਨਾਲ, ਇਹ ਲੀਡਰ ਕਿੱਥੋਂ ਆ ਗਿਆ ਓੱਥੇ, ਸੁਆਲ ਤਾਂ ਏਸ ਗੱਲ ਦਾ ?"

ਬਾਬੇ ਦੀ ਗੱਲ ਸੁਣ ਕੇ ਨਾਥਾ ਅਮਲੀ ਹੋਇਆ ਫਿਰ ਬਾਬੇ ਦੇ ਦੁਆਲੇ। ਕਹਿੰਦਾ, "ਉਹੀ ਤਾਂ ਬਾਬਾ ਤੈਨੂੰ ਦੱਸੀ ਜਾਨੇ ਆਂ ਬਈ ਲੀਡਰਾਂ ਦੇ ਕਿਹੜੇ-ਕਿਹੜੇ ਕੰਮਾਂ ਦੇ ਕਿੰਨੇ-ਕਿੰਨੇ ਭਾਅ ਬੰਨ੍ਹੇ ਵੇ ਐ ਲੋਕਾਂ ਨੂੰ ਲੜਾਉਣ ਦੇ। ਪਹਿਲਾਂ ਲੋਕਾਂ ਨੂੰ ਲੜਾ ਦੇਣਾ, ਫੇਰ ਰਾਜੀਬੰਦਾ ਕਰਾ ਦੇਣਾ। ਪੈਂਸੇ ਲੋਕਾਂ ਦੇ ਲੁਆ ਦੇਣੇ ਐਂ, ਵੋਟਾਂ ਆਪ ਲੈ ਲੈਣੀਆਂ।"

ਦਲੀਪ ਕਾਮਰੇਡ ਨੇ ਅਮਲੀ ਨੂੰ ਪੁੱਛਿਆ, "ਇਹਦੇ 'ਚ ਫਿਰ ਭਾਅ ਬੰਨ੍ਹਣ ਆਲੀ ਕੀ ਗੱਲ ਐ ?"

ਅਮਲੀ ਕਹਿੰਦਾ, "ਲੈ ਸੁਣ ਲਾ ਫਿਰ। ਇਹ ਲੀਡਰ ਆਪਾਂ ਨੂੰ ਲੜਾ-ਲੜਾ ਈ ਵੋਟਾਂ ਲਈ ਜਾਂਦੇ ਐ। ਇੱਕ ਦੂਜੇ ਦੇ ਛੋਟੀ ਵੱਡੀ ਸੱਟ ਮਾਰਨ ਦੇ ਭਾਅ ਰੱਖੇ ਵੇ ਐ ਇਨ੍ਹਾਂ ਦੇ। ਲੱਤ ਭੰਨਣ ਦਾ ਅੱਡ ਭਾਅ। ਗਿੱਟਾ ਤੋੜਣ ਦਾ ਹੋਰ ਭਾਅ। ਗੁੱਝੀਆਂ ਸੱਟਾਂ ਦੇ ਹੋਰ ਭਾਅ। ਜੇ ਸਿਰ 'ਚ ਸੱਟ ਮਾਰਨੀ ਐ ਤਾਂ ਮਹਿੰਗਾ ਭਾਅ ਬੰਨ੍ਹਿਆਂ ਵਿਆ ਇਨ੍ਹਾਂ ਦਾ। ਜੇ ਦੋਮੇਂ ਲੱਤਾਂ ਤੋੜਣੀਆਂ ਤਾਂ ਭਾਅ ਹੋਰ ਮਹਿੰਗਾ। ਖੱਬੀ ਸੱਜੀ ਬਾਂਹ ਭੰਨਣ ਦੇ ਅੱਡ ਅੱਡ ਭਾਅ ਰੱਖੇ ਵੇ ਐ। ਊਈਂ ਧੌਲ਼ ਧੱਫਾ ਕਰਕੇ ਲੀੜੇ ਪਾੜਣ ਦੇ ਵੀ ਪੈਂਸੇ ਬੰਨ੍ਹੇ ਵੇ ਐ ਇਨ੍ਹਾਂ ਦੇ। ਕਿਸੇ ਦੀ ਧੀ ਭੈਣ ਨੂੰ ਮੰਦਾ ਚੰਗਾ ਬੋਲਣ ਦਾ ਅੱਡ ਭਾਅ। ਗਾਲਾਂ ਕੱਢਣ ਦਾ ਹੋਰ ਭਾਅ। ਕਿਸੇ ਦੇ ਟਰੈਗਟ ਦੇ ਟੈਰ ਦੀ ਫੂਕ ਕੱਢਣ ਦਾ ਵੀ ਭਾਅ ਬੰਨ੍ਹਿਆ ਵਿਆ। ਬੁੜ੍ਹੀਆਂ ਕੁੜੀਆਂ ਨੂੰ ਸੀਟ੍ਹੀਆਂ ਮਾਰਨ ਦਾ ਵੱਖਰਾ ਭਾਅ। ਵਰੋਧੀ ਪਾਰਟੀ ਦੇ ਬੰਦਿਆਂ ਦੀ ਇੱਕ ਦਿਨ ਪਹਿਲਾਂ ਬੀਜੀ ਕਣਕ ਪਾਣੀ ਨਾਲ ਭਰ ਕੇ ਖਰਾਬ ਕਰਨ ਦਾ ਵੀ ਭਾਅ ਬੰਨ੍ਹੀ ਬੈਠੇ ਐ ਲੀਡਰ ਤਾਂ। ਹੁਣ ਤੂੰ ਦੱਸ ਕਾਮਰੇਟਾ ਤੈਨੂੰ ਕਿਹੜਾ ਭਾਅ ਚਾਹੀਦੈ ?"

ਨਾਥੇ ਅਮਲੀ ਤੋਂ ਭਾਅ ਦੀਆਂ ਗੱਲਾਂ ਸੁਣ ਕੇ ਦਲੀਪ ਕਾਮਰੇਡ ਇਉਂ ਢਿੱਲਾ ਜਾ ਹੋ ਕੇ ਬਹਿ ਗਿਆ ਜਿਮੇਂ ਬੁੜ੍ਹੀ ਨਾਲ ਰੁੱਸ ਕੇ ਸੱਜਣ ਬੁੜ੍ਹਾ ਮੱਘਰ ਝਿਉਰ ਕੇ ਤੰਦੂਰ ਓਹਲੇ ਲੁਕ ਕੇ ਬਹਿ ਗਿਆ ਸੀ।

ਅਮਲੀ ਦੀ ਗੱਲ ਸੁਣੀ ਜਾਂਦਾ ਪ੍ਰਤਾਪਾ ਭਾਊ ਕਹਿੰਦਾ, "ਇਹ ਭਾਅ ਦੇ ਪੈਂਸੇ ਲੈਂਦਾ ਕੌਣ ਐਂ ਫਿਰ ਅਮਲੀਆ ?"


ਅਮਲੀ ਕਹਿੰਦਾ, "ਲੀਡਰ ਈ ਲੈਂਦੇ ਐ ਹੋਰ ਪੈਂਸੇ ਕਿਤੇ ਕੋਈ ਦਿੱਲੀਉਂ ਤਾਂ ਨ੍ਹੀ ਲੈਣ ਆਉਂਦਾ।"

ਵਿਆਜੂਆਂ ਦਾ ਰੋਸਾ ਬੁੜ੍ਹਾ ਕਹਿੰਦਾ, "ਅੱਗੇ ਤਾਂ ਕਦੇ ਐਹੋ ਜੀ ਗੱਲ ਸੁਣੀ ਨ੍ਹੀ। ਨਾ ਈਂ ਕਦੇ ਆਪਣੇ ਪਿੰਡ 'ਚ ਐਹੋ ਜਾ ਕੁਸ ਹੋਇਆ। ਪਤਾ ਨ੍ਹੀ ਪਤੰਦਰਾ ਕਿੱਥੋਂ ਲਿਆਂਦੇ ਐ ਗਲੇਲੇ ਇਹੇ।"

ਰੋਸੇ ਬੁੜ੍ਹੇ ਦਾ ਪੱਕਾ ਨਾਂ ਰੇਸ਼ਮ ਸਿਉਂ ਸੀ ਤੇ ਸਾਰਾ ਪਿੰਡ ਉਹਨੂੰ ਵਿਆਜੂਆਂ ਦਾ ਰੋਸਾ ਇਸ ਕਰਕੇ ਕਹਿੰਦਾ ਸੀ ਕਿਉਂਕਿ ਉਹ ਆਪਣੇ ਪਿਓ ਦਾਦੇ ਤੋਂ ਲੈ ਕੇ ਪਿੰਡ 'ਚ ਰੁਪਈਏ ਵਿਆਜ 'ਤੇ ਦੇਣ ਦਾ ਕੰਮ ਕਰਦਾ ਸੀ।

ਰੋਸੇ ਬੁੜ੍ਹੇ ਦੀ ਗੱਲ ਸੁਣ ਕੇ ਅਮਲੀ ਰੋਸੇ ਬੁੜ੍ਹੇ ਨੂੰ ਤਾਅ 'ਚ ਆਇਆ ਕਹਿੰਦਾ, "ਉਰ੍ਹੇ ਨੂੰ ਹੋ ਜਾ ਫਿਰ ਜੇ ਆਪਣੇ ਈਂ ਪਿੰਡ ਦਾ ਗਲੇਲਾ ਸੁਣਨੈ ਤਾਂ। ਮੇਰੀ ਗੱਲ ਸੁਣ ਕੇ ਸੱਥ 'ਚੋਂ ਫਿਰ ਇਉਂ ਨਾ ਭੱਜ ਲੀਂ ਜਿਮੇਂ ਜੇਠ ਹਾੜ੍ਹ ਦੀ ਗਰਮੀਂ 'ਚ ਮਾਹਲੇ ਨੰਬਰਦਾਰ ਕੀ ਸਬ੍ਹਾਤ 'ਚੋਂ ਗੁੜ ਢਿੱਲਾ ਹੋ ਕੇ ਬਾਹਰ ਨੂੰ ਆ ਗਿਆ ਸੀ। ਬੈਠਾ ਰਹੀਂ। ਆਹ ਆਪਣੇ ਪਿੰਡ ਆਲੇ ਪੂਣੇ ਨੂੰ ਆਪਣੇ 'ਲਾਕੇ ਦਾ ਲੀਡਰ ਕਹਿੰਦਾ ?ਆਵਦੇ ਗੁਆਂਢੀ ਹੱਰਕੇ ਮਜਬ੍ਹੀ ਦੇ ਚਾਰ ਪੰਜ ਡਾਂਗਾਂ ਮਾਰਕੇ ਮੇਰੇ ਕੋਲੇ ਆ ਜੀ। ਪੁਲਸ ਨੂੰ ਮੈਂ ਨ੍ਹੀ ਫੜ੍ਹਣ ਦਿੰਦਾ, ਓੱਥੋਂ ਬਚ ਕੇ ਆਉਣ ਦਾ ਤੇਰਾ ਕੰਮ, ਐਥੇ ਆਏ ਨੂੰ ਮੈਂ ਸਾਂਭ ਲੂੰ। ਅਕੇ ਪੂਣੇ ਮਜਬ੍ਹੀ ਨੇ ਤੜਕੇ ਤੜਕੀ ਹੱਰਕਾ ਦਲੀਪੇ ਮੀਰਾਬ ਕੀ ਨਿਆਈਂ 'ਚ ਜੰਗਲ ਬੈਠਾ ਜਾ ਢਾਹਿਆ। ਛੀ ਸੱਤ ਮਾਰ ਕੇ ਡਾਂਗਾਂ ਹੱਰਕਾ ਠੱਕੇ ਦੀ ਮਾਰੀ ਤਾਪ ਚੜ੍ਹੇ ਆਲੀ 'ਕੱਠੀ ਹੋਈ ਬਮਾਰ ਬੱਕਰੀ ਅਰਗਾ ਕਰ 'ਤਾ। ਵੇਹੜੇ 'ਚ ਰੌਲ਼ਾ ਪੈ ਗਿਆ ਅਕੇ ਹੱਰਕਾ ਤੇ ਪੂਣਾ ਲੜ ਪੇ। ਹੱਰਕੇ ਨੂੰ ਮਸ਼ੀਨ ਆਲਿਆਂ ਦਾ ਬਿੱਲੂ ਟਰੈਲੀ 'ਚ ਪਾ ਕੇ ਹੱਥਪਤਾਲ ਲੈ ਗਿਆ। ਪੂਣਾ ਭੱਜ ਕੇ ਲੀਡਰ ਕੋਲੇ ਜਾ ਵੜਿਆ। ਓੱਧਰ ਤਲਾਹ ਗਈ ਤੋਂ ਪੁਲਸ ਪੂਣੇ ਦੇ ਘਰ 'ਤੇ ਚੜ੍ਹ ਗੀ। ਪੂਣਾ ਲੀਡਰ ਸਾਹਬ ਦੇ ਘਰੇ ਬੈਠਾ। ਲੀਡਰ ਪੂਣੇ ਨੂੰ ਕਹਿੰਦਾ ?ਅੱਠ ਸੈ ਰਪੀਆ ਪੁਲਸ ਨੂੰ ਦੇ ਦੀਏ, ਬੱਸ ਗੱਲ ਠੱਪ ਹੋ ਜੂ ?। ਪੂਣੇ ਨੇ ਬਜਰੰਗੇ ਕੇ ਪਿਆਰੇ ਨੂੰ ਨਾਲ ਲਜਾ ਕੇ ਬੁੜ੍ਹਿਆ ਤੈਥੋਂ ਤਿੰਨ ਰਪੀਏ ਸੈਂਕੜੇ ਦੇ ਵਿਆਜ 'ਤੇ ਅੱਠ ਸੈ ਰਪੀਆ ਲੈ ਕੇ ਲੀਡਰ ਨੂੰ ਦੇ 'ਤਾ, ਲੀਡਰ ਪੁਲਸ ਨੂੰ ਕਹਿੰਦਾ ?ਇਨ੍ਹਾਂ ਦਾ ਬਿਨਾਂ ਪੈਂਸਿਆਂ ਤੋਂ ਰਾਜੀਬੰਦਾ ਕਰਾਉ। ਰਾਜੀਬੰਦਾ ਪੁਲਸ ਨੇ ਮੁਖਤੋ ਮੁਖਤੀ ਕਰਾ 'ਤਾ, ਅੱਠ ਸੈ ਰਪੀਆ ਲੀਡਰ ਆਵਦੀ ਜੇਬ੍ਹ 'ਚ ਪਾ ਕੇ ਚੰਡੀਗੜ੍ਹ ਨੂੰ ਚੜ੍ਹ ਗਿਆ, ਹਜੇ ਤੂੰ ਕਹਿਨੈ ਅਕੇ ਮੈਂ ਤਾਂ ਕਦੇ ਐਹੋ ਜੀ ਗੱਲ ਸੁਣੀ ਨ੍ਹੀ। ਤੈਨੂੰ ਸੁਣਨ ਦੀ ਕਿਹੜੀ ਲੋੜ ਐ। ਦਸ ਦਸ ਕੋਹ ਤਾਈਂ ਲੜਾਈਆਂ ਭੜਾਈਆਂ 'ਚ ਲੱਗਣ ਆਲੇ ਪੈਂਸੇ ਤਾਂ ਤੇਰੀ ਬਾਸਣੀ 'ਚੋਂ ਜਾਂਦੇ ਐ। ਸੱਟਾਂ ਕੋਈ ਮਾਰਦਾ, ਸਿਰ ਕਿਸੇ ਦਾ ਪਾਟ ਜਾਂਦਾ, ਹੱਟ ਤੇਰੀ ਚੱਲ ਜਾਂਦੀ ਐ ਦਿਆਲ ਮਿਸਤਰੀ ਕੇ ਘਰਾਸ ਆਂਗੂੰ। ਸਭ ਨੂੰ ਪਤਾ ਬੁੜ੍ਹਿਆ ਪਿੰਡ 'ਚ ਕੀ ਹੋਈ ਜਾਂਦਾ।" ਅਮਲੀ ਤੋਂ ਸੱਚੀਆਂ ਸੁਣ ਕੇ ਬੁੜ੍ਹਾ ਪਰਨਾਂ ਮੋਢੇ 'ਤੇ ਰੱਖ ਕੇ ਸੱਥ 'ਚੋਂ ਉੱਠ ਕੇ ਇਉਂ ਤੁਰ ਗਿਆ ਜਿਮੇਂ ਵਿਆਹ ਵੇਲੇ ਅਨੰਦ ਹੋਣ ਪਿੱਛੋਂ ਘੱਟ ਦਾਜ਼ ਮਿਲੇ ਤੋਂ ਕੁੜੀ ਵਾਲਿਆਂ ਵੱਲੋਂ ਵਿਚੋਲੇ ਨੂੰ ਪਾਈ ਛਾਪ ਮੁੰਡੇ ਦੇ ਪਿਓ ਨੇ ਲਾਹ ਲਈ ਸੀ ਤੇ ਵਿਚੋਲਾ ਰੁੱਸ ਕੇ ਵਿਚੋਲਣ ਨੂੰ ਲੈ ਕੇ ਬਿਨਾਂ ਰੋਟੀ ਖਾਧੀਉ ਈ ਡੰਡੀ ਲੱਗਿਆ। ਜਿਉਂ ਹੀ ਰੋਸਾ ਬੁੜ੍ਹਾ ਸੱਥ 'ਚੋਂ ਉੱਠ ਕੇ ਤੁਰ ਗਿਆ ਤਾਂ ਬਾਬਾ ਕਰਨੈਲ ਸਿਉਂ ਅਮਲੀ ਨੂੰ ਭਖਿਆ ਵੇਖ ਕੇ ਸੱਥ ਵਾਲਿਆਂ ਨੂੰ ਕਹਿੰਦਾ, "ਚਲੋ ਯਾਰ ਘਰਾਂ ਨੂੰ ਚੱਲੀਏ। ਹੋਰ ਨਾ ਕਿਤੇ ਗਰਮ ਹੋਇਆ ਨਾਥਾ ਸਿਉਂ ਕਿਸੇ ਹੋਰ ਦੀ ਪੋਟਲੀ ਫਰੋਲਦੇ, ਐਮੇਂ ਫਿਰ ਲੜਾਂਗੇ।" ਬਾਬੇ ਦਾ ਆਖਾ ਮੰਨ ਕੇ ਸਾਰੇ ਸੱਥ ਆਲੇ ਰੋਸੇ ਬੁੜ੍ਹੇ ਦੀਆਂ ਅਗਲੀਆਂ ਪਿਛਲੀਆਂ ਗੱਲਾਂ ਕਰਦੇ ਘਰਾਂ ਨੂੰ ਤੁਰ ਪਏ।

# ਕਿਵੇ ਰੋਕੇ ਜਾਣ ਈ-ਵਾਲੈੱਟ 'ਤੇ ਸਾਈਬਰ ਹਮਲੇ ?



ਅੱਜ-ਕੱਲ੍ਹ ਤਕਨਾਲੋਜੀ ਦਾ ਜ਼ਮਾਨਾ ਹੈ। ਤਕਨਾਲੋਜੀ ਬਦਲਣ ਨਾਲ ਠੱਗੀਆਂ ਤੇ ਚੋਰੀਆਂ ਦੇ ਢੰਗ-ਤਰੀਕੇ ਵੀ ਬਦਲ ਗਏ ਹਨ। ਨੌਸਰਬਾਜ਼ ਚਲਾਕੀ ਨਾਲ ਆਪਣਾ ਏਟੀਐਮ ਕਾਰਡ ਕਿਸੇ ਨਾਲ ਬਦਲ ਕੇ ਉਸ ਦੇ ਖਾਤੇ ਵਿੱਚੋਂ ਪੈਸੇ ਕਢਾ ਲੈਂਦੇ ਹਨ ਤੇ ਕਦੇ ਕਿਸੇ ਦੇ ਈ-ਵਾਲੇੱਟ (ਇਲੈੱਕਟ੍ਰਾਨਿਕ ਬਟੂਆ ਜਾਂ ਪਰਸ) ਦਾ ਪਾਸਵਰਡ ਹੈਕ ਕਰ ਕੇ ਉਸ ਦਾ ਖਾਤਾ ਖਾਲੀ ਕਰ ਦਿੰਦੇ ਹਨ। ਈ-ਵਾਲੇੱਟ ਆਪਣੀ ਜੇਬ ਵਿਚਲੇ ਪਰਸ ਵਾਂਗ ਹੀ ਹੁੰਦਾ ਹੈ, ਜਿਹੜਾ ਇੰਟਰਨੈੱਟ ਦੀ ਮਦਦ ਨਾਲ ਕੰਪਿਊਟਰ ਜਾਂ ਮੋਬਾਈਲ ਰਾਹੀ ਕੋਈ ਵੀ ਖ਼ਰੀਦਦਾਰੀ ਜਾਂ ਲੈਣ-ਦੇਣ ਕਰਨ ਲਈ ਵਰਤਿਆ ਜਾਂਦਾ ਹੈ।

ਅੱਜ-ਕੱਲ੍ਹ ਕਈ ਤਰ੍ਹਾਂ ਦੀਆਂ ਕੰਪਨੀਆਂ ਦੇ ਦਿੱਲ-ਖਿੱਚਵੇਂ ਐਪ ਨਜ਼ਰ ਆਉਂਦੇ ਹਨ। ਇਹ ਕੰਪਨੀਆਂ ਇੱਕ ਵਾਰ ਸਾਡੇ ਐਕਚੂਯਲ (ਅਸਲੀ) ਪੈਸੇ ਲਵਾਉਣ ਤੋਂ ਬਾਅਦ ਹਰ ਰੋਜ਼ ਸਾਡੇ ਵਰਚੂਯਲ (ਅਦਿੱਖ) ਖਾਤੇ ਵਿੱਚ ਪੈਸੇ ਵਧਦੇ ਹੋਏ ਦਿਖਾਉਂਦੀਆਂ ਹਨ। ਭੋਲੇ-ਭਾਲੇ ਲੋਕ ਕੰਪਨੀ ਦੀ ਵੈੱਬਸਾਈਟ 'ਤੇ ਆਪਣੇ ਵਧਦੇ ਪੈਸੇ ਦੇਖ ਕੇ ਖੁਸ਼ ਹੁੰਦੇ, ਪਰ ਕਦੋਂ ਅਜਿਹੀ ਕੰਪਨੀ ਬੰਦ ਹੋ ਜਾਵੇ, ਕੋਈ ਨਹੀਂ ਜਾਣਦਾ। ਜ਼ਿਆਦਾ ਪੈਸੇ ਬਣਾਉਣ ਦੇ ਲਾਲਚ ਵੱਸ ਲੋਕ ਆਪਣੀ ਮਿਹਨਤ ਦੀ ਕਮਾਈ ਵੀ ਗਵਾ ਬੈਠਦੇ ਹਨ। ਹੁਣ ਸਾਰਾ ਲੈਣ-ਦੇਣ ਆਨਲਾਈਨ ਹੋ ਰਿਹਾ ਹੈ। ਸਮਾਰਟ ਮੋਬਾਈਲਾਂ ਦੀ ਆਮਦ ਦੇ ਦੌਰ ਵਿੱਚ ਸਾਨੂੰ ਵੀ ਸਮਾਰਟ ਬਣ ਕੇ ਰਹਿਣਾ ਪੈਣਾ ਹੈ।

ਪਹਿਲਾਂ ਤਾਂ ਅਸੀਂ ਸਿਰਫ਼ ਆਪਣੀ ਜੇਬ ਵਿਚਲੇ ਬਟੂਏ ਦਾ ਹੀ ਧਿਆਨ ਰੱਖਦੇ ਸੀ, ਪਰ ਹੁਣ ਇਸ ਬਟੂਏ ਦੇ ਨਾਲ-ਨਾਲ ਈ-ਵਾਲੇੱਟ ਦਾ ਵੀ ਪੂਰਾ ਖਿਆਲ ਰੱਖਣਾ ਪੈਂਦਾ ਹੈ। ਸਾਡਾ ਈ-ਵਾਲੇੱਟ ਪੇਟੀਐਮ, ਇੰਟਰਨੈੱਟ ਬੈਂਕਿੰਗ, ਮੋਬਾਈਲ ਬੈਂਕਿੰਗ ਆਦਿ ਕਿਸੇ ਵੀ ਰੂਪ ਵਿੱਚ ਹੋ ਸਕਦਾ ਹੈ। ਜੇਕਰ ਅਸੀਂ ਇਹ ਸੋਚਦੇ ਹਾਂ ਕਿ ਸਾਡੇ ਨਾਲ ਭਲਾ ਠੱਗੀ ਕੌਣ ਮਾਰੇਗਾ ਤਾਂ ਇੱਥੇ ਇਹ ਵੀ ਦੱਸਣਯੋਗ ਹੈ ਕਿ ਸਾਈਬਰ ਹਮਲੇ ਹੋਣ ਦੀ ਜ਼ਿਆਦਾ ਸੰਭਾਵਨਾ ਮੱਧਵਰਗ ਦੇ ਲੋਕਾਂ 'ਤੇ ਹੀ ਹੁੰਦੀ ਹੈ। ਇਸ ਦਾ ਕਾਰਨ ਹੈ ਕਿ ਵੱਡੀਆਂ-ਵੱਡੀਆਂ ਕੰਪਨੀਆਂ ਤਾਂ ਇਨ੍ਹਾਂ ਹਮਲਿਆਂ ਤੋਂ ਬਚਣ ਲਈ ਪੇਸ਼ੇਵਰ ਲੋਕਾਂ ਦੀ ਟੀਮ ਬਣਾ ਕੇ ਰੱਖਦੀਆਂ ਹਨ ਤੇ ਉਨ੍ਹਾਂ ਕੰਪਨੀਆਂ ਦੇ ਇਲੈਕਟ੍ਰਾਨਿਕ ਡਿਵਾਇਸ ਵੀ ਹਾਈਟੈੱਕ ਸਕਿਉਰਿਟੀ ਨਾਲ ਲੈਸ ਹੁੰਦੇ ਹਨ, ਪਰ ਆਮ ਲੋਕ ਅਜਿਹਾ ਕਰਨ ਦੇ ਸਮਰੱਥ ਨਹੀਂ ਹੁੰਦੇ।

× ਸਾਵਧਾਨੀਆਂ: ਸਾਨੂੰ ਆਪਣੇ ਈ-ਵਾਲੇੱਟ ਦਾ ਪਾਸਵਰਡ ਕੁਝ ਦਿਨਾਂ ਦੇ ਫ਼ਰਕ ਨਾਲ ਬਦਲਦੇ ਰਹਿਣਾ ਚਾਹੀਦਾ ਹੈ। ਪਾਸਵਰਡ ਕਦੇ ਵੀ ਆਪਣੇ ਨਾਂ, ਜਨਮ ਮਿਤੀ, ਗੱਡੀ ਨੰਬਰ ਆਦਿ ਨਾਲ ਮਿਲਦਾ-ਜੁਲਦਾ ਨਹੀਂ ਹੋਣਾ ਚਾਹੀਦਾ, ਕਿਉਂਕਿ ਅਜਿਹਾ ਹੋਣ ਦੀ ਸੂਰਤ ਵਿੱਚ ਪਾਸਵਰਡ ਦੇ ਹੈਕ ਹੋਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ। ਪਾਸਵਰਡ ਕਦੇ ਵੀ ਤੇ ਕਿਸੇ ਨੂੰ ਵੀ ਦੱਸਣ ਤੋਂ ਗੁਰੇਜ਼ ਕਰੋ ਤੇ ਇਸ ਨੂੰ ਕਿਸੇ ਜਗ੍ਹਾ 'ਤੇ ਲਿਖ ਕੇ ਰੱਖਣ ਨਾਲੋਂ ਹਮੇਸ਼ਾ ਆਪਣੇ ਦਿਮਾਗ ਵਿੱਚ ਰੱਖਣ ਦੀ ਕੋਸ਼ਿਸ਼ ਕਰੋ।

ਓਟੀਪੀ (ਵਨ ਟਾਈਮ ਪਾਸਵਰਡ) ਇੱਕ ਵਾਰੀ ਵਰਤਣ ਵਾਲਾ ਇੱਕ ਕੋਡ ਹੁੰਦਾ ਹੈ, ਜੋ ਈ-ਵਾਲੇੱਟ ਰਾਹੀਂ ਕੋਈ ਵੀ ਡਿਜੀਟਲ ਟਰਾਂਜ਼ੈਕਸ਼ਨ (ਲੈਣ-ਦੇਣ) ਕਰਨ ਤੋਂ ਪਹਿਲਾਂ ਸਾਡੇ ਮੋਬਾਈਲ ਵਿੱਚ ਇੱਕ ਐਸਐਮਐਸ ਦੇ ਰੂਪ ਵਿੱਚ ਆਉਂਦਾ ਹੈ। ਇਹ ਓਟੀਪੀ ਭਰਨ ਤੋਂ ਬਾਅਦ ਹੀ ਈ-ਵਾਲੇੱਟ ਦੀ ਟਰਾਂਜ਼ੈਕਸ਼ਨ ਸਫ਼ਲ ਹੁੰਦੀ ਹੈ, ਇਸ ਲਈ ਓਟੀਪੀ ਕਿਸੇ ਹੋਰ ਨੂੰ ਨਾ ਦੱਸੋ। ਬੇਸ਼ੱਕ ਈ-ਵਾਲੇੱਟ ਪੂਰੀ ਤਰ੍ਹਾਂ ਸੁਰੱਖਿਅਤ ਹੁੰਦੇ ਹਨ, ਪਰ ਛੋਟੀ ਜਿਹੀ ਲਾਪ੍ਰਵਾਹੀ ਕਰਕੇ ਅਸੀਂ ਠੱਗੀ ਦਾ ਸ਼ਿਕਾਰ ਵੀ ਹੋ ਜਾਂਦੇ ਹਾਂ। ਕਈ ਵਾਰ ਹੈਕਰ ਫੋਨ ਕਰਕੇ ਵੀ ਓਟੀਪੀ ਦੀ ਮੰਗ ਕਰਦੇ ਹਨ, ਪਰ ਅਜਿਹੇ ਵਿੱਚ ਸਾਨੂੰ ਹਮੇਸ਼ਾ ਚੌਕਸ ਰਹਿਣਾ ਪੈਂਦਾ ਹੈ। ਭਰਮਾਊ ਗੱਲਾਂ ਵਿੱਚ ਆ ਕੇ ਆਪਣੇ ਮੋਬਾਈਲ ਨੰਬਰ ਨਾਲ ਜੁੜਿਆ ਕੋਈ ਵੀ ਓਟੀਪੀ ਕਿਸੇ ਨੂੰ ਨਾ ਦੱਸੋ। ਇੰਟਰਨੈੱਟ ਬੈਂਕਿੰਗ ਜਾਂ ਕੋਈ ਹੋਰ ਪਾਸਵਰਡ ਬਦਲਣ ਲਈ ਓਟੀਪੀ ਦੀ ਜ਼ਰੂਰਤ ਹੁੰਦੀ ਹੈ। ਅਜਿਹੇ ਵਿੱਚ ਜੇਕਰ ਕਿਸੇ ਨੂੰ ਤੁਹਾਡੇ ਬੈਂਕ ਦੀ ਆਈਡੀ ਤੇ ਪਾਸਵਰਡ ਪਤਾ ਲੱਗ ਜਾਵੇ ਤਾਂ ਉਹ ਉਸ ਨੂੰ ਓਟੀਪੀ ਦੀ ਮਦਦ ਨਾਲ ਬਦਲ ਵੀ ਸਕਦਾ ਹੈ। ਸਿਰਫ਼ ਇੰਨਾ ਹੀ ਨਹੀਂ ਉਹ ਤੁਹਾਡੇ ਖਾਤੇ ਤੋਂ ਤੁਹਾਡਾ ਮੋਬਾਈਲ ਨੰਬਰ ਹਟਾ ਕੇ ਕੋਈ ਦੂਜਾ ਮੋਬਾਈਲ ਨੰਬਰ ਵੀ ਜੋੜ ਸਕਦਾ ਹੈ। ਬੈਂਕ ਵਾਲੇ ਕਦੇ ਵੀ ਪਾਸਵਰਡ ਜਾਂ ਓਟੀਪੀ ਦੀ ਮੰਗ ਨਹੀਂ ਕਰਦੇ। ਪੇਟੀਐਮ ਆਨਲਾਈਨ ਪੈਸੇ ਟਰਾਂਸਫਰ ਕਰਨ ਲਈ ਵਰਤੀ ਜਾਣ ਵਾਲੀ ਐਪ ਹੈ, ਜਿਹੜੀ ਮੋਬਾਈਲ ਫੋਨ ਰਾਹੀਂ ਸੌਖਿਆਂ ਹੀ ਚਲਾਈ ਜਾ ਸਕਦੀ ਹੈ। ਇਸ ਦੀ ਵਰਤੋਂ ਨਾਲ ਮਿੰਟਾਂ ਵਿੱਚ ਹੀ ਪੈਸੇ ਕਿਤੇ ਵੀ ਭੇਜੇ ਜਾ ਸਕਦੇ ਹਨ। ਇਸ ਲਈ ਆਪਣਾ ਸਮਾਰਟ ਫੋਨ ਵੀ ਬਿਨਾ ਭਰੋਸੇ ਵਾਲੇ ਵਿਅਕਤੀ ਨੂੰ ਕਦੇ ਨਾ ਫੜਾਓ। ਹੁਣ ਮੋਬਾਈਲ ਗੁੰਮ ਹੋ ਜਾਣਾ ਸਿਰਫ਼ ਮੋਬਾਈਲ ਦੀ ਕੀਮਤ ਦੇ ਪੈਸਿਆਂ ਦਾ ਹੀ ਨੁਕਸਾਨ ਨਹੀਂ, ਬਲਕਿ ਵਿਅਕਤੀ ਵੱਲੋਂ ਕੀਤੀ ਟਰਾਂਜ਼ੈਕਸ਼ਨ 'ਤੇ ਨਿਰਭਰ ਕਰਦਾ ਹੈ। ਇਸ ਲਈ ਈ-ਵਾਲੇੱਟ ਦੀ ਵਰਤੋਂ ਕਰਨ ਤੋਂ ਬਾਅਦ ਤੁਰੰਤ ਲਾਗ ਆਊਟ ਕਰ ਦਿਓ ਤਾਂ ਜੋ ਮੋਬਾਈਲ ਗੁੰਮ ਹੋ ਜਾਣ ਦੀ ਹਾਲਤ ਵਿੱਚ ਕੋਈ ਵਿਅਕਤੀ ਇਨ੍ਹਾਂ ਐਪਸ ਦੀ ਦੁਰਵਰਤੋਂ ਨਾ ਕਰ ਸਕੇ। ਅਜਿਹੀਆਂ ਸਾਵਧਾਨੀਆਂ ਵਰਤ ਕੇ ਅਸੀਂ ਬਿਨਾ ਨੁਕਸਾਨ ਕਰਾਏ ਨਵੀਂ ਤਕਨਾਲੋਜੀ ਦਾ ਲਾਹਾ ਲੈ ਸਕਦੇ ਹਾਂ।

**ਅਮਰਬੀਰ ਸਿੰਘ ਚੀਮਾ**





# ਨਵੇਂ ਸੰਚਾਰ ਸਾਧਨ

# ਵਿਕਾਸ ਵੱਲ ਜਾਂ ਵਿਨਾਸ਼ ਵੱਲ



ਬਲਵਿੰਦਰ ਸਿੰਘ
ਮਕੜੌਨਾ
98550-20025

ਸਮੇਂ ਦੇ ਬਦਲਾਅ ਨਾਲ ਪੁਰਾਣੀਆਂ ਚੀਜ਼ਾਂ ਦਾ ਵਿਸਰ ਜਾਣਾ ਅਤੇ ਨਵੀਆਂ ਦਾ ਆ ਜਾਣਾ ਸੁਭਾਵਿਕ ਹੈ। ਨਵੀਂਆਂ ਚੀਜ਼ਾਂ ਜਿੱਥੇ ਜੀਣ ਦੇ ਨਵੇਂ ਮਕਸਦ ਪੈਦਾ ਕਰਦੀਆਂ ਹਨ, ਉੱਥੇ ਹੀ ਵਿਕਾਸ ਦੀ ਹਾਮੀ ਵੀ ਭਰਦੀਆਂ ਹਨ। ਕਿਸੇ ਵੀ ਖੇਤਰ ਵਿੱਚ ਆਈ ਨਵੀਂ ਤਬਦੀਲੀ ਦਾ ਸਵਾਗਤ ਕਰਨਾ ਤੇ ਉਸਦੀ ਸੁਚੱਜੀ ਵਰਤੋਂ ਕਰਨਾ, ਉਸ ਖੇਤਰ ਦੀ ਵਿਸ਼ਾਲਤਾ ਨੂੰ ਚਾਰ ਚੰਨ ਲਗਾ ਦਿੰਦੀ ਹੈ। ਅੱਜ ਦੇ ਦੌਰ ਵਿੱਚ ਮੋਬਾਈਲ ਕ੍ਰਾਂਤੀ ਨੇ ਹਰ ਵਰਗ ਦੇ ਲੋਕਾਂ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਹੈ। ਖ਼ਾਸ ਤੌਰ 'ਤੇ ਨੌਜਵਾਨ ਵਰਗ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਮੋਬਾਈਲ ਨਾਲ ਜੁੜਿਆ ਹੋਇਆ ਹੈ। ਜੁੜੇ ਵੀ ਕਿਉਂ ਨਾ ? ਆਖਰ, ਨੌਜਵਾਨਾਂ ਦੇ ਸੁਪਨੇ 'ਕਰ ਲਓ ਦੁਨੀਆ ਮੁੱਠੀ ਵਿੱਚ' ਨੂੰ ਮੋਬਾਈਲ ਦੇ ਇਸ ਦੌਰ ਨੇ ਸਾਕਾਰ ਕੀਤਾ ਹੈ। ਨੌਜਵਾਨ ਵਰਗ ਹੁਣ ਆਪਣੇ ਹਰ ਸਵਾਲ ਦਾ ਜਵਾਬ ਮੋਬਾਈਲ ਦੀ ਉਸ ਸਕਰੀਨ ਤੋਂ ਭਾਲ ਰਿਹਾ ਹੈ, ਜੋ ਉਸਦੀ ਪਹੁੰਚ ਵਿੱਚ ਹੈ। ਆਪਣੇ ਬਹੁਤ ਸਾਰੇ ਸਿੱਖਿਆਦਾਇਕ ਪਹਿਲੂਆਂ ਨੂੰ ਉਹ ਵੱਖ-ਵੱਖ ਫਾਈਲਾਂ ਦੇ ਰੂਪ ਵਿੱਚ ਮੋਬਾਈਲ ਵਿੱਚ ਸੰਭਾਲ ਕੇ ਰੱਖ ਰਿਹਾ ਹੈ, ਜੋ ਸਮੇਂ-ਸਮੇਂ ਉਸਦਾ ਮਾਰਗ ਦਰਸ਼ਨ ਵੀ ਕਰਦੇ ਹਨ।

ਵੈਸੇ ਤਾਂ ਮੋਬਾਈਲ ਨਾਲ ਜੁੜੀ ਹਰ ਵਿਧਾ ਕਾਬਲੇਗੌਰ ਹੈ ਪਰ ਵਟਸਐਪ ਅਤੇ ਫੇਸਬੁੱਕ ਨੇ ਨੌਜਵਾਨ ਵਰਗ ਨੂੰ ਹੀ ਨਹੀਂ ਸਗੋਂ ਹਰ ਵਰਗ ਨੂੰ ਆਪਣੇ ਵੱਲ ਖਿੱਚਿਆ ਹੈ। ਇਹ ਦੋਨੋਂ ਤਰਾਂ ਦੇ ਸਾਧਨ ਆਪਣੇ ਮੌਲਿਕ/ਅਮੌਲਿਕ ਵਿਚਾਰਾਂ ਨੂੰ ਦੂਜਿਆਂ ਨਾਲ ਸਾਂਝਾ ਕਰਨ ਦਾ ਵਧੀਆ ਜ਼ਰੀਆ ਮੰਨੇ ਜਾ ਰਹੇ ਹਨ। ਇਨਾਂ 'ਤੇ ਟਿੱਪਣੀਆਂ ਦਾ ਦੌਰ ਇਨਾਂ ਦੇ ਪਲਾਂ-ਛਿਣਾਂ ਵਿੱਚ ਜਾਰੀ ਹੋਣ 'ਤੇ ਹੀ ਸ਼ੁਰੂ ਹੋ ਜਾਂਦਾ ਹੈ। ਪ੍ਰਿੰਟ ਮੀਡੀਆ ਰਾਹੀਂ ਜੋ ਗੱਲ ਦੂਜੇ ਦਿਨ ਲੋਕਾਂ ਤੱਕ ਪੁੱਜਦੀ, ਉਹ ਇਨਾਂ ਸਾਧਨਾਂ ਦੇ ਰਾਹੀਂ ਲੋਕਾਂ ਤਾਂ ਪਹਿਲਾਂ ਹੀ ਪੁੱਜ ਜਾਂਦੀ ਹੈ। ਸੰਚਾਰ ਦੇ ਇਨਾਂ ਸਾਧਨਾਂ ਦੀ ਤੇਜ਼ੀ ਕਾਰਨ ਸਾਕਾਰਤਮਕ ਪੱਖਾਂ ਨੂੰ ਹੋਰ ਉਤਸ਼ਾਹਿਤ ਕਰਨ ਅਤੇ ਨਾਕਾਰਤਮਕ ਪੱਖਾਂ ਨੂੰ ਠੱਲ ਪਾਉਣ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਅਜਿਹੇ ਸਾਧਨਾਂ ਦੇ ਵਿਕਸਤ ਹੋਣ ਨਾਲ ਜਿੱਥੇ ਮਹਾਨ ਲੋਕਾਂ ਦੇ ਵਿਸ਼ੇਸ਼ ਦਿਨ ਬਾਰੇ ਵਿਸਥਾਰ ਨਾਲ ਜਾਣਕਾਰੀ ਲੋਕਾਂ ਤੱਕ ਪੁੱਜਦੀ ਹੋ ਜਾਂਦੀ ਹੈ, ਉੱਥੇ ਹੀ ਚਿਰਾਂ ਤੋਂ ਮਨਾਏ ਜਾ ਰਹੇ ਮਹਾਨ ਰਹਿਬਰਾਂ ਦੇ ਜਨਮ, ਸ਼ਹੀਦੀ ਅਤੇ ਹੋਰ ਮਹੱਤਵਪੂਰਨ ਦਿਵਸ ਬਾਰੇ ਜਾਣੂ ਹੋ ਕੇ ਆਪਣੇ ਵਿਰਾਸਤ ਨਾਲ ਵੀ ਜੁੜਦੇ ਹਨ। ਪਰ ਦੇਖਣ ਵਿੱਚ ਆ ਰਿਹਾ ਹੈ ਕਿ ਜਿੱਥੇ ਇਨਾਂ ਸਾਧਨਾਂ ਨੂੰ ਵਰਤਣ ਲਈ ਚੰਗੀ ਸੋਚ ਵਾਲੇ ਇਨਸਾਨਾਂ ਦੀ ਕਮੀ ਨਹੀਂ, ਉੱਥੇ ਹੀ ਗ਼ਲਤ ਅਨਸਰ ਅਜਿਹੇ ਸਾਧਨਾਂ ਰਾਹੀਂ ਅਪਰਾਧ ਜਾਂ ਅੰਧ-ਵਿਸ਼ਵਾਸਾਂ ਨੂੰ ਪ੍ਰਫੁਲਤ ਵੀ ਕਰ ਰਹੇ ਹਨ। ਕਿਸੇ ਧਰਮ ਨਾਲ ਸਬੰਧਤ ਵਿਚਾਰਾਂ ਨੂੰ ਕਿਸੇ ਦੂਜੇ ਨਾਲ ਸਾਂਝਾ ਕਰਨਾ ਤਾਂ ਚੰਗੀ ਗੱਲ ਹੈ, ਪਰ ਉਸ ਦੇ ਅੰਤ ਵਿੱਚ ਭੇਜੇ ਵਿਚਾਰਾਂ ਨੂੰ ਗਿਣਤੀ ਦੱਸ ਕੇ ਅੱਗੇ ਭੇਜਣ ਲਈ ਕਹਿਣਾ ਤੇ ਨਾ ਭੇਜਣ 'ਤੇ ਨੁਕਸਾਨ ਹੋਣ ਦੀ ਗੱਲ ਕਰਨੀ, ਅੰਧ -ਵਿਸ਼ਵਾਸਾਂ ਦੇ ਜਾਲ਼ ਨੂੰ ਬੁਣਨ ਵਿੱਚ ਸਹਾਈ ਹੁੰਦੇ ਹਨ। ਇਸੇ ਤਰਾਂ ਹੀ ਕਿਸੇ ਵਿਸ਼ੇਸ਼ ਵਿਅਕਤੀ ਦੀ ਤਸਵੀਰ ਨੂੰ ਕਿਸੇ ਕੋਲ ਭੇਜਣ ਤਾਂ ਚੰਗੀ ਗੱਲ ਹੈ, ਪ੍ਰੰਤੂ ਜਦੋਂ ਉਸਨੂੰ ਗਿਣਤੀਆਂ-ਮਿਣਤੀਆਂ ਕਰਕੇ ਅੱਗੇ ਭੇਜਣ ਬਾਰੇ ਸਖ਼ਤੀ ਨਾਲ ਕਿਹਾ ਜਾਂਦਾ ਹੈ ਤਾਂ ਇਹ ਅੰਧ-ਵਿਸ਼ਵਾਸਾਂ ਦੀ ਕੜੀ ਹੀ ਬਣਾਉਂਦਾ ਹੈ।

ਪੜ੍ਹੇ-ਲਿਖੇ ਸੂਝਵਾਨ ਵਰਗ ਦਾ ਜਾਦੂ-ਟੂਣਿਆਂ ਨੂੰ ਉਜਾਗਰ ਕਰਦੇ ਸੰਦੇਸ਼ਾਂ ਦੀ ਕੜੀ ਜੋੜਨਾ ਅਤਿ ਦੁਖਦਾਈ ਹੈ। ਇੱਕ ਅਨਪੜ ਵਿਅਕਤੀ ਵੱਲੋਂ ਗਿਆਨ ਨਾ ਹੋਣ ਕਾਰਨ ਜਾਦੂ-ਟੂਣਿਆਂ ਜਾਂ ਅੰਧ-ਵਿਸ਼ਵਾਸਾਂ ਦੇ ਚੱਕਰ ਵਿੱਚ ਫਸਣਾ ਤਾਂ ਜ਼ਾਇਜ ਕਿਹਾ ਜਾ ਸਕਦਾ ਹੈ, ਪ੍ਰੰਤੂ ਪੜ੍ਹੇ-ਲਿਖੇ ਵਰਗ ਵੱਲੋਂ ਅਜਿਹੇ ਅੰਧ-ਵਿਸ਼ਵਾਸ ਫੈਲਾਉਣ ਵਾਲੇ ਸੰਦੇਸ਼ਾਂ ਨੂੰ ਅੱਗੇ ਤੋਰਨਾ, ਵਿਗਿਆਨਕ ਯੁੱਗ ਵਿੱਚ ਮੂਰਖਤਾ ਭਰਿਆ ਕਦਮ ਹੀ ਕਿਹਾ ਜਾ ਸਕਦਾ ਹੈ। ਇੱਕ ਗੱਲ ਇਹ ਵੀ ਦੇਖਣ ਵਾਲੀ ਹੈ ਕਿ ਅਜਿਹੇ ਸਾਧਨਾਂ ਦੀ ਵਰਤੋਂ ਤਾਂ ਪੜ੍ਹੇ-ਲਿਖੇ ਵਰਗ ਵੱਲੋਂ ਹੀ ਕੀਤੀ ਜਾ ਰਹੀ ਹੈ, ਫਿਰ ਨਵੇਂ ਯੁੱਗ ਜਾਂ ਵਿਗਿਆਨਕ ਯੁੱਗ ਦੀਆਂ ਬਾਤਾਂ ਪਾਉਣ ਦੀ ਥਾਂ ਸਮਾਜ ਵਿੱਚ ਹੋਰ ਹਨੇਰੇ ਵਿੱਚ ਧੱਕਣ ਦੀਆਂ ਕੋਸ਼ਿਸ਼ਾਂ ਆਉਣ ਵਾਲੀਆਂ ਪੀੜੀਆਂ ਨੂੰ ਕੀ ਸੰਦੇਸ਼ ਦੇ ਸਕਦੀਆਂ ਹਨ।

ਕਿਸੇ ਜੀਵਤ ਵਿਸ਼ੇਸ਼ ਵਿਅਕਤੀ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦਾ ਸੰਦੇਸ਼ ਤਾਂ ਚੰਗਾ ਸੰਕੇਤ ਹੈ, ਪਰ ਕਈ ਵਾਰ ਉਸ ਵਿਅਕਤੀ ਨੂੰ ਬਿਨਾਂ ਕਾਰਨ ਹੀ ਮਾਰ ਦੇਣ ਦਾ ਸੰਦੇਸ਼ ਚੰਗੀ ਗੱਲ ਨਹੀਂ। ਕਈ ਵਾਰ ਤਾਂ ਅਜਿਹੀਆਂ ਮਨਘੜਤ ਖ਼ਬਰਾਂ ਐਨੀਆਂ ਫ਼ੈਲ ਜਾਂਦੀਆਂ ਹਨ ਕਿ ਕਈ ਸਰਕਾਰੀ ਅਦਾਰੇ ਛੁਟੀ ਹੋਣ ਦਾ ਭਰਮ ਪਾਲ਼ ਲੈਂਦੇ ਹਨ।

ਇਸੇ ਹੀ ਕੜੀ ਤਹਿਤ ਸ਼ਰਾਰਤੀ ਅਨਸਰ ਪਿਛਲੇ ਸਾਲ ਕੀਤੀ ਗਈ ਕਿਸੇ ਸਰਕਾਰੀ ਛੁੱਟੀ ਦਾ ਸਾਲ ਬਦਲ ਕੇ ਉਸਨੂੰ ਚਲੰਤ ਸਾਲ ਨਾਲ ਜੋੜ ਕੇ ਨਵੇਂ ਭਰਮ ਪੈਦਾ ਕਰ ਦਿੰਦੇ ਹਨ। ਕਈ ਵਾਰ ਬਣਾਏ ਗਏ ਫੋਟੋ ਚਿੱਤਰਾਂ ਵਿੱਚ ਭਾਸ਼ਾ ਨਾਲ ਵੀ ਕੋਝਾ ਮਜ਼ਾਕ ਕੀਤਾ ਗਿਆ ਹੁੰਦਾ ਹੈ ਭਾਵ ਕਿਸੇ ਭਾਸ਼ਾਂ ਦੇ ਸ਼ਬਦਾਂ ਨੂੰ ਅਰਥੋਂ ਬੇਅਰਥ ਹੀ ਕਰ ਦਿੱਤਾ ਜਾਂਦਾ ਹੈ, ਜੋ ਕਿ ਸਹੀ ਰੁਝਾਨ ਨਹੀਂ ਹੈ। ਸ਼ਬਦਾਂ ਦਾ ਗਿਆਨ ਇੱਕ ਪੜ੍ਹਿਆ-ਲਿਖਿਆ ਵਿਅਕਤੀ ਹੀ ਕਰਦਾ ਹੈ ਤੇ ਇਸੇ ਵਿਗੜੇ ਰੁਝਾਨ ਦੇ ਕਾਰਨ ਕਈ ਭਾਸ਼ਾਵਾਂ ਦੇ ਸ਼ਬਦਾਂ ਦਾ ਮੁਹਾਂਦਰਾ ਹੀ ਬਦਲ ਦਿੱਤਾ ਜਾਂਦਾ ਹੈ, ਜੋ ਕਿ ਭਾਸ਼ਾ ਦੀ ਉਤਪਤੀ ਵਿੱਚ ਵੱਡਾ ਰੋੜਾ ਹੋ ਨਿਬੜਦੇ ਹਨ। 21ਵੀਂ ਸਦੀ ਦੇ ਇਸ ਯੁੱਗ ਵਿੱਚ ਅਜਿਹੇ ਸਾਧਨ ਕਾਰਗਰ ਸਿੱਧ ਹੋ ਕੇ ਸਮਾਜ ਨੂੰ ਚੰਗੀ ਸੇਧ ਦੇ ਸਕਦੇ ਹਨ। ਇਸ ਲਈ ਅਜਿਹੇ ਸਾਧਨਾਂ ਦੀ ਸੁਚੱਜੀ ਵਰਤੋਂ ਵੱਲ ਹੀ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ। ਜੇਕਰ ਇਨਾਂ ਸਾਧਨਾਂ ਦੀ ਦੁਰਵਰਤੋਂ ਦਾ ਦੌਰ ਇਸੇ ਤਰਾਂ ਜਾਰੀ ਰਿਹਾ ਤਾਂ ਇੱਕ ਦਿਨ ਅਜਿਹਾ ਵੀ ਆ ਸਕਦਾ ਹੈ ਜਦੋਂ ਲੋਕਾਂ ਦਾ ਅਜਿਹੇ ਸਾਧਨਾਂ ਰਾਹੀਂ ਆਉਣ ਵਾਲੇ ਸੰਦੇਸ਼ਾਂ ਤੋਂ ਵਿਸ਼ਵਾਸ ਉੱਠ ਜਾਵੇਗਾ ਅਤੇ ਲੋਕ ਇਨਾਂ ਸਾਧਨਾਂ ਨੂੰ ਮਾਤਰ ਖਿਡੌਣਾ ਸਮਝਣ ਲੱਗ ਜਾਣਗੇ।

# ਯਾਦ ਰੱਖੋਂ ਮੱਤਦਾਨ ਕਰਨ ਤੋਂ ਪਹਿਲਾ





ਕੰਵਲਜੀਤ ਕੌਰ ਢਿੱਲੋਂ
9478793231

ਸਾਡੇ ਸੰਵਿਧਾਨ ਨੇ ਔਰਤਾਂ ਅਤੇ ਮਰਦਾਂ ਨੂੰ ਬਰਾਬਰ ਦੇ ਅਧਿਕਾਰ ਦਿੱਤੇ ਹਨ।ਅਜਿਹੇ ਅਧਿਕਾਰਾ ਵਿੱਚੋ ਇੱਕ ਅਧਿਕਾਰ ਹੈ ਵੋਟਦੀਵਰਤੋਂ ਕਰਆਪਣੀ ਪਸੰਦ ਦਾਨੇਤਾਚੁਣ ਕੇ ਸਰਕਾਰਬਣਾਉਣਦਾਅਧਿਕਾਰ ।ਸਾਡੇ ਸੰਵਿਧਾਨ ਦੇ ਅਨੁਸਾਰ ਕੋਈ ਵੀਵਿਅਕਤੀ ਚਾਹੇ ਉਹ ਔਰਤ ਹੋਵੇਂ ਜਾਂ ਮਰਦਜਦੋਂ ਉਹ ਅਠਾਰਾਂ ਸਾਲਦਾ ਹੋ ਜਾਂਦਾ ਹੈ ਤਾਂ ਉਸਦੀਵੋਟਬਣਜਾਂਦੀ ਹੈ।ਜਿਵੇਂ ਕਿ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਪੰਜਾਬ ਵਿਧਾਨਸਭਾਦੀਚੋਣਾਂ ਹੋਣ ਜਾ ਰਹੀਆਂ ਹਨ ਇਸ ਲਈ ਮੱਤਦਾਨ ਕਰਨ ਤੋਂ ਪਹਿਲਾ ਕੁੱਝ ਅਜਿਹੀਆਂ ਗੱਲਾਂ ਹਨ ਜਿੰਨਾਂ ਨੂੰ ਧਿਆਨ ਵਿੱਚ ਰੱਖਣਾ ਜਰੂਰੀ ਹੈ:-

1. ਬਹੁਤਸਾਰੇ ਲੋਕ ਅਜਿਹੇ ਹਨ ਜੋ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਨਹੀਂ ਕਰਦੇ।ਸਾਨੂੰਹਮੇਸ਼ਾ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਾਡਾ ਇੱਕ-ਇੱਕ ਵੋਟ ਬਹੁਤ ਕੀਮਤੀ ਹੇ।ਇਸ ਲਈ ਸਾਨੂੰ ਵੋਟ ਪਾਉਣ ਜਰੂਰ ਜਾਣਾ ਚਾਹੀਦਾ ਹੈ।

2. ਜਦੋਂ ਅਸੀਂ ਇਹ ਗੱਲ ਕਰਦੇ ਹਾਂ ਕਿ ਸਾਡਾ ਵੋਟ ਬੇਸ਼ਕੀਮਤੀ ਹੈ ਤਾਫਿਰ ਅਸੀਂ ਕਿਉਂ ਉਪਹਾਰ ਜਾਂ ਨੋਟਾਂ ਦੇ ਬਦਲੇ ਉਸ ਨੂੰ ਵੇਚ ਦਿੰਦੇ ਹਾਂ।ਆਪਣੇ ਵੋਟ ਨੂੰ ਇੰਨਾਂ ਸਸਤਾ ਨਾ ਸਮਝੋ ਕਿਉਂਕਿ ਇੱਕ ਵੋਟ ਕਿਸੇ ਰਾਜਨੀਤਿਕ ਪਾਰਟੀ ਨੂੰ ਜਿਤਾਉਣ ਜਾਂ ਹਰਾਉਣ ਵਿੱਚ ਅਹਿਮ ਯੋਗਦਾਨਪਾਸਕਦਾ ਹੈ।

3. ਕੁੱਝ ਲੋਕ ਸ਼ਰਾਬ ਜਾਂ ਹੋਰਨਾਂ ਨਸ਼ਿਆਂ ਦੇ ਬਦਲੇ ਆਪਣੀ ਵੋਟ ਵੇਚ ਦਿੰਦੇ ਹਨ।ਅਜਿਹੇ ਲੋਕਆਪਣੇ ਨਾਲ- ਨਾਲ ਆਉਣ ਵਾਲੀਆਂ ਨਸਲਾਂ ਦਾ ਭਵਿੱਖ ਵੀ ਅੰਧਕਾਰ ਵਿੱਚ ਡੁਬੋ ਦਿੰਦੇ ਹਨ।

4. ਅਕਸਰ ਔਰਤਾਂ ਆਪਣੇ ਵੋਟ ਪਾਉਣ ਦੇ ਅਧਿਕਾਰ ਦੀਵਰਤੋਂ ਸਵਤੰਤਰਤਾ ਪੂਰਵਕ ਨਹੀਂ ਕਰ ਪਾਉਂਦੀਆਂ।ਉਹ ਆਪਣੇ ਘਰ ਦੇ ਮੁਖੀਆਂ ਜਾਂ ਪਤੀ ਦੇ ਕਹੇ ਤੇ ਹਨ।ਜਦੋਂ ਕਿ ਔਰਤਾਂ ਨੂੰ ਵੀਵੋਟ ਦੇ ਅਧਿਕਾਰ ਦੀ ਵਰਤੋਂ ਕਰ ਆਪਣੀ ਪਸੰਦ ਦੇ ਉਮੀਦਵਾਰ ਤੇ ਰਾਜਨੀਤਿਕ ਪਾਰਟੀ ਨੂੰ ਚੁਣਨ ਦਾ ਅਧਿਕਾਰ ਹੈ।

5. ਕੁੱਝ ਅਜਿਹੇ ਵਿਅਕਤੀ ਵੀ ਹਨ ਜੋ ਕਿ ਰਾਜਨੀਤਿਕ ਪਾਰਟੀਅਤੇ ਵਿਅਕਤੀ ਵਿਸ਼ੇਸ਼ ਦੇ ਡਰ ਅਧੀਨ ਰਹਿ ਕੇ ਵੋਟ ਪਾਉਂਦੇ ਹਨ ਜਦੋਂ ਕਿ ਸਾਡਾ ਮਤਦਾਨ ਬਿਲਕੁਲ ਗੁਪਤ ਰਹਿੰਦਾ ਹੈ ਇਸ ਲਈ ਸਾਨੂੰ ਬਿਨਾਂ ਕਿਸੇ ਡਰ ਦੇ ਮਤਦਾਨ ਕਰਨਾ ਚਾਹੀਦਾ ਹੈ।

6. ਕਿਸੇ ਵੀ ਵੋਟਰ ਨੂੰ ਮਤ ਦਾਨ ਕਰਨ ਤੋਂ ਪਹਿਲਾ ਸਾਰੀਆਂ ਪਾਰਟੀਆਂ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਦੇ ਨਾਲ ਨਾਲ ਸਾਰੀਆਂ ਪਾਰਟੀਆਂ ਦੇ ਚੋਣ ਮਨੋਰਥ ਪੱਤਰ ਤੋਂ ਵੀ ਜਾਣੂ ਹੋਣਾ ਜਰੂਰੀ ਹੈ।

7. ਵੋਟ ਪਾਉਣ ਤੋਂ ਪਹਿਲਾ ਅਸੀਂ ਜਿੱਥੇ ਰਾਜਨੀਤਿਕ ਪਾਰਟੀ ਦਾ ਧਿਆਨ ਰੱਖਦੇ ਹਾਂ ਉੱਥੇ ਹੀ ਸਾਨੂੰ ਇਹ ਵੀਧਿਆਨ ਰੱਖਣਾ ਚਾਹੀਦਾ ਕਿ ਜਿਸ ਉਮੀਦਵਾਰ ਨੂੰ ਅਸੀਂ ਚੁਣਰਹੇ ਹਾਂ ਕੀ ਉਸ ਵਿੱਚ ਇੱਕ ਯੋਗ ਨੇਤਾਵਾਲੇ ਗੁਣ ਹਨ ਜਾਂ ਨਹੀਂ ?

8. ਕੁੱਝ ਵਿਅਕਤੀ ਅਜਿਹੇ ਵੀਹਨ ਜੋ ਕਿਸੇ ਵੀ ਰਾਜਨੀਤਿਕ ਪਾਰਟੀ ਜਾਂ ਆਪਣੇ ਹਲਕੇ ਨਾਲ ਸਬੰਧਿਤ ਕਿਸੇ ਵੀ ਉਮੀਦਵਾਰ ਨੂੰ ਪਸੰਦ ਨਹੀਂ ਕਰਦੇ,ਅਜਿਹੇ ਵਿਅਕਤੀ ਨੋਟਾ ਬਟਨ ਦੀ ਵਰਤੋ ਕਰ ਆਪਣੀ ਨਾਪਸੰਦ ਜ਼ਾਹਿਰ ਕਰ ਸਕਦੇ ਹਨ।

9. ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਕਰਨ ਤੋਂ ਪਹਿਲਾ ਸਾਨੂੰ ਨਿੱਜੀ ਹਿੱਤਾਂ ਦਾ ਤਿਆਗ ਕਰ ਸਮਾਜਿਕ ਹਿੱਤਾਂ ਨੂੰ ਪਹਿਲ ਦੇਣੀ ਚਾਹੀਦੀ ਹੈ।

10.ਚੋਣਾਂ ਦੌਰਾਨ ਚੋਣਡਿਊਟੀ ਨਿਭਾ ਰਹੇ ਕਰਮਚਾਰੀਆਂ ਨੂੰ ਵੀ ਕਿਸੇ ਖਾਸ ਪਾਰਟੀ ਦੀ ਹਮਾਇਤ ਨਾ ਕਰਦੇ ਹੋਏ ਵੋਟਰਾਂ ਦੀ ਮੱਤਦਾਨ ਕਰਨ ਵਿੱਚ ਹਰ ਸੰਭਵ ਸਹਾਇਤਾ ਕਰਨੀ ਚਾਹੀਦੀ ਹੈ।

ਆਓ ਅਸੀਂ ਸਾਰੇ ਮਿਤੀ 4 ਫਰਵਰੀ ਨੂੰ ਪੰਜਾਬ ਵਿਧਾਨ ਸਭਾ ਦੀ ਹੋਣ ਵਾਲੀ ਚੋਣ ਲਈ ਮਤਦਾਨ ਕਰਨ ਚੱਲੀਏ ਅਤੇ ਅਜਿਹੀ ਸਰਕਾਰ ਚੁਣੀਏ ਜੋ ਸਾਡੇ ਪੰਜਾਬ ਨੂੰ ਤਰੱਕੀ ਦੀ ਰਾਹ ਤੇ ਲਿਜਾ ਸਕੇ ।

# ਇਹ ਹੈ ਮੇਰਾ ਪੰਜਾਬ?

**ਗੁਰਦੇਵ ਸਿੰਘ ਸੰਧੇਵਾਲੀਆ**

ਇਹ ਗੱਲ ਪੰਜਾਬ ਦੀ ਯਾਨੀ ਖੇਮਕਰਨ ਦੀ ਹੈ। ਉਥੇ ਕੁਝ ਲੋਕ ਭੱਠਿਆਂ ਉਪਰ ਅਪਣੀਆਂ ਖੋਤੀਆਂ ਦੀ 'ਸਰਵਿਸ' ਦਿੰਦੇ ਸਨ। ਰਾਤ ਨੂੰ ਉਹੀ ਖੋਤੀਆਂ 'ਪਾਰਕ' ਕਰਨ ਲਈ ਉਨੀ ਇੱਕ ਹਾਤਾ ਜਿਹਾ ਬਣਾਇਆ ਹੋਇਆ ਸੀ, ਜਿਥੇ ਸਾਰੀਆਂ ਖੋਤੀਆਂ ਇੱਕੋ ਥਾਂ ਇਕੱਠੀਆਂ ਕਰ ਦਿੱਤੀਆਂ ਜਾਦੀਆਂ। ਇਲਾਕੇ ਦੇ ਨਸ਼ੇੜੀ ਮੁੰਡੇ ਏਕਾਂਤ ਜਗ੍ਹਾ ਲੱਭਦੇ ਲੱਭਦੇ ਖੋਤੀਆਂ ਦੇ ਹਾਤੇ ਵਿਚ ਜਾ ਵੜੇ। ਉਥੇ ਉਨ੍ਹਾਂ ਨੂੰ ਥਾਂ 'ਸੇਫ' ਜਾਪੀ, ਉਹ ਰੋਜ਼ਾਨਾ ਰਾਤ ਨੂੰ ਮਹਿਫਲ ਲਾਉਂਣ ਤੇ ਧੂੰਆਂ ਛੱਡਣ ਲੱਗੇ। ਉਨ੍ਹਾਂ ਦੇ ਧੂੰਏ ਦਾ ਅਸਰ ਖੋਤੀਆਂ ਉਪਰ ਵੀ ਹੋਣ ਲੱਗ ਗਿਆ।

ਖੋਤੀਆਂ ਤਾਂ ਬਾਗੋ ਬਾਗ ਹੋ ਗਈਆਂ। ਦਿਨ ਦੀਆਂ ਥੱਕੀਆਂ ਖੋਤੀਆਂ ਰੋਜ ਅਪਣੇ 'ਬੇਲੀਆਂ' ਨੂੰ ਉਡੀਕਣ ਲੱਗੀਆਂ। ਰਾਤ ਦੀ ਚਾਰਜ ਹੋਈ ਬੈਟਰੀ ਨਾਲ ਖੋਤੀਆਂ ਤਾਂ ਦਿਨੇ ਭਾਰ ਚੁੱਕੀ ਇੰਝ ਦੌੜੀਆਂ ਫਿਰਨ, ਜਿਵੇਂ ਵਿਆਹ 'ਚ ਨੈਣ ਫਿਰਦੀ। ਖੋਤੀਆਂ ਇੰਝ ਮੇਲਦੀਆਂ ਦੇਖ ਉਨ੍ਹਾਂ ਦੇ ਮਾਲਕ ਬੜੇ ਖੁਸ਼ ਕਿ ਡਾਂਗ ਨਾਲ ਵੀ ਨਾ ਤੁਰਨ ਵਾਲੀਆਂ ਹੁਣ ਤਾਂ 'ਡੱਬਲ ਸ਼ਿਫਟਾਂ' ਲਾਉਂਣ ਨੂੰ ਵੀ ਤਿਆਰ ਨੇ! ਪਰ ਖੋਤੀਆਂ ਦੇ ਮੋਦੀ ਵਾਲੇ 'ਅੱਛੇ ਦਿਨ' ਬਹੁਤਾ ਚਿਰ ਨਾ ਰਹੇ। ਪੰਜਾਬ ਵਿਚ ਜਦ ਨਸ਼ਿਆਂ ਦਾ ਬਾਹਲਾ ਰੌਲਾ ਪੈ ਗਿਆ, ਤਾਂ ਪੁਲਿਸ ਵਲੋਂ ਫੜੋ-ਫੜਾਈ ਦੇ ਗੇੜ ਵਿਚ ਹਾਤੇ ਵਾਲੀ ਮਹਿਫਲ ਵੀ ਬਿਖਰ ਗਈ। ਖੋਤੀਆਂ ਉਡੀਕਿਆ ਕਰਨ, ਪਰ ਹੁਣ 'ਅੱਛੇ ਦਿਨ' ਲੱਦ ਚੁੱਕੇ ਸਨ! ਉਡੀਕ ਉਡੀਕ ਕੇ ਆਖਰ ਖੋਤੀਆਂ ਵਿਚਾਰੀਆਂ ਸਿਰ ਸੁੱਟ ਬੈਠੀਆਂ। ਦੌੜੀਆਂ ਫਿਰਦੀਆਂ ਖੋਤੀਆਂ ਤਾਂ ਹੁਣ ਡਾਂਗ ਨਾਲ ਵੀ ਤੁਰਨੋ ਗਈਆਂ। ਮਾਲਕਾਂ ਨੂੰ ਫਿਕਰ ਹੋਇਆ ਕਿ ਇਹ ਤਾਂ ਨਸਲ ਹੀ ਬਦਲ ਗਈ?

ਇੱਕ ਦਿਨ ਮਾਲਕ ਇੱਕ ਖੋਤੀ ਨੂੰ ਡਾਂਗ ਵਾਹੀ ਜਾਵੇ, ਪਰ ਉਹ ਸਿਰ ਨਾ ਚੁੱਕੇ। ਮਹਿਫਲ ਵਾਲਾ ਇੱਕ ਬੇਲੀ ਉਧਰ ਦੀ ਲੰਘਿਆ, ਤਾਂ ਕਹਿਣ ਲੱਗਾ ਭਾਈਆ ਕਾਹਤੋਂ ਕੁੱਟੀ ਜਾਨਾ ਇਸ ਵਿਚ ਤਾਂ 'ਬੈਂਟਰੀ' ਹੀ ਨਹੀਂ! ਮਾਲਕ ਬੜਾ ਹੈਰਾਨ ਕਿ ਖੋਤੀ ਕੱਦ ਬੈਟਰੀ 'ਤੇ ਚੱਲਣ ਲੱਗੀ। ਉਹ ਕਹਿੰਦਾ ਲਿਆ ਦੇਹ ਸੌ ਦਾ ਨੋਟ ਜੇ ਬੈਟਰੀ ਪਾਉਂਣੀ। ਉਹ ਕਹਿੰਦਾ ਸੌ ਤਾਂ ਨਹੀਂ, ਪੰਜਾਹ ਹੈ ਨੇ! ਉਸ ਪੰਜਾਹ ਮਾਲਕ ਕੋਲੋਂ ਲਏ ਤੇ ਪੰਜਾਹ ਕੋਲੋਂ ਪਾ ਕੇ ਜਦ ਖੋਤੀ ਨੇੜੇ ਧੂੰਆਂ ਛੱਡਿਆ, ਤਾਂ ਉਹ ਤਾ ਮਾਰ ਦੁਲੱਤੇ ਉੱਠੀ? ਉਸ ਦੀ ਚਾਰਜ ਹੋਈ ਬੈਟਰੀ ਮਾਲਕ ਨੂੰ ਹੈਰਾਨ ਤਾਂ ਕਰ ਗਈ, ਪਰ ਇਨੀ ਮਹਿੰਗੀ 'ਬੈਟਰੀ' ਰੋਜ ਕਿਹੜਾ ਖੋਤੀ ਵਿਚ ਪਾਵੇ?

ਪੰਜਾਬ ਨੇ ਪਾਗਲ ਨਿਹੰਗਾਂ ਦੇ ਭੰਗ ਪਿਆ ਕੇ ਘੋੜੇ ਨਸ਼ਈ ਕਰਨ ਵਾਂਗ ਖੋਤੀਆਂ ਵੀ ਨਸ਼ਿਆਂ 'ਤੇ ਲਾ ਛੱਡੀਆਂ। ਇਹ ਕਹਾਣੀ ਨਹੀਂ ਹਕੀਕਤ ਹੈ ਤੇ ਕਿਤੇ ਇਸੇ ਕਰਕੇ ਹੀ ਲੰਡਰ ਗਾਇਕ ਤਾਂ ਨਹੀਂ ਗਾਉਂਦੇ ਫਿਰਦੇ ਕਿ ਕਿਆ ਰੀਸਾਂ ਪੰਜਾਬ ਦੀਆਂ? ਦੂਜੀ ਕਹਾਣੀ ਬੁੰਡਾਲੇ ਦੀ ਹੈ। ਉਥੇ ਦਾ ਇੱਕ ਗੱਭਰੂ ਨਸ਼ੇ 'ਤੇ ਲੱਗ ਗਿਆ। ਨਸ਼ਾ ਰੋਜ ਕਿਥੋਂ ਆਵੇ। ਉਸ ਨੂੰ ਸਕੀਮ ਸੁੱਝੀ। ਕਮਾਦ ਵਿਚ ਇੱਕ 'ਫੋਰਟ' ਨਾਂ ਦੀ ਦਵਾਈ ਪਾਉਂਦੇ ਕੀੜੇ ਤੇ ਚੂਹੇ ਮਾਰਨ ਲਈ। ਬੜੀ ਤੇਜ, ਨਿਰੀ ਅੱਗ! ਚਾਹ ਦੀ ਪੱਤੀ ਦੇ ਦਾਨਿਆਂ ਵਰਗੀ। ਉਸ ਕੀ ਕੀਤਾ ਕਿ ਦੋ ਗਟਾਰਾਂ ਫੜੀਆਂ, ਹਰੇ ਜਿਹੇ ਅੰਡੇ ਦੇਣ ਵਾਲੀਆਂ। ਉਨ੍ਹਾਂ ਨੂੰ ਫੜਕੇ ਤਜਰਬੇ ਵਜੋਂ ਉਸ ਇੱਕ ਇੱਕ ਦਾਣਾ ਦੋਵਾਂ ਨੂੰ ਚਾਰਿਆ ਤੇ ਕਮਰੇ ਅੰਦਰ ਛੱਡ ਦਿੱਤੀਆਂ। ਉਹ ਤਾਂ ਸ਼ਰਤਾਂ ਲਾਏ ਕਬੂਤਰਾਂ ਵਾਂਗ ਜਿਉਂ ਲੱਗੀਆਂ ਉੱਡਣ ਯਾਨੀ ਕੰਧਾਂ ਵਿਚ ਵੱਜਣ। ਮੁੰਡੇ ਦਾ ਸਿਰ ਕੰਮ ਕਰ ਗਿਆ।

ਉਸ ਫਿਰ ਦਿੱਲ ਜਿਹਾ ਕੱਢ ਕੇ ਇੱਕ ਦਾਣਾ ਖੁਦ ਜੁਬਾਨ ਹੇਠ ਰੱਖਿਆ ਤਾਂ ਬੈਟਰੀ ਜਿਹੀ ਚਾਰਜ ਹੁੰਦੀ ਜਾਪੀ। ਉਸ ਦੂਜੀ ਵਾਰੀ ਹੌਸਲਾ ਕੀਤਾ ਤੇ ਇੱਕ ਦਾਣਾ ਹੋਰ ਰੱਖ ਲਿਆ ਕਿ ਉਸ ਦਾ ਤਾਂ ਬਣ ਉਡਣਾ ਕਬੂਤਰ ਗਿਆ। ਸਸਤਾ ਤੇ ਹੈਰਾਨ ਕਰ ਦੇਣ ਵਾਲੇ ਨਸ਼ੇ ਦੀ ਉਸ ਕਾਢ ਕੀ ਕੱਢੀ ਕਿ ਉਸ ਅੰਦਰ ਇੱਕ ਭਿਆਨਕ ਬਿਮਾਰੀ ਨੇ ਜਨਮ ਲਿਆ। ਉਹ ਖਾਲੀ ਕੈਪਸੂਲਾਂ ਵਿਚ ਜ਼ਹਿਰ ਭਰਕੇ ਵੇਚਣ ਲੱਗ ਪਿਆ। 10 ਰੁਪਈਏ ਨੂੰ ਕੈਪਸੂਲ। ਇੱਕ ਕਿੱਲੋ ਦਵਾਈ ਆਉਂਦੀ ਸੀ 80 ਰੁਪਏ। ਕਿੱਲੋ ਜ਼ਹਿਰ ਇੱਕ ਲੱਖ ਕੈਪਸੂਲ ਵਿਚ ਪੈ ਜਾਂਦੀ ਸੀ, ਜਿਹੜਾ ਉਹ 10 ਰੁਪਏ ਨੂੰ ਵੇਚਦਾ ਸੀ। ਯਾਨੀ ਬਾਬਿਆਂ ਦੇ ਲੱਖਾਂ ਦੇ ਸੇਬ ਵੇਚਣ ਵਾਂਗ 80 ਰੁਪਏ ਦੀ ਦਵਾਈ ਕ੍ਰੋੜਾਂ ਵਿੱਚ ਗਈ। ਮਸ਼ਹੂਰ ਹੋਏ ਪੁੱਛਾਂ ਦੇਣ ਵਾਲੇ ਵਾਂਗ ਨਸ਼ੇੜੀ ਦੂਰੋਂ ਦੂਰੋਂ ਚਲ ਕੇ ਉਸ ਕੋਲੇ ਆਉਂਣ ਲੱਗੇ ਕਿ ਬੁੰਡਾਲੇ ਵਾਲਾ ਭਾਊ ਦਿੰਦਾ 'ਖਰਾ ਨਸ਼ਾ'? 100-100 ਕੈਪਸੂਲ ਇਕੱਠਾ ਲੈ ਜਾਂਦੇ। 9 ਸਾਲ ਜਿਹਲ ਹੋਈ ਉਸ ਨੂੰ? ਜਾਪਦਾ ਨਹੀਂ ਕਿ ਜਿਹਲ ਇਸ ਕਰਕੇ ਹੋਈ ਹੋਵੇਗੀ ਕਿ ਉਹ ਜ਼ਹਿਰ ਦੇ ਰਿਹਾ ਸੀ ਲੋਕਾਂ ਨੂੰ ਬਲਕਿ ਬਾਦਲਾਂ ਦੇ ਬਲੈਕੀਆਂ ਦੀਆਂ ਦੁਕਾਨਾ ਮੰਦੀਆਂ ਕਰ ਛੱਡੀਆਂ ਉਸ ਬੁੰਡਾਲੇ ਵਿਚ।



ਪਿੰਡੋਂ ਮੇਰਾ ਚਾਚਾ, ਉਸ ਦਾ ਮੁੰਡਾ ਵਗ ਤੁਰਿਆ ਨਸ਼ਿਆਂ ਵਲ। ਉਸ ਨੂੰ ਜਦ ਪਤਾ ਲੱਗਾ ਤਾਂ ਉਸ ਪਾ ਲੰਮਾ ਲਿਆ ਤੇ ਦਰਵਾਜੇ ਕਰ ਲਏ ਬੰਦ। ਕਹੀ ਦਾ ਦਸਤਾ ਫੜ ਲਿਆ ਤੇ ਜਿਉਂ ਲੱਗਾ ਗਿੱਟੇ ਭੰਨਣ। ਦਸਤਾ ਟੁਟ ਗਿਆ, ਗਿੱਟੇ ਸੁੱਜ ਗਏ ਤਾਂ ਮਾਂ ਮੁੰਡੇ ਦੀ ਝੋਨੇ 'ਤੇ ਪਾਉਂਣ ਵਾਲੀ ਜ਼ਹਿਰੀਲੀ ਦਵਾਈ ਦੀ ਕੈਨੀ ਚੁੱਕ ਲਿਆਈ। ਕਹਿੰਦੀ ਇਨੇ ਮਰ ਜਾਣ ਦੀ ਧਮਕੀ ਤਾਂ ਦੇਣੀ ਹੀ ਏ, ਕਿਉਂ ਨਾ ਹੁਣੇ ਹੀ ਨਾਲ ਲੱਗਦਾ ਕੰਮ ਕਰ ਦਿੱਤਾ ਜਾਵੇ। ਚਾਚੇ ਨੇ ਜਦ ਕੈਨੀ ਦਾ ਢੱਕਣ ਖੋਹਲ ਕੇ ਮੁੰਡੇ ਦੇ ਮੂੰਹ ਵਲ ਕੀਤਾ ਤਾਂ ਉਹ ਪਾ ਬਹੁੜੀਆਂ ਉੱਠਿਆ ਕਿ ਬਾਪੂ ਜਾਣਦੇ ਮੈਂ ਮਰਨਾ ਨਹੀਂ ਚਾਹੁੰਦਾ। ਬਾਅਦ ਇਲਾਜ ਕਰਵਾਇਆ ਤੇ ਹੁਣ ਉਹ ਤੁਕੇ ਵਰਗਾ। ਸਾਹ-ਸੱਤ ਤਾਂ ਰਿਹਾ ਹੋਵੇ ਪੰਜਾਬ ਵਿੱਚ!

ਪੰਜਾਬ ਦੀ ਕਹਾਵਤ ਸੀ ਕਿ ਜੱਟ ਦਾ ਪੁੱਤ ਤੇ ਰੰਬਾ ਚੰਡਿਆ ਕਾਰ। ਰੰਬਾ ਤੇ ਮੁੰਡਾ ਜੱਟ ਨੇ ਦੋਵੇਂ ਖੁੰਡੇ ਕਰ ਲਏ। ਰੰਬਾ ਛੱਡ ਦਿੱਤਾ ਤੇ ਮੁੰਡਾ ਉਂਝ ਨਿਕਲ ਗਿਆ ਹੱਥੋਂ। ਜੱਟ ਖੁਦ ਨਿਕੰਮਾ ਹੋ ਗਿਆ, ਕਿਰਤੋਂ ਭੱਜ ਤੁਰਿਆ, ਮੁੰਡਾ ਕਿਉਂ ਨਾ ਭੱਜੂ। ਕਿਰਤੋਂ ਦੌੜਾ ਬੰਦਾ ਨਸ਼ਿਆਂ ਵਲ ਹੀ ਤਾਂ ਦੌੜੂ। ਕਿਰਤ ਦੀ ਸੁਣ ਲਓ। ਇੱਕ ਜਾਣੂੰ ਨੇ ਗੱਲ ਸੁਣਾਈ। ਕਹਿੰਦਾ ਪੰਜਾਬ ਤੋਂ ਮੇਰਾ ਇੱਕ ਰਿਸ਼ਤੇਦਾਰ ਆਇਆ ਤਾਂ ਅਸੀਂ ਬਾਹਰ ਯਾਰਡ ਵਿਚ ਸਬਜੀਆਂ ਲਾ ਰਹੇ ਸਾਂ। ਮੈਂ ਕਿਹਾ ਤੁਹਾਨੂੰ ਤਾਂ ਮੌਜ ਹੈ ਬਾਹਰ ਬਹਿਕ 'ਤੇ ਹੋਂ ਤਾਜੀਆਂ ਬੀਜਦੇ ਹੋਵੋਂਗੇ। ਭਾਈ ਤਾਂ ਬੋਲਿਆ ਨਾ ਉਸ ਦੀ ਔਰਤ ਕਹਿੰਦੀ ਨਹੀਂ! ਸ਼ਹਿਰੋਂ ਆਉਂਦਾ ਰਿਹੜੇ ਵਾਲਾ ਪਿੰਡ ਸਬਜੀ ਵੇਚਣ, ਉਹ ਜਾਂਦਾ ਸਾਨੂੰ ਵੀ ਤਾਜੀ ਸਬਜੀ ਵੇਚ ਜਾਂਦਾ? ਸ਼ਹਿਰੋਂ? ਰਿਹੜੇ ਵਾਲਾ ਬਹਿਕ 'ਤੇ? ਤੇ ਤਾਜੀਆਂ ਸਬਜੀਆਂ? ਚਾਚਾ ਦੱਸਦਾ ਸੀ ਕਿ ਸਾਰੀ ਉਮਰ ਕੰਮ ਕੀਤਾ ਵਿਹਲਾ ਕਿਥੇ ਰਹਿ ਹੁੰਦਾ। ਇੱਕ ਦਿਨ ਬੰਦਾ ਨਾ ਮਿਲਿਆ ਤਾਂ ਮੈਂ ਖੁਦ ਹੀ ਲੀੜੇ ਲਾਹ ਕੇ ਖਾਲ ਖਾਲਣ ਲੱਗ ਗਿਆ। ਵੱਡਾ ਮੁੰਡਾ ਮੇਰਾ ਕਲਕੱਤੇ ਪਸ਼ੂਆਂ ਦਾ ਕੋਈ ਕੋਰਸ ਕਰਨ ਗਿਆ ਹੋਇਆ ਸੀ। ਮੈਨੂੰ ਖਾਲ ਖਾਲਦੇ ਨੂੰ ਮੁੰਡੇ ਦੇ ਦੋਸਤ ਨੇ ਲੰਘਦੇ ਨੇ ਵੇਖ ਲਿਆ ਤੇ ਫੋਨ ਰਾਹੀਂ ਫੋਟੋ ਖਿਚਕੇ ਕਲਕਤੇ ਮੁੰਡੇ ਨੂੰ ਭੇਜ ਦਿੱਤੀ ਕਿ ਤੁਹਾਡੇ ਇਨੇ ਮਾੜੇ ਦਿਨ? ਮੁੰਡੇ ਦਾ ਉਸੇ ਵੇਲੇ ਫੋਨ ਆ ਗਿਆ ਕਿ ਬਾਪੂ ਯਾਰ ਕਿਉਂ ਬੇਇਜਤੀ ਕਰਾਉਂਣ ਲੱਗਿਆਂ ਪਿੰਡ ਵਿਚ ਸਾਡੀ! ਪੰਜਾਬ ਵਿਚ ਜਿੰਮੀਦਾਰ ਦਾ ਕੰਮ ਕਰਨਾ ਮਾੜੇ ਦਿਨ ਤੇ ਬੇਇੱਜਤੀ ਹੋ ਨਿਬੜੀ? ਮੇਰੇ ਇੱਕ ਮਿਤਰ ਨੇ ਗੱਲ ਸੁਣਾਈ। ਉਹ ਕਹਿੰਦਾ ਮੈਂ ਪਿੰਡ ਜਾ ਕੇ ਸ਼ੌਂਕ ਨਾਲ ਹੀ ਸਾਈਕਲ ਖਰੀਦਿਆ ਕਿ ਚਲੋ ਲੱਤਾਂ ਖੁਲ੍ਹ ਜਾਦੀਆਂ ਨਾਲੇ ਪਿੰਡ ਦੇ ਹੋਰ ਨੇੜੇ ਹੋ ਲਈਦਾ। ਪਰ ਉਸ ਨੂੰ ਪਤਾ ਨਹੀਂ ਸੀ ਕਿ ਪਿੰਡ ਤਾਂ ਬਹੁਤ ਦੂਰ ਜਾ ਚੁੱਕਾ ਹੋਇਆ। ਉਹ ਜਿਧਰ ਦੀ ਲੰਘੇ ਲੋਕੀਂ ਘੇਰ ਖੜਨ। ਬਾਕੀ ਸਭ ਗੱਲਾਂ ਮਨਫੀ। ਇੱਕੋ ਗੱਲ। ਬਾਈ ਯਾਰ ਸਾਈਕਲ 'ਤੇ? ਹੱਦ ਹੋ ਗਈ? ਬਾਹਰੋਂ ਆਇਆਂ? ਇਨੇ ਮਾੜੇ ਦਿਨ? ਸਾਡੇ ਗੱਡੀ ਖੜੀ ਦੱਸ ਜੇ ਲੋੜ ਤਾਂ? ਉਹ ਕਹਿੰਦਾ ਮੇਰੇ ਚਾਚੇ ਦਾ ਮੁੰਡਾ ਮੇਰੇ ਸਾਹਵੇਂ ਅਪਣੇ ਪਿਉ ਨੂੰ ਇੱਕ ਦਿਨ ਕਹਿੰਦਾ ਕਿ ਬੰਦਾ ਨਹੀਂ ਆਇਆ ਕੰਮ ਵਾਲਾ ਤੇ ਰਿਹੜਾ ਗੋਹੇ ਦਾ? ਪਿਉ ਕਹਿੰਦਾ ਭਰ ਕੇ ਸੁੱਟ ਆ। ਉਹ ਪਤਾ ਕੀ ਕਹਿੰਦਾ? ਭਰ ਦਿੰਨਾ, ਪਰ ਬਾਹਰ ਗੋਹੇ ਵਾਲਾ ਰਿਹੜਾ ਲੈਕੇ ਨਿਕਲਨਾ ਨਹੀਂ ਮੈਂ? ਯਾਨੀ ਸੁੱਟ ਤੂੰ ਆ? ਇਹ ਪੰਜਾਬ ਦੀ ਕੋਝੀ ਤਸਵੀਰ ਦੇਖ ਕੇ ਜਾਪਦਾ ਨਹੀਂ ਕਿ ਗੁਰਾਂ ਦੇ ਨਾਂ 'ਤੇ ਹੁਣ ਪੰਜਾਬ ਨਹੀਂ ਬਲਕਿ ਕੈਨੇਡਾ ਵੱਸਦਾ ਹੈ, ਜਿੱਥੇ ਹਰ ਬੰਦਾ ਸਵੇਰੇ ਉੱਠਦਾ ਹੀ ਅਪਣੀ ਕਿਰਤ ਨੂੰ ਦੌੜ ਪੈਂਦਾ ਹੈ ਤੇ ਕਿਸੇ ਨੂੰ ਕੋਈ ਕੰਮ ਕਰਨ ਵਿੱਚ ਨਾ ਕੋਈ ਝਿਜਕ ਤੇ ਨਾ ਸ਼ਰਮ! ਇਹ ਵੱਖਰੀ ਗੱਲ ਹੈ ਕਿ ਕਈ ਲੋਕ ਹੁਣ ਕੈਨੇਡਾ ਨੂੰ ਵੀ ਪੰਜਾਬ ਬਣਾਉਣ ਤੁਰੇ ਹੋਏ ਹਨ! ਨਹੀਂ?

---



# 'ਜੰਗ' ਦੇ ਦੌਰ ਵਿੱਚੋਂ ਗੁਜ਼ਰ ਰਿਹਾ ਪੰਜਾਬ

*ਉੱਚੀਆਂ ਇਮਾਰਤਾਂ ਬਣਾਉਣ ਦੀ ਥਾਂ ਇੱਕ ਦੋ ਮੰਜ਼ਿਲੇ ਘਰਾਂ ਵਾਲੇ ਸ਼ਹਿਰ ਵਸਾਉਣ ਨੂੰ ਤਰਜੀਹ ਦੇ ਕੇ ਉਪਜਾਊ ਜ਼ਮੀਨ ਘੱਟ ਕਰ ਦਿੱਤੀ ਹੈ। ਸਿਆਸਤਦਾਨ ਤੇ ਵੱਡੇ ਸਰਕਾਰੀ ਅਫ਼ਸਰ ਰਲਕੇ ਕਿਸੇ ਇੱਕ ਜਗ੍ਹਾ 'ਤੇ ਸਸਤੀ ਜ਼ਮੀਨ ਖਰੀਦ ਲੈਂਦੇ ਹਨ ਤੇ ਫੇਰ ਉਹੀ ਜ਼ਮੀਨ ਮਹਿੰਗੇ ਭਾਅ 'ਤੇ ਰਾਜ ਵਿਕਾਸ ਅਥਾਰਟੀ ਨੂੰ ਦੇ ਦਿੰਦੇ ਹਨ ਕਿ ਉੱਥੇ ਨਵੇਂ ਸ਼ਹਿਰ ਵਸਾਏ ਜਾਣਗੇ।*

**ਜਸਬੀਰ ਸਿੰਘ ਧਾਲੀਵਾਲ**
**×ਲੇਖਕ ਸੇਵਾਮੁਕਤ ਲੈਫਟੀਨੈਂਟ ਜਨਰਲ ਹੈ**

ਪੰਜਾਬ ਦੇ ਲੰਬੇ ਇਤਿਹਾਸ ਨੇ ਬਹੁਤ ਸਾਰੇ ਉਤਾਰ ਚੜ੍ਹਾਅ ਦੇਖੇ ਹਨ। ਸਦੀਆਂ ਤੋਂ ਹਮਲਾਵਰਾਂ ਨੇ ਵਾਰ-ਵਾਰ ਇਸ ਨੂੰ ਲੁੱਟਿਆ ਤੇ ਇੱਥੋਂ ਦੀਆਂ ਇਸਤਰੀਆਂ ਨਾਲ ਬਦਸਲੂਕੀ ਕੀਤੀ, ਪਰ ਜਿਹੜੀ ਜੰਗ ਹੁਣ ਪੰਜਾਬ ਨੂੰ ਲੜਨੀ ਪੈ ਰਹੀ ਹੈ, ਉਹ ਪਿਛਲੀਆਂ ਸਾਰੀਆਂ ਨਾਲੋਂ ਭਿਆਨਕ ਹੈ। ਪਿਛਲੇ ਇੱਕ ਦਹਾਕੇ ਦੌਰਾਨ ਸਰਹੱਦ ਪਾਰੋਂ ਜਿਸ ਪੈਮਾਨੇ 'ਤੇ ਨਸ਼ਿਆਂ ਦੀ ਤਸਕਰੀ ਹੋ ਰਹੀ ਹੈ, ਉਹ ਬੀਐੱਸਐੱਫ ਤੇ ਸਥਾਨਕ ਪੁਲੀਸ ਦੀ ਮਦਦ ਤੋਂ ਬਗ਼ੈਰ ਨਹੀਂ ਹੋ ਸਕਦੀ। ਉੱਪਰੋਂ ਸਥਾਨਕ ਪੱਧਰ 'ਤੇ ਨਸ਼ੀਲੀਆਂ ਦਵਾਈਆਂ ਖੁੱਲ੍ਹੇਆਮ ਮਿਲ ਰਹੀ ਰਹੀਆਂ ਹਨ। ਇੱਕ ਰਿਪੋਰਟ ਅਨੁਸਾਰ ਪੰਜਾਬ ਦੇ 73 ਫ਼ੀਸਦੀ ਨੌਜਵਾਨ ਕਿਸੇ ਨਾ ਕਿਸੇ ਕਿਸਮ ਦੀ ਨਸ਼ਾਖੋਰੀ ਦੇ ਸ਼ਿਕਾਰ ਹਨ। ਅਸਲੀਅਤ ਇਹ ਵੀ ਹੈ ਕਿ ਬੇਰੁਜ਼ਗਾਰੀ ਨੇ ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕਿਆ ਹੈ। ਜਿੱਥੇ ਨੌਜਵਾਨੀ ਨਸ਼ਿਆਂ ਕਾਰਨ ਰੁਲ ਰਹੀ ਹੈ, ਉੱਥੇ ਵੱਡੇ ਵੀ ਸੁਰੱਖਿਅਤ ਨਹੀਂ। ਵੱਡੀ ਉਮਰ ਵਾਲੇ ਮਗਨਰੇਗਾ ਦੇ ਪੈਸਿਆਂ ਨਾਲ ਭੁੱਕੀ ਲੈ ਰਹੇ ਹਨ। ਇਸ ਤਰ੍ਹਾਂ ਰਾਜ ਦੀ ਆਬਾਦੀ ਦੋਵਾਂ ਪਾਸਿਆਂ ਤੋਂ ਮਾਰ ਖਾ ਰਹੀ ਹੈ। ਇਸ ਬਲਦੀ 'ਤੇ ਤੇਲ ਪਾਉਣ ਲਈ ਸਰਕਾਰ ਨੇ ਖਾਲੀ ਖਜ਼ਾਨੇ ਨੂੰ ਭਰਨ ਲਈ ਥਾਂ-ਥਾਂ ਠੇਕੇ ਖੋਲ੍ਹ ਦਿੱਤੇ ਹਨ। ਨਸ਼ਾਖੋਰੀ ਬੇਤਹਾਸ਼ਾ ਫੈਲ ਰਹੀ ਹੈ ਤੇ ਇਸ ਹੱਦ ਤਕ ਇਸਦਾ ਵਧਣਾ ਪੁਲੀਸ ਤੇ ਸਿਆਸਤਦਾਨਾਂ ਦੇ ਸਹਿਯੋਗ ਤੋਂ ਬਗ਼ੈਰ ਸੰਭਵ ਨਹੀਂ ਹੈ।

ਸਿੱਖਿਆ ਤੇ ਸਿਹਤ ਵਿਭਾਗ ਵੀ ਗਰਕਦੇ ਜਾ ਰਹੇ ਹਨ। ਪੰਜਵੀਂ ਕਲਸ ਦੇ ਬੱਚੇ ਦੂਜੀ ਕਲਾਸ ਦੀਆਂ ਕਿਤਾਬਾਂ ਨਹੀਂ ਪੜ੍ਹ ਸਕਦੇ। ਕੁਝ ਇਹੋ ਜਿਹੇ ਸਕੂਲ ਵੀ ਹਨ ਜਿਨ੍ਹਾਂ ਦੇ ਸੌ ਫ਼ੀਸਦੀ ਬੱਚੇ ਫੇਲ੍ਹ ਹੁੰਦੇ ਹਨ। ਸਕੂਲਾਂ ਦਾ ਫਰਨੀਚਰ ਤੇ ਬਾਕੀ ਸਾਰਾ ਸਾਮਾਨ ਤਰਸਯੋਗ ਹਾਲਤ ਵਿੱਚ ਹੈ, ਸਟਾਫ਼ ਇਹੋ ਜਿਹੇ ਅਧਿਆਪਕਾਂ ਨਾਲ ਭਰਿਆ ਪਿਆ ਹੈ ਜਿਹੜੇ ਆਪਣੀ ਲਿਆਕਤ ਨਾਲ ਨਹੀਂ ਬਲਕਿ ਹੋਰ ਕਾਰਨਾਂ ਕਰਕੇ ਨਿਯੁਕਤ ਹੋਏ ਹਨ। ਅਧਿਆਪਕਾਂ ਦੀਆਂ ਬਹੁਤ ਅਸਾਮੀਆਂ ਖਾਲੀ ਪਈਆਂ ਹਨ। ਸਰਕਾਰ ਵੱਲੋਂ ਇਨ੍ਹਾਂ ਅਸਾਮੀਆਂ ਨੂੰ ਭਰਨ ਅਤੇ ਸਕੂਲਾਂ ਵਿੱਚ ਸੁਵਿਧਾਵਾਂ ਮੁਹੱਈਆ ਕਰਾਉਣ ਦੀ ਥਾਂ ਕਰੋੜਾਂ ਰੁਪਏ ਯਾਦਗਾਰਾਂ ਬਣਾਉਣ 'ਤੇ ਲਾਏ ਗਏ।

ਸਨਅਤਾਂ ਵਿੱਚ ਘਾਟੇ ਕਾਰਨ ਨੌਜਵਾਨਾਂ ਲਈ ਰੁਜ਼ਗਾਰ ਦੀ ਘਾਟ ਹੈ। ਅੱਜ ਜਦੋਂ ਸੂਚਨਾ ਤਕਨਾਲੋਜੀ ਦੇ ਵਾਧੇ ਕਾਰਨ ਰੁਜ਼ਗਾਰ ਦੇ ਸਾਧਨ ਵਧ ਰਹੇ ਹਨ, ਉੱਥੇ ਪੰਜਾਬ ਵਿੱਚ ਇਸ ਤੋਂ ਉਲਟ ਹੋ ਰਿਹਾ ਹੈ। ਕਾਰਨ ਹੈ ਇੱਥੋਂ ਦੀ ਪੜ੍ਹਾਈ ਦਾ ਡਿੱਗਿਆ ਹੋਇਆ ਮਿਆਰ। ਸਰਕਾਰੀ ਹਸਪਤਾਲਾਂ ਦੀ ਹਾਲਤ ਤਰਸਯੋਗ ਹੈ। ਸਹੂਲਤਾਂ ਤੋਂ ਵਾਂਝੇ ਤੇ ਡਾਕਟਰਾਂ ਦੀ ਘਾਟ ਵਾਲੇ ਸਰਕਾਰੀ ਹਸਪਤਾਲਾਂ ਨੂੰ ਛੱਡ ਕੇ ਲੋਕ ਪ੍ਰਾਈਵੇਟ ਹਸਪਤਾਲਾਂ ਵਿੱਚ ਜਾਣ ਲਈ ਮਜਬੂਰ ਹਨ। ਕਿਸਾਨਾਂ ਨੇ ਮੁਫ਼ਤ ਬਿਜਲੀ ਨਾਲ ਜ਼ਮੀਨ ਦੇ ਪਾਣੀ ਦਾ ਪੱਧਰ ਖਾਰੇ ਦੇ ਨਿਸ਼ਾਨ ਤੋਂ ਥੱਲੇ ਕਰ ਦਿੱਤਾ ਹੈ। ਜਿਸ ਨੇ ਜ਼ਮੀਨ ਦੀ ਉਪਜਾਊ ਸ਼ਕਤੀ 'ਤੇ ਬਹੁਤ ਅਸਰ ਪਾਇਆ ਹੈ। ਦੁਖੀ ਕਿਸਾਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ। ਪ੍ਰਦੂਸ਼ਿਤ ਪਾਣੀ ਪੀਣ ਨਾਲ ਬੱਚਿਆਂ ਦਾ ਦਿਮਾਗ਼ੀ ਵਿਕਾਸ ਸਹੀ ਨਹੀਂ ਹੋ ਰਿਹਾ। ਕੋਇਲੇ ਨਾਲ ਚੱਲਦੇ ਬਿਜਲੀ ਘਰਾਂ ਵਿੱਚੋਂ ਨਿਕਲਦੀ ਜ਼ਹਿਰੀਲੀ ਗੈਸ ਨਾਲ ਸਾਹ ਦੀਆਂ ਬਿਮਾਰੀਆਂ ਵੱਧ ਰਹੀਆਂ ਹਨ। ਕੀੜੇਮਾਰ ਦਵਾਈਆਂ ਦੀ ਬਹੁਤੀ ਵਰਤੋਂ ਨਾਲ ਫਲ ਤੇ ਸਬਜ਼ੀਆਂ ਸਿਹਤ ਲਈ ਹਾਨੀਕਾਰਕ ਹੋ ਗਈਆਂ ਹਨ। ਉੱਚੀਆਂ ਇਮਾਰਤਾਂ ਬਣਾਉਣ ਦੀ ਥਾਂ ਇੱਕ ਦੋ ਮੰਜ਼ਿਲੇ ਘਰਾਂ ਵਾਲੇ ਸ਼ਹਿਰ ਵਸਾਉਣ ਨੂੰ ਤਰਜੀਹ ਦੇ ਕੇ ਉਪਜਾਊ ਜ਼ਮੀਨ ਘੱਟ ਕਰ ਦਿੱਤੀ ਹੈ। ਸਿਆਸਤਦਾਨ ਤੇ ਵੱਡੇ ਸਰਕਾਰੀ ਅਫ਼ਸਰ ਰਲਕੇ ਕਿਸੇ ਇੱਕ ਜਗ੍ਹਾ 'ਤੇ ਸਸਤੀ ਜ਼ਮੀਨ ਖਰੀਦ ਲੈਂਦੇ ਹਨ ਤੇ ਫੇਰ ਉਹੀ ਜ਼ਮੀਨ ਮਹਿੰਗੇ ਭਾਅ 'ਤੇ ਰਾਜ ਵਿਕਾਸ ਅਥਾਰਟੀ ਨੂੰ ਦੇ ਦਿੰਦੇ ਹਨ ਕਿ ਉੱਥੇ ਨਵੇਂ ਸ਼ਹਿਰ ਵਸਾਏ ਜਾਣਗੇ। ਇਨ੍ਹਾਂ ਸ਼ਹਿਰਾਂ ਲਈ ਕੱਢੇ ਜਾਂਦੇ ਲੱਕੀ ਡਰਾਅ ਫਿਰ ਉਨ੍ਹਾਂ ਅਫ਼ਸਰਾਂ ਤੇ ਸਿਆਸਤਦਾਨਾਂ ਜਾਂ ਉਨ੍ਹਾਂ ਦੇ ਘਰ ਕੰਮ ਕਰਨ ਵਾਲਿਆਂ ਦੇ ਨਾਂ ਨਿਕਲਦੇ ਹਨ। ਇਸੇ ਤਰ੍ਹਾਂ ਪਹਿਲਾਂ ਐਰੋਸਿਟੀ ਬਣਿਆ ਤੇ ਹੁਣ ਨਵਾਂ ਚੰਡੀਗੜ੍ਹ ਸਿਰਜਿਆ ਜਾ ਰਿਹਾ ਹੈ।

ਪੰਜਾਬ ਵਿੱਚ ਤਕਰੀਬਨ 1700 ਮੈਰਿਜ ਪੈਲੇਸ ਬਣਾਉਣ ਦੀ ਇਜ਼ਾਜਤ ਦੇ ਕੇ ਕੁੜੀਆਂ ਦੇ ਮਾਂ-ਬਾਪ ਨੂੰ ਬੇਹੱਦ ਖਰਚ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਸ਼ਰਾਬਖੋਰੀ ਨੂੰ ਉਤਸ਼ਾਹਿਤ ਕਰਨ ਲਈ ਇਨ੍ਹਾਂ ਮੈਰਿਜ ਪੈਲੇਸਾਂ ਵਿੱਚ ਵਰਤੀ ਜਾਂਦੀ ਸ਼ਰਾਬ 'ਤੇ ਕੋਈ ਵੈਟ ਨਹੀਂ ਲੱਗਦਾ। ਪਿਓ-ਪੁੱਤਰ ਬਾਦਲਾਂ ਦੀ ਸ਼ਲਾਘਾ ਕਰਦੇ ਹੋਏ ਪੋਸਟਰ ਲੱਖਾਂ ਰੁਪਏ ਖਰਚ ਕਰਕੇ ਅਖ਼ਬਾਰਾਂ ਵਿੱਚ ਛਪਾਏ ਗਏ ਜਦੋਂਕਿ ਇਹੀ ਪੈਸਾ ਸਕੂਲਾਂ ਜਾਂ ਹਸਪਤਾਲਾਂ ਦੀਆਂ ਇਮਾਰਤਾਂ ਉੱਪਰ ਲਾਇਆ ਜਾਣਾ ਚਾਹੀਦਾ ਸੀ।

ਪੰਜਾਬ ਵਿੱਚ ਹਰ ਤਰਫ਼ ਲੁੱਟ ਤੇ ਰਿਸ਼ਵਤਖੋਰੀ ਦਾ ਬੋਲਬਾਲਾ ਹੈ। ਕੁਝ ਇੱਕ ਸਿਆਸੀ ਪਾਰਟੀਆਂ ਦੇ ਖਾਨਦਾਨਾਂ ਨੇ ਚੰਗੀ ਵਪਾਰਕ ਮੁਨਾਫ਼ਾਖੋਰੀ ਨੂੰ ਘੇਰਿਆ ਹੋਇਆ ਹੈ। ਦੋ-ਦੋ ਮਹੀਨੇ ਸਰਕਾਰੀ ਕਰਮਚਾਰੀਆਂ ਨੂੰ ਤਨਖਾਹ ਨਹੀਂ ਦਿੱਤੀ। ਪੰਜਾਬ ਨੇ ਆਪਣੇ ਸੰਘਰਸ਼ ਭਰੇ ਦੌਰ ਵਿੱਚ ਕਦੇ ਇੰਨੀਆਂ ਮੁਸ਼ਕਲਾਂ ਦਾ ਸਾਹਮਣਾ ਨਹੀਂ ਕੀਤਾ, ਜਿੰਨਾ ਹੁਣ ਕਰਨਾ ਪੈ ਰਿਹਾ ਹੈ। ਇਹ ਇੱਕ ਅਜਿਹੀ ਅੰਨ੍ਹੀ ਸੁਰੰਗ ਬਣ ਗਿਆ ਹੈ ਜਿਸ ਦੇ ਅੰਤ 'ਤੇ ਕੋਈ ਰੌਸ਼ਨੀ ਨਹੀਂ ਬਲਕਿ ਕਾਲੇ ਸੰਘਣੇ ਬੱਦਲ ਛਾਏ ਹੋਏ ਹਨ।

# ਸਾਉਣ ਘਟਾ ਚੜ ਆਈਆਂ, ਭਿੱਜ ਗਈ ਰੂਹ ਮਿੱਤਰਾ





ਚੰਨੀ ਚਹਿਲ
99148-06550

ਪੰਜਾਬ ਆਪਣੇ ਰੰਗਲੇ ਸੱਭਿਆਚਾਰ ਕਾਰਨ ਪੂਰੀ ਦੁਨੀਆਂ ਵਿੱਚ ਮਸ਼ਹੂਰ ਹੈ। ਪੰਜਾਬ ਦਾ ਲੋਕ ਨਾਚ ਗਿੱਧਾ ਤੇ ਭੰਗੜਾ ਦੁਨੀਆਂ ਦੇ ਹਰ ਕੋਨੇ ਵਿੱਚ ਵਸਦੇ ਪੰਜਾਬੀਆਂ ਦੀ ਜਾਨ ਹੈ। ਪੰਜਾਬ ਦਾ ਭਗੋਲਿਕ ਹੀ ਮੇਲਿਆਂ ਤੇ ਤਿਉਹਾਰਾਂ ਨਾਲ ਜੁੜਿਆ ਹੋਇਆ ਹੈ। ਪੰਜਾਬ ਦੇ ਲੋਕ ਮਸਤ ਅਲਬੇਲੇ ਤੇ ਖੁੱਲੇ ਡੁੱਲੇ ਸੁਭਾਅ ਦੇ ਮਾਲਕ ਹਨ।

ਅੱਜ ਅਸੀਂ ਗਿੱਧੇ ਨਾਲ ਹੀ ਸੰਬੰਧਿਤ ਤਿਉਹਾਰ ਬਾਰੇ ਜਿਕਰ ਕਰਦੇ ਹਾਂ ਇਹ ਤਿਉਹਾਰ ਹੈ ਤੀਆਂ ਦਾ ਤਿਉਹਾਰ।ਸਾਉਣ ਦੇ ਸੁਹਾਵਣੇ ਮੌਸਮ ਨਾਲ ਹੀ ਸੰਬੰਧਿਤ ਹੈ ਇਸ ਮਹੀਨੇ ਭਰਵੀਂ ਮਾਨਸੂਨੀ ਬਰਸਾਤ ਹੁੰਦੀ ਹੈ। ਖ਼ਾਸ ਕਰਕੇ ਪਿੰਡਾਂ ਵਿੱਚ ਹਰ ਮੁਟਿਆਰ ਦਾ ਇਹ ਮਨਪਸੰਦ ਤਿਉਹਾਰ ਏ। ਗਿੱਧਾ ਪਾ ਰਹੀਆਂ ਕੁੜੀਆਂ ਕਾਲੇ ਬੱਦਲ ਵੇਖ ਕੇ ਮੋਰ ਵਾਂਗ ਮਸਤ ਹੋ ਜਾਂਦੀਆਂ ਹਨ, ਭਿੱਜ ਗਈ ਰੂਹ, ਮਿੱਤਰਾ ਸ਼ਾਮ ਘਟਾ ਚੜ ਆਈਆਂ, ਚਾਨਣ ਪੱਖ ਦੀ ਤੀਜ ਤੋਂ ਸ਼ੁਰੂ ਹੋਇਆ ਇਹ ਤਿਉਹਾਰ ਪੂਰਨਮਾਸ਼ੀ ਤੋਂ ਇੱਕ ਦਿਨ ਪਹਿਲਾ ਤੱਕ ਭਾਵ ਕਿ ਦਸ ਦਿਨਾਂ ਤੱਕ ਚੱਲਦਾ ਹੈ। ਵਿਆਹੀਆਂ ਮੁਟਿਆਰਾ ਵੀ ਸਹੁਰਿਆਂ ਤੋਂ ਛੁੱਟੀਆਂ ਲੈ ਕੇ ਪੇਕੇ ਪੁੱਜਦੀਆਂ ਹਨ। ਇਥੇ ਉਹ ਨੱਚਣ, ਟੱਪਣ ਤੋਂ ਇਲਾਵਾ ਆਪਣੀਆਂ ਸਹੇਲੀਆਂ ਨੂੰ ਸੱਸ ਦੇ ਬੁਰੇ ਸੁਭਾਅ ਤੋਂ ਜਾਣੂ ਕਰਵਾਉਂਦੀਆਂ

**ਜੇ ਸੱਸ ਮਾਂ ਬਣਜੇ ਮੈ ਪੇਕੇ ਲੈਣ ਕੀ ਜਾਵਾਂ**
**ਮੇਰੇ ਵੀਰ ਨੂੰ ਸੁੱਕੀ ਖੰਡ ਪਾਈ, ਸੱਸੇ ਤੇ ਮਹਿ ਮਰਜੇ**

ਇਸੇ ਤਰ੍ਹਾਂ ਉਹਨਾਂ ਦੇ ਮੂੰਹੋ ਸੱਸ ਦਾ ਸੁਭਾਅ ਸੁਣ ਕੇ ਕੁਆਰੀਆਂ ਕੁੜੀਆਂ ਦੇ ਮਨ ਵਿੱਚ ਵੀ ਸੱਸ ਦੇ ਸੁਭਾਅ ਪ੍ਰਤਿ ਡਰ ਹੁੰਦਾ ਸੀ

**ਮਾਏ ਨੀ ਮੈਨੂੰ ਜੁੱਤੀ ਲੈ ਕੇ ਹੇਠ ਲਵਾਦੇ ਖੁਰੀਆ,**
**ਨੀ ਆਹ ਦਿਨ ਪਹਿਨਣ ਦੇ, ਸੱਸਾਂ ਨਣਾਨਾਂ ਬੁਰੀਆਂ**

ਇਸੇ ਤਰ੍ਹਾਂ ਸਹੁਰਿਆਂ ਤੋਂ ਪੇਕੇ ਆਈਆਂ ਨਵੇਂ ਵਿਆਹਾਂ ਵਾਲੀਆਂ ਦੇ ਸਹੁਰਿਆਂ ਵੱਲੋ ਸੰਧਾਰੇ ਭੇਜੇ ਜਾਂਦੇ ਸਨ, ਜਿਸ ਵਿੱਚ ਕੱਪੜੇ, ਗਹਿਣੇ ਤੇ ਖਾਣ-ਪੀਣ ਦਾ ਸਮਾਨ ਹੁੰਦਾ ਸੀ। ਇਹ ਸੰਧਾਰਾ ਤੀਜ ਦੇ ਦਿਨ ਹੀ ਸਵੀਕਾਰ ਕੀਤਾ ਜਾਂਦਾ ਸੀ ਬਾਦ'ਚ ਪਹੁੰਚੇ ਸੰਧਾਰੇ ਨੂੰ ਲੇਟ ਕਰਾਰ ਦੇ ਦਿੱਤਾ ਜਾਂਦਾ ਸੀ ਤੇ ਮੁਟਿਆਰ ਸੋਚਦੀ ਕਿ ਸ਼ਾਇਦ ਉਸਦੇ ਮਾਹੀ ਦੀ ਘਰ ਵਿੱਚ ਚਲਦੀ ਨਾ ਹੋਣ ਕਰਕੇ ਉਸ ਦਾ ਸੰਧਾਰਾਂ ਜਾਣਬੁਝ ਕੇ ਲੇਟ (ਦੇਰੀ) ਨਾਲ ਆਇਆ ਹੈ।

"ਤੀਆਂ ਮਗਰੋਂ ਸੰਧਾਰਾ ਆਇਆ ਘਰ ਮੇਰੇ ਜੇਠ ਦੀ ਪੁੱਗੇ"

ਕਦੇ ਦੂਰ ਨੌਕਰੀ ਕਰਦੇ ਪਤੀ ਨੂੰ ਮਿਹਣਾ ਮਾਰਦੀ ਮੁਟਿਆਰ ਉਸਦੀ ਗੈਰ ਹਾਜਰੀ ਵਜੋਂ ਸਿਕਵਾ ਕਰਦੀ ਕਹਿੰਦੀ ਹੈ

**ਤੇਰੀ ਦੋ ਟਕਿਆਂ ਦੀ ਨੌਕਰੀ ,ਮੇਰਾ ਲੱਖਾਂ ਦਾ ਸਾਵਣ ਜਾਵੇ**

**ਕਦੇ ਮੁਟਿਆਰ ਪ੍ਰੇਮੀ ਤੋਂ ਗੀਤਾਂ ਰਾਹੀ ਵੰਗਾਂ ਦੀ ਮੰਗ ਕਰਦੀ ਏ।**

**ਮੈਨੂੰ ਚੂੜੀਆਂ ਚੜਾ ਦੇ ਚੰਨ ਵੇ, ਮੈਂ ਛੰਮ-ਛੰਮ ਨਚਦੀ ਫਿਰਾਂ**

ਪਹਿਲੇ ਸਮਿਆਂ ਵਿੱਚ ਕੁੜੀਆਂ ਦੇ ਨਾਲ ਉਹਨਾਂ ਦੇ ਪਤੀ ਵੀ ਆਪਣੇ ਸਹੁਰੇ ਘਰ ਤੀਆਂ ਵੇਖਣ ਚਲੇ ਜਾਂਦੇ ਸਨ। ਸਾਰੀਆਂ ਕੁੜੀਆਂ ਇੱਕਠੀਆਂ ਹੋ ਕੇ ਤੀਆਂ ਵੇਖਣ ਆਏ ਪ੍ਰਾਹੁਣੇ ਨੂੰ ਹਾਸੇ ਠੱਠੇ ਕਰਦੀਆਂ ਸਨ।

**ਇਹਦੇ ਮਾਰੋ ਨੀ ਘੱਟਣਾ ਜੰਡ ਦਾ,**
**ਤੀਆਂ ਵਿੱਚ ਲੈਣ ਆ ਗਿਆ,**
**ਮਾਂ ਮਰ ਗਈ ਪ੍ਰਾਹੁਣਿਆ ਤੇਰੀ, ਤੀਆਂ ਵਿੱਚ ਲੈਣ ਆ ਗਿਆ।**

ਇਸ ਤਰ੍ਹਾਂ ਮੁਟਿਆਰਾ ਤੀਆਂ ਖਤਮ ਹੋਣ ਤੋਂ ਅਗਲੇ ਦਿਨ ਰੱਖੜੀ ਬੰਨ ਕੇ ਸਹੁਰੇ ਜਾਂਦੀਆਂ ਸਨ। ਇੰਨੇ ਦਿਨ ਕੰਮ ਕਾਰ ਤੋਂ ਵਿਹਲੀਆਂ ਰਹਿ ਕੇ ਮਾਂ-ਪਿਉ ਦੇ ਘਰ ਮੌਜ-ਮਸਤੀ ਕੀਤੀ। ਸਹੇਲੀਆਂ ਨੂੰ ਮਿਲ ਕੇ ਦੁੱਖ ਸੁੱਖ ਸਾਂਝੇ ਕੀਤੇ ਤੇ ਹੁਣ ਵਿਛੜਨ ਵੇਲੇ ਬਹੁਤ ਦੁੱਖ ਮਹਿਸੁਸ ਕਰਦੀਆਂ ਮੁਟਿਆਰਾਂ ਦੇ ਮੂੰਹੋ ਵਿਰਾਗ ਫੁੱਟਦਾ

**ਬਹੁਤਾ ਪਿਆਰ ਨਾ ਸਹੇਲੀਓ ਪਾਇਓ ਰੋ ਰੋ ਵਿਛੜਾਂਗੇ**

**ਗਜ ਕੱਪੜਾ ਕੱਫਣ ਨਾ ਧਿਆਵੇ ਤੀਆਂ ਦੇ ਹਟਾਉਣ ਵਾਲੇ ਨੂੰ**
**ਪੰਜ ਪੁੱਤ ਬਲਦਾਂ ਦੀ ਜੋੜੀ ਤੀਆਂ ਦੇ ਲਵਾਉਣ ਵਾਲੇ ਨੂੰ**

ਫਿਰ ਅਗਲੇ ਸਾਲ ਮਿਲਣ ਦੀ ਉਮੀਦ ਨਾਲ ਕਹਿੰਦੀਆਂ ਹਨ,

**ਵਰੇ ਦਿਨਾਂ ਨੂੰ ਫੇਰ ਤੀਆਂ ਤੀਜ ਦੀਆਂ**

ਸਮਾਂ ਬਦਲਣ ਦਾ ਅਸਰ ਜਿਸ ਕਦਰ ਸਾਡੀ ਜਿੰਦਗੀ ਤੇ ਪਿਆ ਤਾਂ ਸਾਡੇ ਸੁਭਾਅ ਵਾਲਾ ਖੁੱਲਾਪਣ ਤੇ ਜਿੰਦਾਦਿਲੀ ਸਾਡੀ ਜਿੰਦਗੀ ਚੋਂ ਰੁਖਸਤ ਹੋ ਗਈ ਤੇ ਅਸੀਂ ਇਕ ਮਸ਼ੀਨ ਦੀ ਤੀ ਤਰ੍ਹਾਂ ਬਣ ਗਏ ਹਾਂ, ਨਿੱਤ ਦੀ ਦੌੜ-ਭੱਜ ਭਰੀ ਇਸ ਜਿੰਦਗੀ ਨੇ ਸਾਡੇ ਜੀਵਣ ਦਾ ਰੰਗ, ਸਾਡੀ ਵਿਰਾਸਤ, ਚਿੜੀਆਂ, ਘੁੱਗੀਆਂ ਮੋਰ ਪੀਘਾਂ ਤੇ ਹੀਘ ਚੜਾਉਣੀ, ਸਰਘੀਆਂ ਸੰਧਾਰੇ ਸਾਡੀ ਹਵਾ, ਸਾਡਾ ਵਾਤਾਵਰਨ ਸਭ ਖੋਹ ਲਿਆ। ਅਜੋਕੇ ਸਮੇਂ ਅਸੀਂ ਜਿੰਦਗੀ ਜਿਉ ਨਹੀ ਰਹੇ ਬਲਕਿ ਲੰਘਾ ਰਹੇ ਹਾਂ। ਹੁਣ ਤੀਆਂ ਬੀੜਾਂ ਡੇਰਿਆਂ ਦੀ ਜਗਾਂ ਸਟੇਜਾਂ ਤੇ ਕਲੱਬਾਂ 'ਚ ਲਗਦੀਆਂ ਹਨ, ਪਰ ਫਿਰ ਵੀ ਇਸ ਗੱਲ ਦੀ ਖੁਸ਼ੀ ਹੈ ਇਸੇ ਤਰ੍ਹਾਂ ਹੀ ਸਹੀ ਸਾਨੂੰ ਸਾਡੇ ਸੱਭਿਆਚਾਰ ਦੇ ਦਰਸ਼ਣ ਤਾਂ ਹੋ ਜਾਂਦੇ ਹਨ। ਪਰ ਸਾਡੀ ਆਉਣ ਵਾਲੀ ਨਵੀਂ ਪੀੜੀ,ਤੀਆਂ, ਪੀਘਾਂ,ਘੱਗਰੇ, ਫਲਕਾਰੀਆਂ, ਸੱਗੀ ਫੁੱਲ, ਕੋਕਰੂ, ਵਾਲੀਆਂ, ਲੋਟਣ, ਢੋਲ ਤਵੀਤੜੀਆਂ,ਲੌਂਗ, ਤੀਲੀ, ਕੈਠਾਂ,ਮੁੰਦਰਾਂ, ਨੱਤੀਆਂ ਤੇ ਵਾਲੀਆਂ ਜਿਹੇ ਸਬਦਾਂ ਤੋਂ ਅਣਜਾਣ ਹੋਵੇਗੀ।

# ਇਕ ਤੁਕੀ ਬੋਲੀ ਵਿਚ ਸੰਪੂਰਨ ਜੀਵਨ



ਬੋਲੀਆਂ ਦਾ ਲੋਕ-ਕਾਵਿ ਦੀ ਨਾਚ ਗੀਤ ਵੰਨਗੀ ਅਧੀਨ ਹੋਣਾ ਇਸਨੂੰ ਹੋਰ ਵੰਨਗੀਆਂ ਤੋਂ ਵਖਰਿਆਉਂਦਾ ਹੈ। ਬੋਲੀਆਂ ਦੀ ਵੰਡ ਇਕ ਤੁਕੀ, ਦੋ ਤੁਕੀ ਅਤੇ ਲੰਮੀਆਂ ਬੋਲੀਆਂ ਦੇ ਰੂਪ ਵਿਚ ਕੀਤੀ ਜਾਂਦੀ ਹੈ। ਇਕ ਤੁਕੀ ਬੋਲੀ ਦੀ ਲੋਕ ਗੀਤਾਂ ਵਿਚ ਖ਼ਾਸ ਥਾਂ ਹੈ। ਇਸਨੂੰ ਇਕ ਲੜੀਆਂ ਬੋਲੀਆਂ ਵੀ ਕਿਹਾ ਜਾਂਦਾ ਹੈ। ਮਾਲਵਾ ਵਿਚ ਪ੍ਰਚੱਲਿਤ ਹੋਣ ਕਾਰਨ ਇਨ੍ਹਾਂ ਨੂੰ ਮਲਵਈ ਟੱਪੇ ਵੀ ਕਹਿੰਦੇ ਹਨ। ਨਿੱਕੀ ਬੋਲੀ ਦੀ ਖਾਸੀਅਤ ਨਿੱਕੇਪਣ ਵਿਚ ਸੰਪੂਰਨਤਾ ਦਾ ਹੋਣਾ ਹੈ। ਨਿੱਕੀ ਬੋਲੀ ਰਾਹੀਂ ਮਨੋਭਾਵ ਥੋੜ੍ਹੇ ਸਮੇਂ ਅਤੇ ਸ਼ਬਦਾਂ ਵਿਚ ਸੌਖਾਲੇ ਬਿਆਨ ਹੋਣ ਕਰਕੇ ਇਹ ਆਪਣੇ ਆਪ ਵਿਚ ਸੰਪੂਰਨ ਇਕਾਈ ਹੈ। ਨਿੱਕੀ ਬੋਲੀ ਵਿਚੋਂ ਸੰਪੂਰਨ ਜੀਵਨ ਰੰਗ ਝਲਕਾਰੇ ਮਾਰਦੇ ਹਨ। ਇਨ੍ਹਾਂ ਵਿਚ ਜ਼ਿੰਦਗੀ ਦੇ ਅਰਥ ਹਨ, ਸੰਪੂਰਨ ਜੀਵਨ ਜਾਂਚ, ਸਾਕਾਦਾਰੀ, ਰਹਿਣੀ ਬਹਿਣੀ, ਲੋਕ ਸਿਆਣਪਾਂ, ਪਿਆਰ ਮੁਹੱਬਤ ਆਦਿ ਹਨ। ਲੋਕ ਨਾਚ ਗਿੱਧਾ ਇਸਨੂੰ ਪ੍ਰਗਟ ਰੂਪ ਦਿੰਦਾ ਹੈ। ਸ਼ਬਦਾਂ ਅੰਦਰ ਗੁੱਝੀਆਂ ਸਥਿਤੀਆਂ ਅਤੇ ਭਾਵ ਸਰੀਰਿਕ ਅੰਗਾਂ ਦੀਆਂ ਹਰਕਤਾਂ ਰਾਹੀਂ ਸਿਰਜੇ ਬਿੰਬ ਅਤੇ ਪ੍ਰਤੀਕਾਂ ਨਾਲ ਉੱਭਰ ਕੇ ਸਾਹਮਣੇ ਆਉਂਦੇ ਹਨ। ਨਾਚ-ਮੁਦਰਾਵਾਂ ਬੋਲੀਆਂ ਅਨੁਸਾਰ ਢਲ ਜਾਂਦੀਆਂ ਹਨ। ਇਨ੍ਹਾਂ ਦਾ ਆਕਾਰ ਭਾਵੇਂ ਛੁਟੇਰਾ ਹੈ, ਪਰ ਇਨ੍ਹਾਂ ਵਿਚੋਂ ਜੀਵਨ ਦੀ ਸੰਪੂਰਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਇਨ੍ਹਾਂ ਦੀ ਇਕ ਹੋਰ ਵਿਸ਼ੇਸ਼ਤਾ ਅਖਾਣਾਂ ਮੁਹਾਵਰਿਆਂ ਵਾਂਗ ਜ਼ੁਬਾਨ 'ਤੇ ਆਸਾਨੀ ਨਾਲ ਚੜ੍ਹ ਜਾਣਾ ਵੀ ਹੈ। ਸਮਾਜਿਕ, ਸੱਭਿਆਚਾਰਕ, ਆਰਥਿਕ, ਧਾਰਮਿਕ ਦ੍ਰਿਸ਼ਟੀ ਤੋਂ ਵਾਚਣ ਨਾਲ ਇਨ੍ਹਾਂ ਦੀ ਵਿਸ਼ਾਲਤਾ ਦੇ ਭੇਦਾਂ ਦੀਆਂ ਹੋਰ ਪਰਤਾਂ ਵੀ ਖੋਲ੍ਹੀਆਂ ਜਾ ਸਕਦੀਆਂ ਹਨ।

ਨਿੱਕੀਆਂ ਬੋਲੀਆਂ ਰਿਸ਼ਤਿਆਂ ਨੂੰ ਉਜਾਗਰ ਅਤੇ ਬਿਆਨ ਕਰਕੇ ਗਾਗਰ ਵਿਚ ਸਾਗਰ ਭਰਨ ਦਾ ਕਾਰਜ ਕਰਦੀਆਂ ਹਨ। ਇਨ੍ਹਾਂ ਦੇ ਵਿਸ਼ੇ ਮਾਪੇ ਅਤੇ ਧੀ, ਭੈਣ-ਭਰਾ, ਨੂੰਹ-ਸੱਸ, ਦਿਓਰ-ਭਰਜਾਈ, ਜੀਜਾ-ਸਾਲੀ, ਪਤੀ-ਪਤਨੀ ਆਦਿ ਨਾਲ ਸਬੰਧਿਤ ਹਨ। ਜਵਾਨ ਧੀ ਦੇ ਸੁਪਨੇ ਸੱਧਰਾਂ ਪ੍ਰਗਟ ਕਰਦੇ ਭਾਵ ਪਿਤਾ ਰਾਹੀਂ ਭਾਲੇ ਜਾ ਰਹੇ ਵਰ ਘਰ ਲਈ ਨਿੱਕੀ ਬੋਲੀ ਰਾਹੀਂ ਬਹੁਤ ਵੱਡਾ ਸੁਨੇਹਾ ਦਿੰਦੇ ਹਨ:

ਜਿੱਥੇ ਲਿੱਪਣੇ ਨਾ ਪੈਣ ਬਨੇਰੇ, ਉਸ ਘਰ ਦੇਈਂ ਬਾਬਲਾ

ਇਕ ਪਾਸੇ ਬਾਬਲ ਦੇ ਦਿਲ ਵਿਚ ਵਿਹੜੇ ਬੈਠੀ ਜਵਾਨ ਧੀ ਦੇ ਵਿਆਹ ਦੀ ਚਿੰਤਾ ਹੈ, ਧੀ ਨੂੰ ਸਹੁਰੇ ਘਰ ਤੋਰਨ ਸਮੇਂ ਦੀ ਮਨੋਦਸ਼ਾ ਦਾ ਹਾਲ ਹੈ, ਦੂਸਰੇ ਪਾਸੇ ਧੀ ਦੇ ਸਹੁਰੇ ਘਰ ਪ੍ਰਤੀ ਦੁੱਖੜੇ ਹਨ, ਰਚਾਏ ਅਣਜੋੜ ਵਿਆਹ ਦਾ ਬਾਬਲ ਨੂੰ ਮਿਹਣਾ ਹੈ:

**ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ,**
**ਬਾਪੂ ਦੇ ਪਸੰਦ ਆ ਗਿਆ**

ਵੀਰ-ਭੈਣ ਦਾ ਰਿਸ਼ਤਾ ਬਹੁਤ ਮਹਾਨ ਰਿਸ਼ਤਾ ਹੈ। ਭੈਣ ਅਰਜੋਈਆਂ ਕਰ ਕਰ ਪਹਿਲਾਂ ਰੱਬ ਤੋਂ ਵੀਰ ਮੰਗਦੀ ਹੈ ਅਤੇ ਫਿਰ ਵੀਰ ਦੇ ਘਰ ਪੁੱਤ ਲਈ ਸੁੱਖਣਾ ਸੁੱਖਦੀ ਹੈ ਅਰਦਾਸਾਂ ਕਰਦੀ ਹੈ:

**ਇਕ ਵੀਰ ਦੇਈਂ ਵੇ ਰੱਬਾ,**
**ਸਹੁੰ ਖਾਣ ਨੂੰ ਬੜਾ ਈ ਚਿੱਤ ਕਰਦਾ**

ਪਿਆਰ ਮੁਹੱਬਤ ਜੋਬਨ ਰੁੱਤ ਦਾ ਗਹਿਣਾ ਗੱਟਾ ਹੈ। ਜਵਾਨੀ ਵਿਚ ਦੋ ਦਿਲਾਂ ਦੀ ਖਿੱਚ ਮਹਿਸੂਸ ਕਰਨਾ ਖ਼ੂਬਸੂਰਤ ਹੁੰਦਾ ਹੈ, ਪਰ ਸਾਡੀਆਂ ਸਮਾਜਿਕ ਅਤੇ ਸੱਭਿਆਚਾਰਕ ਕੀਮਤਾਂ ਵਿਚ ਹੋਰ ਦੇਸ਼ਾਂ ਜਾਂ ਸਮਾਜਾਂ ਜਿੰਨੀ ਖੁੱਲ੍ਹ ਨਹੀਂ, ਪਰ ਹਰ ਇਕ ਮਨ ਵਿਚ ਦੱਬਿਆ ਘੁੱਟਿਆ ਪਿਆਰ ਇਨ੍ਹਾਂ ਬੋਲੀਆਂ ਵਿਚ ਹਰ ਜਵਾਨ ਦਿਲ ਦੀ ਪੈਰਵੀ ਕਰਦਾ ਹੈ:

**× ਚੁੰਨੀ ਰੰਗ ਦੇ ਲਲਾਰੀਆ ਮੇਰੀ,**
**ਮਿੱਤਰਾਂ ਦੀ ਪੱਗ ਵਰਗੀ**
**× ਮੈਨੂੰ ਹੋਰ ਨਾ ਤ੍ਰਿਸ਼ਨਾ ਕੋਈ, ਭੁੱਖ ਤੇਰੇ ਦਰਸ਼ਨ ਦੀ**

ਔਰਤ ਦੀ ਸੁੰਦਰਤਾ ਨੂੰ ਵੱਖੋ ਵੱਖਰੀਆਂ ਉਪਮਾਵਾਂ ਦੇ ਕੇ ਬਿਆਨ ਕੀਤਾ ਗਿਆ ਹੈ। ਕਿਧਰੇ ਸੁਲਫੇ ਦੀ ਲਾਟ ਹੈ, ਕਿਧਰੇ ਰੰਗ ਮਹਿਕ ਖਿੰਡਾਉਂਦਾ ਹੈ, ਕਿਧਰੇ ਗੋਰੇ ਧੁੱਪ ਵਾਂਗ ਲਿਸ਼ਕਦੇ ਰੰਗ ਤੋਂ ਦਹੀ ਦੇ ਸ਼ਰਮਾਉਣ ਦੀ ਗੱਲ ਹੈ:

**ਤੈਨੂੰ ਦੇਖਕੇ ਦਹੀਂ ਸ਼ਰਮਾਵੇ, ਨੀਂ ਧੁੱਪ ਵਾਂਗੂ ਲਿਸ਼ਕਦੀਏ**

ਸਮਾਜਿਕ ਕਦਰਾਂ-ਕੀਮਤਾਂ ਨਾਲ ਸਬੰਧਿਤ ਥੋੜ੍ਹੇ ਸ਼ਬਦ ਅਤੇ ਕੁਝ ਕੁ ਪਲ ਜੀਵਨ ਦਾ ਅਹਿਮ ਫਲਸਫਾ ਪੇਸ਼ ਕਰਦੇ ਹਨ। ਧਰਮ ਮਨੁੱਖੀ ਕਰਮਾਂ ਦੁਆਲੇ ਘੁੰਮਦਾ ਹੈ। ਕੀਤੇ ਚੰਗੇ ਮਾੜੇ ਕਾਰਜ ਮਨੁੱਖੀ ਜੀਵਨ ਲਈ ਮਿੱਠੇ ਜਾਂ ਕੌੜੇ ਅਨੁਭਵ ਬਣਦੇ ਹਨ, ਵਧੀਆ ਕਾਰਜ ਲੋਕ ਪ੍ਰਲੋਕ ਵਿਚ ਸਹਾਈ ਹੁੰਦੇ ਹਨ:

**ਕਿੱਥੋਂ ਭਾਲਦਾ ਅੰਬਾਂ ਦੇ ਮੇਵੇ,**
**ਕਿੱਕਰਾਂ ਦੇ ਬੀ ਬੀਜ ਕੇ**

ਜੀਵਨ ਫਲਸਫੇ ਸਬੰਧੀ ਕਿਤਾਬਾਂ ਦਾ ਨਿਚੋੜ ਬੜੇ ਸਹਿਜ ਅਤੇ ਸਾਦੇ ਢੰਗ ਨਾਲ ਬਿਆਨ ਕਰਕੇ ਸੁਣਨ ਵਾਲੇ 'ਤੇ ਇਕਦਮ ਇਸ ਤਰ੍ਹਾਂ ਅਸਰ ਕਰਦਾ ਹੈ ਕਿ ਸਭ ਨੂੰ ਸਹਿਮਤੀ ਪ੍ਰਗਟ ਕਰਨੀ ਪੈਂਦੀ ਹੈ, ਹਾਂ ਵਿਚ ਸਿਰ ਹਿਲਾਉਣਾ ਪੈਂਦਾ ਹੈ:

**ਹੁਸਨ ਜਵਾਨੀ ਮਾਪੇ,**
**ਤਿੰਨ ਰੰਗ ਨਹੀਂ ਲੱਭਣੇ**

ਅਕਲ ਮਨੁੱਖ ਲਈ ਜੀਵਨ ਭਰ ਦੇ ਗਹਿਣੇ ਬਰਾਬਰ ਹੈ। ਸ਼ਕਲ-ਸੂਰਤ, ਰੂਪ-ਰੰਗ ਕੁਝ ਕੁ ਦਿਨਾਂ ਦੇ ਮਨੁੱਖ ਲਈ ਭਰਮ ਭੁਲੇਖੇ ਹਨ। ਅਕਲ ਦਾ ਹਮੇਸ਼ਾਂ ਮੁੱਲ ਪੈਂਦਾ ਹੈ। ਗੋਰੇ ਰੰਗ ਦਾ ਅਕਲ ਨਾਲ ਕੋਈ ਮੁਕਾਬਲਾ ਨਹੀਂ:

ਗੋਰੇ ਰੰਗ ਨੂੰ ਕੋਈ ਨਹੀਂ ਪੁੱਛਦਾ, ਮੁੱਲ ਪੈਂਦੇ ਅਕਲਾਂ ਦੇ

ਪਿੰਡ ਸ਼ੁਰੂ ਤੋਂ ਹੀ ਖੇਤੀ ਪ੍ਰਧਾਨ ਰਹੇ ਹਨ। ਕਿਸਾਨੀ ਜੀਵਨ ਦੇ ਰੁਝੇਵੇਂ ਸਵੇਰ ਤੋਂ ਸ਼ਾਮ ਤਕ ਪਿੱਛਾ ਨਹੀਂ ਛੱਡਦੇ। ਇਕ ਕਾਰਜ ਖ਼ਤਮ ਨਹੀਂ ਹੁੰਦਾ, ਦੂਸਰਾ ਸ਼ੁਰੂ ਹੋ ਜਾਂਦਾ ਹੈ:

**ਜੱਟਾ ਤੇਰੀ ਜੂਨ ਬੁਰੀ, ਹਲ਼ ਛੱਡ ਕੇ ਚਰ੍ਹੀ ਨੂੰ ਜਾਣਾ**

ਖੂਹ ਜਾਂ ਤਲਾਬ ਤੋਂ ਪਾਣੀ ਭਰਨਾ, ਕੱਤਣਾ, ਤੁੰਮਣਾ, ਛੱਟਣਾ, ਪੀਹਣਾ ਪੇਂਡੂ ਸੁਆਣੀ ਦੇ ਜੀਵਨ ਰੁਝੇਵਿਆਂ ਵਿਚੋਂ ਪ੍ਰਮੁੱਖ ਸਨ। ਘਰੇਲੂ ਕੰਮਾਂ ਤੋਂ ਇਲਾਵਾ ਖੇਤੀਬਾੜੀ ਦੇ ਕਾਰਜ ਵਿਚ ਹੱਥ ਵਟਾਉਣਾ ਵੀ ਔਰਤਾਂ ਦੇ ਕਾਰਜਾਂ ਦੇ ਘੇਰੇ ਵਿਚ ਹੀ ਆਉਂਦਾ ਸੀ:

**× ਝੁਕ ਜਾ ਕਪਾਹ ਦੀਏ ਛਿੱਟੀਏ,**
**ਪਤਲੋ ਦੀ ਬਾਂਹ ਥੱਕਗੀ**
**× ਉੱਥੇ ਲੈ ਚੱਲ ਚਰਖਾ ਮੇਰਾ,**
**ਵੇ ਜਿੱਥੇ ਤੇਰੇ ਹਲ਼ ਚੱਲਦੇ**

ਕੱਤਣਾ ਪਿੰਡਾਂ ਵਿਚ ਔਰਤਾਂ ਦਾ ਪ੍ਰਮੁੱਖ ਕਾਰਜ ਸੀ, ਕਿਸੇ ਤ੍ਰਿੰਝਣ, ਸਾਂਝੀ ਜਗ੍ਹਾ, ਗਲੀ ਜਾਂ ਘਰ ਦੇ ਵਿਹੜੇ ਵਿਚ ਬਹਿ ਕੇ ਔਰਤਾਂ ਕੱਤਦੀਆਂ ਸਨ:

**ਦੂਜਾ ਡਾਹ ਲਿਆ ਗਲੀ ਵਿਚ ਚਰਖਾ,**
**ਇਕ ਤੇਰਾ ਰੰਗ ਮੁਸ਼ਕੀ**

ਆਪਸੀ ਲੜਾਈ ਝਗੜੇ, ਮਰਦਾਂ ਦੇ ਖੇਤੀ ਤੋਂ ਇਲਾਵਾ ਹੋਰ ਕਿੱਤੇ ਜਾਂ ਕਾਰਜ, ਫ਼ਸਲਾਂ ਦੀਆਂ ਕਿਸਮਾਂ, ਮੇਲੇ ਤਿਓਹਾਰ, ਗਹਿਣਾ ਗੱਟਾ, ਖਾਣ ਪੀਣ, ਵਿਹਲੇ ਸਮੇਂ ਦੇ ਆਹਰ, ਹਾਰ ਸ਼ਿੰਗਾਰ ਆਦਿ ਨਾਲ ਸਬੰਧਿਤ ਵਿਸ਼ੇ ਨਿੱਕੀਆਂ ਬੋਲੀਆਂ ਵਿਚ ਸ਼ਾਮਲ ਹਨ। ਨਿੱਕੀ ਬੋਲੀ ਕਹਿਣ ਨੂੰ ਹੀ ਨਿੱਕੀ ਹੈ, ਪਰ ਇਸ ਵਿਚ ਜ਼ਿੰਦਗੀ ਦਾ ਹਰ ਅੰਸ਼ ਸਮਾਇਆ ਹੋਇਆ ਹੈ। ਇਨ੍ਹਾਂ ਵਿਚ ਤਾਂ ਜ਼ਿੰਦਗੀ ਦੇ ਉਹ ਪੱਖ ਜਾਂ ਵਿਸ਼ੇ ਵੀ ਹਨ ਜਿਨ੍ਹਾਂ ਨੂੰ ਆਮ ਗੱਲਬਾਤ ਵਿਚ ਪ੍ਰਗਟ ਕਰਨ ਸਮੇਂ ਸੰਕੋਚ ਕੀਤਾ ਜਾਂਦਾ ਹੈ ਜਾਂ ਕਹਿਣ ਤੋਂ ਝਿਜਕਦੇ ਹਾਂ, ਪਰ ਇਨ੍ਹਾਂ ਬੋਲੀਆਂ ਨਾਲ ਆਸਾਨੀ ਨਾਲ ਬਿਆਨ ਕੀਤਾ ਗਿਆ ਹੈ।

ਅੰਮ੍ਰਿਤ ਪਾਲ
ਸੰਪਰਕ: 98777-15744




## ਕਾਤਲਾਂ ਦਾ ਘਰ



'ਇਹ ਤਾਂ ਭਾਈ, ਕਾਤਲਾਂ ਦਾ ਘਰ ਐ।' ਬਲਵੰਤ ਕੌਰ ਨੇ ਪਿੰਡ ਵਿੱਚ ਕਿਸੇ ਦੇ ਘਰ ਦਾ ਰਾਹ ਪੁੱਛਣ ਵਾਲੇ ਰਾਹਗੀਰ ਨੂੰ ਕਿਹਾ।'ਅੱਛਾ!!!ਉਹ ਕਿਵੇਂ ?' ਰਾਹਗੀਰ ਨੇ ਹੈਰਾਨ ਹੁੰਦਿਆਂ ਪੁੱਛਿਆ। 'ਹਾਂ ਭਾਈ, ਇਹਨਾਂ ਦੇ ਵੱਡੇ ਦਾਦੇ ਨੇ ਕਿਸੇ ਜ਼ਮਾਨੇ ਵਿੱਚ ਬੰਦਾ ਮਾਰਿਆ ਸੀ, ਉਦੋਂ ਤੋਂ ਹੀ ਇਹਨਾਂ ਦੇ ਘਰ ਨੂੰ 'ਕਾਤਲਾਂ ਦਾ ਘਰ' ਕਿਹਾ ਜਾਂਦੈ।' ਬਲਵੰਤ ਕੌਰ ਨੇ ਰਾਹਗੀਰ ਨੂੰ ਸਾਰੀ ਗੱਲ ਦੱਸਿਆਂ ਕਿਹਾ।

'ਅੱਛਾ!' ਰਸਤਾ ਪੁੱਛਣ ਵਾਲਾ ਸੱਚਮੁਚ ਹੈਰਾਨ ਸੀ। ਉਹ ਕੁਝ ਬੋਲਦਾ ਇਸ ਤੋਂ ਪਹਿਲਾਂ ਹੀ ਕੋਲ ਖੜ੍ਹਾ ਉਸਦਾ ਮੁੰਡਾ ਛਿੰਦਾ ਬੋਲ ਪਿਆ;

'ਬੇਬੇ, ਛੇਤੀ ਤਿਆਰ ਹੋ, ਆਪਾਂ ਸ਼ਹਿਰ ਜਾਣੈ।'

'ਹਾਂ ਭਾਈ ਹੁੰਦੀ ਆਂ ਇਸ ਵਾਰ ਫੇਰ ਕੁੜੀ ਆ ਭਾਈ, ਇਹਦੀ ਜਨਾਨੀ ਦੀ ਕੁੱਖ 'ਚ ਅਸੀਂ ਸ਼ਹਿਰ ਜਾਣਾ ਹੈ ਉਸ ਨੂੰ ਓਪਰੇ ਰਾਹਗੀਰ ਨੇ ਆਪਣਾ ਮੱਥਾ ਆਪਣੇ ਹੱਥ ਨਾਲ ਘੁੱਟ ਲਿਆ ਤੇ ਹੌਲੀ ਜਿਹੇ ਬੋਲਿਆ 'ਬੇਬੇ, ਕਾਤਲਾਂ ਦਾ ਘਰ ਤਾਂ ਤੁਹਾਡਾ ਹੈ! 'ਵੇ ਜਾ ਤੂੰ, ਆਪਣਾ ਕੰਮ ਕਰ।' ਗੁੱਸੇ ਨਾਲ ਆਖ ਕੇ ਬਲਵੰਤ ਕੌਰ ਤਿਆਰ ਹੋਣ ਲਈ ਆਪਣੇ ਘਰ ਨੂੰ ਤੁਰ ਪਈ। ਰਾਹਗੀਰ ਇਹ ਸੋਚਦਿਆਂ ਅੱਗੇ ਨੂੰ ਤੁਰ ਪਿਆ ਕਿ ਅਸਲ ਵਿੱਚ 'ਕਾਤਲਾਂ ਦਾ ਘਰ' ਕਿਹੜਾ ਹੈ?

**ਡਾ. ਨਿਸ਼ਾਨ ਸਿੰਘ ਰਾਠੌਰ**
**ਪਿੱਪਲੀ, ਕੁਰੂਕਸ਼ੇਤਰ।**
**ਮੋਬਾ** 075892- 33437

## ਕਾਂਵਾਂ ਰੌਲ਼ੀ



ਬਾਬਾ ਅਤੇ ਪੋਤਾ ਦਰਵਾਜੇ ਵਿੱਚ ਬੈਠੇ ਅਖ਼ਬਾਰ ਪੜ੍ਹ ਰਹੇ ਸਨ । ਬਾਬਾ ਮੁੱਖ ਸਫਾ ਦੇਖਦਿਆਂ ਬੋਲਿਆ , " ਆਹ ਫੇਰ ਹੋ ਗਏ , ਵਿਧਾਇਕ ਜੁੱਤਮ -ਜੁੱਤੀ , ਤੀਜੇ- ਕੁ ਦਿਨ ਕੁੱਤ-ਕਲੇਸ਼ ਪਾ ਲੈਂਦੇ ਐ , ਮੈਨੂੰ ਤਾਂ ਦਾਲ 'ਚ ਕੁਝ ਕਾਲ਼ਾ ਲਗਦੈ "

ਅਜੇ ਬਾਬਾ ਹੋਰ ਕੁਝ ਬੋਲਣ ਹੀ ਲੱਗਾ ਸੀ ਕਿ ਪੋਤਾ ਵਿੱਚੋਂ ਹੀ ਮੈਗਜ਼ੀਨ ਪੰਨਾ ਚੁੱਕਦਾ ਹੋਇਆ ਬੋਲ ਪਿਆ , " ਬਾਪੂ , ਰਾਜਨੀਤੀ ਦੀਆਂ ਗੱਲਾਂ ਮੈ ਫੇਰ ਸੁਣੂ , ਪਹਿਲਾਂ ਮੈਥੋਂ ਆਹ ਕਹਾਣੀ ਸੁਣੋ , ਇੱਕ ਛੱਪੜ ਵਿੱਚੋਂ ਬਗਲੇ ਅਤੇ ਕਾਂ ਮੱਛੀਆਂ ਖਾਣ ਲਈ ਆਉਂਦੇ ਸਨ , ਮੱਛੀਆਂ ਆਪਣੇ ਬਚਾਅ ਲਈ ਚੀਕਾਂ ਮਾਰਨ ਲੱਗ ਜਾਂਦੀਆਂ ਸਨ । ਜਦੋਂ ਉਹਨਾ ਦੀਆਂ ਚੀਕਾਂ ਸੁਣ ਕੇ ਆਸੇ ਪਾਸੇ ਦੇ ਲੋਕ ਆ ਜਾਂਦੇ ਤਾਂ ਕਾਂਵਾਂ ਅਤੇ ਬਗਲਿਆਂ ਨੂੰ ਭਾਜੜਾਂ ਪੈ ਜਾਂਦੀਆ ਸਨ । ਇੱਕ ਦਿਨ ਕਾਂਵਾਂ ਅਤੇ ਬਗਲਿਆਂ ਨੇ ਇਕੱਠੇ ਹੋ ਕੇ ਸਕੀਮ ਬਣਾਈ ਕਿ ਜਦੋਂ ਇੱਕ ਟੋਲੀ ਮੱਛੀਆਂ ਖਾਊ ਤਾਂ ਦੂਜੀ ਕਿਨਾਰੇ ਉੱਤੇ ਬੈਠ ਕੇ ਚੀਕਾਂ ਮਾਰਿਆ ਕਰੂ ਤਾਂ ਕਿ ਮੱਛੀਆਂ ਦੀ ਚੀਕਾਂ ਕਿਸੇ ਨੂੰ ਨਾ ਸੁਣਨ , ਏਸ ਤਰ੍ਹਾਂ ਕਾਂਵਾਂ-ਰੌਲ਼ੀ ਮੱਛੀਆਂ ਦੀਆਂ ਚੀਕਾਂ ਵਿੱਚੇ ਰੋਲ਼ ਦਿੰਦੀ ਅਤੇ ਬਗਲੇ ਮੱਛੀਆਂ ਖਾ ਕੇ ਭੱਜ ਜਾਦੇ , ਜਦੋਂ ਕਾਵਾਂ ਨੇ ਖਾਣੀਆਂ ਹੁੰਦੀਆ ਤਾਂ ਬਗਲੇ ਰੌਲਾ ਪਾਉਣ ਲੱਗ ਜਾਂਦੇ ਸਨ ।

ਕਿੰਨੀ ਸੋਹਣੀ ਕਹਾਣੀ ਐ ਹਨਾਂ ਬਾਪੂ ? ਹੁਣ ਤੁਸੀਂ ਸੁਣਾਓ ਰਾਜਨੀਤੀ ਵਾਲ਼ੀ ਗੱਲਬਾਤ" ਪੋਤਾ ਕਹਾਣੀ ਖ਼ਤਮ ਕਰ ਕੇ ਬੋਲਿਆ ।" ਪੁੱਤਰਾ , ਹੁਣ ਮੈ ਕੀ ਸੁਣਾਵਾਂ , ਸਾਰਾ ਕੁਝ ਤਾਂ ਤੇਰੀ ਐਹ ਕਹਾਣੀ ਆਖ ਗਈ ਐ "

ਬਾਪੂ ਏਹ ਬੋਲ ਕੇ ਬਾਹਰ ਗਲੀ ਵੱਲ ਤੁਰ ਪਿਆ।

**ਮਾਸਟਰ ਸੁਖਵਿੰਦਰ ਦਾਨਗੜ੍ਹ**
94171 80205

## ਸੋਚ



ਅਮਨ ਅਤੇ ਉਸਦੀ ਸਹੇਲੀ ਪ੍ਰੀਤ ਰੋਜ਼ਾਨਾ ਬੱਸ ਰਾਹੀਂ ਪੜਨ ਸ਼ਹਿਰ ਕਾਲਜ ਜਾਇਆ ਕਰਦੀਆਂ ਸਨ।ਪਰ ਅੱਜ ਪ੍ਰੀਤ ਨੂੰ ਘਰ ਵਿੱਚ ਜ਼ਰੂਰੀ ਕੰਮ ਪੈਣ ਕਰਕੇ ਅਮਨ ਨੂੰ ਕੱਲੇ ਹੀ ਕਾਲਜ ਜਾਣਾ ਪਿਆ ਸੀ। ਅੱਜ ਹੀ ਉਸਨੂੰ ਕਿਸੇ ਨੇ ਫੋਨ ਤੇ ਗੱਲ ਕਰਦੇ ਤੇ ਮੋਟਰਸਾਇਕਲ 'ਤੇ ਕਿਸੇ ਮੁੰਡੇ ਨਾਲ ਚੜ ਕੇ ਜਾਂਦੇ ਦੇਖਿਆ ਸੀ, ਸ਼ਾਮ ਨੂੰ ਜਦੋਂ ਅਮਨ ਸਮੇਂ ਸਿਰ ਘਰ ਨਾ ਪਹੁੰਚੀ ਤਾਂ ਮਾਪਿਆਂ ਨੂੰ ਫਿਕਰ ਹੋਣ ਲੱਗੀ। ਅਮਨ ਨਾਲ ਗੱਲ ਹੋਈ ਤਾਂ ਉਸਨੇ ਕਿਹਾ ਉਸਨੂੰ ਪਿੰਡ ਦੇ ਬੱਸ ਸਟੈਂਡ ਤੋਂ ਘਰ ਲੈ ਜਾਣ ਉਸਦੀ ਤਬੀਅਤ ਠੀਕ ਨਹੀਂ ਹੈ। ਅਮਨ ਘਰ ਆਈ ਤਾਂ ਗੁਆਂਢ ਦੀ ਮਾਸੀ ਜੀਤੋ ਘਰ ਉਸਦਾ ਪਤਾ ਲੈਣ ਆਈ ਤਾਂ ਕਹਿਣ ਲੱਗੀ ਬੁਰਾ ਜ਼ਮਾਨਾ ਭਾਈ ਕਲਯੁੱਗ ਆ ਗਿਆ ਅੱਜ ਕੱਲ ਕੁੜੀਆਂ ਸ਼ਰੇਆਮ ਮਾਪਿਆਂ ਦੀ ਇੱਜ਼ਤ ਰੋਲਦੀਆਂ ਹਨ। ਮੁਡਿਆਂ ਨਾਲ ਸ਼ਰੇਆਮ ਮੋਟਰਸਾਇਕਲਾਂ 'ਤੇ ਘੁੰਮਦੀਆਂ ਹਨ ਫਿਰ ਘਰ ਲੈ ਕੇ ਆਉਣੀਆਂ ਪੈਂਦੀਆਂ ਹਨ। ਮਾਂ ਨੂੰ ਕੁਝ ਸਮਝ ਨਹੀਂ ਆ ਰਿਹਾ ਸੀ ਪਰ ਅਮਨ ਸਭ ਕੁਝ ਸਮਝ ਗਈ ਸੀ ਫਿਰ ਜਦ ਸਾਰੇ ਪਿੰਡ ਵਿੱਚ ਵੀ ਇਹ ਗੱਲ ਫੈਲ ਗਈ ਤਾਂ ਮਾਂ ਨੂੰ ਵੀ ਪਤਾ ਲੱਗ ਗਿਆ। ਮਾਂ ਦੇ ਪੁੱਛਣ 'ਤੇ ਅਮਨ ਨੇ ਦੱਸਿਆ ਕਿ ਜਦ ਉਸਨੇ ਪ੍ਰੀਤ ਨੂੰ ਕਾਲਜ ਜਾਣ ਬਾਰੇ ਪੁੱਛਿਆ ਤਾਂ ਉਸਨੇ ਇਨਕਾਰ ਕਰ ਦਿੱਤਾ ਇਸ ਦੌਰਾਨ ਉਸ ਦੀ ਬੱਸ ਵੀ ਸਮੇਂ ਤੋਂ ਪਹਿਲਾਂ ਨਿੱਕਲ ਗਈ ਸੀ ਪਿੱਛੇ ਆ ਰਹੇ ਉਸ ਦੇ ਅਧਿਆਪਕਾ ਹੀ ਉਸਨੂੰ ਮੋਟਰਸਾਇਕਲ 'ਤੇ ਕਾਲਜ ਲੈਣ ਗਏ ਸਨ ਕਾਲਜ ਵਿੱਚ ਤੇਜ ਬੁਖਾਰ ਹਣੋ ਕਰਕੇ ਉਹ ਲੇਟ ਹੋ ਗਈ ਸੀ ਪਰ ਮਾਂ ਨੂੰ ਉਸ ਦੀਆਂ ਗੱਲਾਂ 'ਤੇ ਯਕੀਨ ਨਹੀਂ ਹੋ ਰਿਹਾ ਸੀ ਅਤੇ ਰੋ-ਰੋ ਕੇ ਆਪਣੇ ਬਾਪ ਦੀ ਪੱਗ ਦਾ ਵਾਸਤਾ ਦੇ ਰਹੀ ਸੀ । ਅਖੀਰ ਨੂੰ ਕਾਲਜ ਤੋਂ ਸਾਰੀ ਸੱਚਾਈ ਪਤਾ ਲੱਗ ਗਈ। ਅਮਨ ਸਹੀ ਸੀ। ਅਮਨ ਅਤੇ ਉਸਦੀ ਮਾਂ ਇਹ ਸੋਚ ਰਹੀਆਂ ਸਨ ਕਿ ਉਸਦੀ ਜਗਾ ਕੋਈ ਮੁੰਡਾ ਹੁੰਦਾ ਤਾਂ ਅਜਿਹਾ ਕੁਝ ਨਹੀਂ ਹੋਣਾ ਸੀ । ਅੱਜ ਦੇ ਸਮੇਂ ਵੀ ਲੋਕ ਕੁੜੀਆਂ ਪ੍ਰਤੀ ਕਿੰਨੀ ਘਟੀਆ "ਸੋਚ" ਰੱਖਦੇ ਹਨ ਜਿਸ ਨੂੰ ਉਹ ਕਦੇ ਬਦਲਣਾ ਵੀ ਨਹੀਂ ਚਾਹੁੰਦੇ।

**ਰਮਨਦੀਪ ਸਿੰਘ ਗਿਲਜੇਵਾਲਾ**
95019-01984

## ਦਾਜ ਦੀ ਅਹਿਮੀਅਤ



ਰੀਮਾ ਦੇ ਵਿਆਹ ਹੋਏ ਨੂੰ ਅਜੇ ਛੇ ਮਹੀਨੇ ਹੀ ਹੋਏ ਸਨ ਕਿ ਉਸ ਦੇ ਡੈਡੀ ਦੀ ਅਚਾਨਕ ਮੌਤ ਹੋ ਗਈ। ਬੱਸ ਫੇਰ ਕੀ ਸੀ, ਉਸ ਦੀ ਸੱਸ ਨੇ ਉਸ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਸ ਦੇ ਕੀਤੇ ਕੰਮਾਂ ਵਿੱਚ ਨੁਕਸ ਕੱਢਣੇ ਸ਼ੁਰੂ ਕਰ ਦਿੱਤੇ। ਆਨੇ, ਬਹਾਨੇ ਵੱਧ, ਘੱਟ ਬੋਲਣਾ ਸ਼ੁਰੂ ਕਰ ਦਿੱਤਾ।ਉਹ ਚਾਹੁੰਦੀ ਸੀ ਕਿ ਉਹ ਉਸ ਤੋਂ ਜੁਦੀ ਹੋ ਕੇ ਰਹਿਣ ਲੱਗ ਪਏ। ਜਦ ਉਸ ਦੀ ਕੋਈ ਵਾਹ, ਪੇਸ਼ ਨਹੀਂ ਗਈ, ਤਾਂ ਉਸ ਨੇ ਇਕ ਦਿਨ ਰੀਮਾ ਨੂੰ ਆਖ ਹੀ ਦਿੱਤਾ, "ਤੂੰ ਮਨਜੀਤ ਨੂੰ ਲੈ ਕੇ ਜੁਦੀ ਹੋ ਜਾ।ਉਸ ਨੂੰ ਮੈਡੀਕਲ ਸਟੋਰ ਤੋਂ ਜਿਹੜਾ ੪੦੦੦ ਮਿਲਦਾ, ਉਸ ਨਾਲ ਘਰ ਦਾ ਗੁਜ਼ਾਰਾ ਚਲਾਣਾ ਬੜਾ ਔਖਾ।" "ਮੰਮੀ,ਆਪਣੇ ਮੁੰਡੇ ਨੂੰ ਸ਼ਾਮ ਨੂੰ ਘਰ ਆ ਲੈਣ ਦੇ, ਫੇਰ ਜਿੱਦਾਂ ਮਰਜ਼ੀ ਕਰ ਲਈਂ।" ਰੀਮਾ ਨੇ ਆਖਿਆ।ਜਦੋਂ ਸ਼ਾਮ ਨੂੰ ਮਨਜੀਤ ਮੈਡੀਕਲ ਸਟੋਰ ਤੋਂ ਘਰ ਪਹੁੰਚਿਆ, ਤਾਂ ਰੀਮਾ ਨੇ ਸਾਰੀ ਗੱਲ ਉਸ ਨੂੰ ਦੱਸੀ। ਮਨਜੀਤ ਨੇ ਉਸ ਨੂੰ ਰਾਤ ਚੁੱਪ ਕਰਕੇ ਕੱਟਣ ਲਈ ਕਿਹਾ।ਸਵੇਰੇ ਉੱਠਦੇ ਸਾਰ ਮਨਜੀਤ ਆਪਣੀ ਮੰਮੀ ਕੋਲ ਗਿਆ ਤੇ ਆਖਿਆ, "ਮੰਮੀ, ਦੱਸ ਕੀ ਗੱਲ ਆ ?ਕਿਉਂ ਤੂੰ ਰੀਮਾ ਨਾਲ ਵੱਧ, ਘੱਟ ਬੋਲਦੀ ਰਹਿੰਨੀ ਆਂ ?" ਮਨਜੀਤ ਦੀ ਮੰਮੀ ਦੇ ਅੰਦਰੋਂ ਜਿਵੇਂ ਕੋਈ ਜਵਾਲਾ ਫੱਟ ਗਿਆ ਹੋਵੇ, "ਵੇ ਕਾਕਾ, ਆਪਣੀ ਤੀਵੀਂ ਨੂੰ ਲੈ ਕੇ ਜੁਦਾ ਹੋ ਜਾ। ਸਾਰੀ ਦਿਹਾੜੀ ਡੱਕਾ ਨ੍ਹੀ ਤੋੜਦੀ। ਬੋਲਣਾ ਇਨੂੰ ਨੀ ਆਂਦਾ।ਮੇਰੀ ਵੱਲੋਂ ਜਿੱਥੇ ਮਰਜ਼ੀ ਜਾ ਕੇ ਰਹੋ।" "ਮੰਮੀ, ਕੀ ਇਹ ਤੇਰਾ ਆਖਰੀ ਫੈਸਲਾ ਆ ?" "ਹਾਂ, ਹਾਂ, ਆਖਰੀ।" ਮਨਜੀਤ ਨੇ ਮੈਡੀਕਲ ਸਟੋਰ ਦੇ ਮਾਲਕ ਨੂੰ ਟੈਲੀਫੋਨ ਤੇ ਸਾਰੀ ਗੱਲ ਦੱਸੀ। ਉਸ ਨੇ ਮਨਜੀਤ ਨੂੰ ਮਕਾਨ ਕਿਰਾਏ ਤੇ ਲੈ ਕੇ ਦੇ ਦਿੱਤਾ। ਰੀਮਾ ਦੇ ਮੰਮੀ, ਡੈਡੀ ਨੇ ਉਸ ਨੂੰ ਦਾਜ ਵਿੱਚ ਸੋਨੇ ਦੇ ਗਹਿਣੇ,ਫਰਿਜ,ਟੈਲੀਵੀਜ਼ਨ,ਵਾਸ਼ਿੰਗ ਮਸ਼ੀਨ,ਅਲਮਾਰੀ,ਬੈੱਡ ਬਾਕਸ,ਗੱਦੇ, ਸੋਫਾ ਸੈੱਟ,ਸਲਾਈ ਮਸ਼ੀਨ,ਸਟੀਲ ਦੇ ਭਾਂਡੇ,ਕੁੱਕਰ,ਗੈਸ ਚੁੱਲ੍ਹਾ ਤੇ ਰਸੋਈ ਵਿੱਚ ਕੰਮ ਆਣ ਵਾਲਾ ਹੋਰ ਨਿੱਕਾ,ਮੋਟਾ ਸਾਮਾਨ ਦਿੱਤਾ ਸੀ।ਮਨਜੀਤ ਤੇ ਰੀਮਾ ਨੇ ਟਰੱਕ ਮੰਗਾ ਕੇ ਸਾਰਾ ਸਾਮਾਨ ਉਸ ਵਿੱਚ ਲਦਾ ਲਿਆ। ਅੱਜ ਰੀਮਾ ਨੂੰ ਮੰਮੀ,ਡੈਡੀ ਵੱਲੋਂ ਦਿੱਤੇ ਦਾਜ ਦੀ ਅਹਿਮੀਅਤ ਦਾ ਪਤਾ ਲੱਗ ਗਿਆ ਸੀ।

**ਮੋਹਿੰਦਰ ਸਿੰਘ ਮਾਨ**

## ਛੰਨੇ ਵਾਲੀ ਚੂਰੀ

ਬੇਬੇ ਦੇ ਸਸਕਾਰ ਤੋਂ ਵਾਪਸ ਘਰ ਪਰਤੇ ਦੋਵੇਂ ਭਰਾ ਬੜੇ ਉਦਾਸ ਸਨ ਅਤੇ ਬੇਬੇ ਦੀਆਂ ਪੁਰਾਣੀਆਂ ਯਾਦਾਂ 'ਚ ਗੁਆਚੇ ਹੋਏ ਸਨ। ਅਚਾਨਕ ਬੇਬੇ ਦੀ ਵੱਡੀ ਨੂੰਹ ਜੀਤੋ ਬੋਲੀ, 'ਆਹ ਲਓ ਬੇਬੇ ਦੇ ਕੰਨਾਂ ਵਾਲੇ ਤੁੰਗਲ। ਇੱਕ ਇਹਨਾਂ ਨੂੰ ਦੇ ਦਿਓ ਤੇ ਇੱਕ ਆਪਾਂ ਰੱਖ ਲੈਨੇ ਆਂ।'' ਛੋਟੇ ਭਰਾ ਨੇ ਬਸ ਏਨਾ ਹੀ ਕਿਹਾ, ''ਭਰਜਾਈ ਜੀ, ਬੇਬੇ ਦੇ ਕੰਨਾਂ ਵਿੱਚ ਪਾਏ ਸੋਨੇ ਦੀ ਵੰਡ ਤਾਂ ਹੋ ਜਾਊ, ਪਰ ਬੇਬੇ ਦੀ ਦੋਵਾਂ ਭਰਾਵਾਂ ਨੂੰ ਇੱਕੋ ਛੰਨੇ ਖਵਾਈ ਚੂਰੀ ਦੀ ਵੰਡ ਕਿਵੇਂ ਕਰੀਏ ਤੇ ਉੱਠ ਕੇ ਬਾਹਰ ਵੱਲ ਤੁਰ ਗਿਆ।



**ਰਮਿੰਦਰ ਫਰੀਦਕੋਟੀ**
3 ਫਰੈਂਡਜ਼ ਐਵੀਨਿਊ,
ਨਿਊ ਹਰਿੰਦਰਾ ਨਗਰ, ਫ਼ਰੀਦਕੋਟ।
ਮੋਬਾਈਲ : 98159-53929

## ਪੱਥਰ

ਮੇਰੇ ਰਿਸ਼ਤੇਦਾਰ ਸੁਖਦੇਵ ਸਿੰਘ ਦੀ ਲੜਕੀ ਦੇ ਤੀਜਾ ਬੱਚਾ ਧੀ ਪੈਦਾ ਹੋਈ। ਉਸ ਤੋਂ ਪਹਿਲਾਂ ਵੀ ਦੋ ਲੜਕੀਆਂ ਸਨ। ਖਬਰਸਾਰ ਲਈ ਮੈਂ ਲੜਕੀ ਦੇ ਪਿੰਡ ਪਰਵਾਰ ਸਮੇਤ ਗਿਆ। ਜਦੋਂ ਘਰ ਵੜੇ ਤਾਂ ਸਭ ਤੋਂ ਪਹਿਲਾਂ ਲੜਕੀ ਦੀ ਸੱਸ ਬੈਠੀ ਮਿਲੀ। ਮੈਂ ਸੁੱਖ-ਸਾਂਦ ਪੁੱਛ ਕੇ ਲੜਕੀ ਦਾ ਹਾਲ-ਚਾਲ ਪੁੱਛਿਆ ਤਾਂ ਮਾਈ ਬੋਲੀ, ''ਕੀ ਦੱਸਾਂ, ਦੋ ਪੱਥਰ ਪਹਿਲਾਂ ਈ, ਤੇ ਆਹ ਇੱਕ ਪੱਥਰ ਰੱਬ ਨੇ ਹੋਰ ਸੁੱਟ 'ਤਾ। ਪਤਾ ਨੀਂ ਸਾਥੋਂ।" ਘਰ ਆ ਕੇ ਮੇਰੀ ਅੱਠ ਸਾਲ ਦੀ ਬੇਟੀ ਸੰਦੀਪ ਜੋ ਸਾਡੇ ਨਾਲ ਗਈ ਸੀ, ਕਹਿੰਦੀ, ''ਡੈਡੀ ਪੱਥਰ ਕੀ ਹੁੰਦੈ, ਜੋ ਉਥੇ ਬੇਬੇ ਕਹਿੰਦੀ ਸੀ ?"

**-ਬਲਬੀਰ ਸਿੰਘ ਬੱਬੀ**

## ਧੀਏ ਗੱਲ ਸੁਣ



ਰਾਜੋ ਬਹੁਤ ਭੋਲੀ ਸੀ ਉਸਨੂੰ ਤੇ ਬਸ ਘਰ ਦੇ ਕੰਮਾਂ ਨਾਲ ਹੀ ਮੋਹ ਸੀ ।

ਚੁਗਲੀ ਨਿੰਦਿਆ ਤੇ ਉਸ ਨੇ ਕਦੇ ਕਿਸੇ ਦੀ ਕੀਤੀ ਹੀ ਨਹੀ ਸੀ। ਸਵੇਰੇ ਉਠ ਕੇ ਪਰਮਾਤਮਾ ਦਾ ਸ਼ੁਕਰ ਕਰਦੀ ਸਾਰਾ ਦਿਨ ਕੰਮਾਂ ਚ ਲੱਗੀ ਰਹਿੰਦੀ ।

ਆਪ ਘੱਟ ਪੜੀ ਲਿਖੀਂ ਪਰ ਹਿਸਾਬ ਕਿਤਾਬ ਪੂਰਾ ਰੱਖਦੀ ਸੀ ਫਸਲਾਂ ਤੋਂ ਲੈ ਕੇ ਘਰ ਦੇ ਖਰਚੇ ਤਕ ।ਰਾਜੋ ਦਾ ਘਰਵਾਲਾ ਬੀਰ ਸਿੰਘ ਬਹੁਤ ਪੜਿਆ ਸੀ ਜਮੀਨ ਵੀ ਵਾਧੂ ਸੀ।ਪਿੰਡ ਦੇ ਸਾਂਝੇ ਕੰਮਾਂ ਚ ਵੀ ਲੋੜਵੰਦਾਂ ਦੀ ਮੱਦਦ ਕਰ ਦਿੰਦਾ ।।ਪਿੰਡ ਚ ਪੂਰਾ ਨਾਮ ਚਲਦਾ ਸੀ, ਰਾਜੋ ਤੇ ਬੀਰ ਸਿੰਘ ਦੇ ਦੋ ਬੱਚੇ ਸੀ , ਇਕ ਕੁੜੀ ਤੇ ਇਕ ਮੁੰਡਾ ਬੀਰ ਸਿੰਘ ਨੇ ਕਿਹਾ ਕਿ ਰਾਜੋ ਮੁੰਡਾ ਚਾਹੇ ਘੱਟ ਪੜ ਜੇ ਪਰ ਆਪਾਂ ਕੁੜੀ ਨੂੰ ਬਹੁਤ ਪੜਉਨਾ ਹੈ।

ਕੁੜੀ ਬਹੁਤ ਹੋਸ਼ਿਆਰ ਸੀ ਪੜ੍ਹਾਈ ਲਿਖਾਈ ਚ ਵੀ ਖੇਡਾਂ ਵਿੱਚ ਰਾਸ਼ਟਰੀ ਪੱਧਰ ਤੇ ਖੇਡ ਚੁੱਕੀ ਸੀ ।।ਕੁੜੀ ਨੂੰ ਨੋਕਰੀ ਵੀ ਮਿਲ ਗਈ ।।ਪਿੰਡ ਵਾਲੇ ਵੀ ਬੀਰ ਸਿੰਘ ਦੀ ਕੁੜੀ ਦੀਆਂ ਤਾਰੀਫ਼ਾਂ ਕਰਦੇ ਥੱਕ ਦੇ ਨਹੀਂ ਸਨ । ਰਾਜੋ ਨੇ ਆਪਣੀ ਕੁੜੀ ਨੂੰ ਕਿਹਾ ਕਿ

ਅਸੀਂ ਤੇਰੇ ਲਈ ਰਿਸ਼ਤਾ ਦੇਖ ਰਹੇ ਹਾਂ,ਕੁੜੀ ਨੇ ਜਵਾਬ ਦੇ ਦਿੱਤਾ ਕਿ ਮੈਂ ਅੱਜੇ ਵਿਆਹ ਨਹੀਂ ਕਰਵਾਉਣ , ਕੁੜੀ ਸਹਿਰ ਰਹਿੰਦੀ ਸੀ ਕੱਲੀ ਨੋਕਰੀ ਕਰਕੇ ਉਥੇ ਉਸ ਨੇ ਆਪਣੀ ਮਰਜੀ ਨਾਲ ਵਿਆਹ ਕਰਵਾ ਲਿਆ। ਰਾਜੋ ਤੇ ਬੀਰ ਸਿੰਘ ਨੂੰ ਬਹੁਤ ਦੁੱਖ ਹੋਇਆ ਇਹ ਸੁਣ ਕੇ, ਪਰ ਉਨ੍ਹਾਂ ਕੁੜੀ ਨੂੰ ਕੁਝ ਨਹੀਂ ਕਿਹਾ। ਚੁੱਪ ਹੀ ਹੋ ਗਏ ਤੇ ਕੁੜੀ ਨੂੰ ਮਿਲਣਾ ਵੀ ਬੰਦ ਕਰ ਦਿਤਾ ।ਹੋਲੀ ਹੋਲੀ ਸਮਾਂ ਆਪਣੀ ਚਾਲ ਚੱਲਦਾ ਰਿਹਾ, 13 ਸਾਲਾਂ ਬਾਅਦ ਕੁੜੀ ਆਪਣੇ ਮਾਪਿਆਂ ਨੂੰ ਮਿਲਣ ਆਈ ਹੁਣ, ਰਾਜੋ ਨੇ ਉਸ ਨੂੰ ਮਾਫ ਕਰ ਦਿੱਤਾ ਸੀ ਬੀਰ ਸਿੰਘ ਨੇ ਵੀ ਕਿਹਾ ਧੀਏ ਆਪਣੀ ਮਾਂ ਨੂੰ ਮਿੱਲ ਜਾਇਆ ਕਰ ਬਹੁਤ ਉਦਾਸ ਰਹਿੰਦੀ ਹੈ ਤੇ ਤੇਰਾ ਬਹੁਤ ਫਿਕਰ ਕਰਦੀ ਏ।

ਉਸ ਬਾਅਦ ਕੁੜੀ ਦਾ ਫੋਨ ਆ ਜਾਂਦਾ ਪਰ ਆਪ ਨਾ ਆਉਂਦੀ

ਰਾਜੋ ਨੇ ਕਹਿਣਾ ਧੀਏ ਮਿੱਲ ਜਾਇਆ ਕਰ ਆ ਕੇ ।।ਪਰ ਕੁੜੀ ਦਾ ਇਕੋ ਹੀ ਜਵਾਬ ਹੁੰਦਾ ਮਾਤਾ ਟਾਈਮ ਨਹੀਂ ਹੁੰਦਾ ਬਿਜੀ ਬਹੁਤ ਹੁੰਦੀ ਹੈ ।ਮਾਤਾ ਤੈਨੂੰ ਤੇ ਪਤਾ ਹੀ ਹੈ ਕਿ ਸਾਡਾ ਕਾਰੋਬਾਰ ਕਿੰਨਾ ਹੈਗਾ ।। ਅੱਜ ਰਾਤ ਦੇ 9 ਵੱਜੇ ਸੀ ਰਾਜੋ ਨੇ ਕੁੜੀ ਨੂੰ ਫੋਨ ਕੀਤਾ ਧੀਏ ਤੇਰੀ ਬਹੁਤ ਯਾਦ ਆ ਰਹੀ ਸੀ ਤਾਂ ਫੋਨ ਕਰ ਲਿਆ ਅੱਗੋਂ ਕੁੜੀ ਨੇ ਕਿਹਾ ਮਾਤਾ ਮੈਂ ਸਵੇਰੇ ਪਿੰਡ ਆ ਰਹੀ ਮੈਨੂੰ ਚੀਫ ਗੈਸਟ ਬਣਾਇਆ ਸਕੂਲ ਦੇ ਪ੍ਰੋਗਰਾਮ ਚ ਸਵੇਰੇ ਮਿੱਲਦੇ ਹਾਂ।

ਰਾਜੋ ਧੀ ਦੇ ਆਉਣ ਦੀ ਉਡੀਕ ਚ ਬੈਠੀ ਹੁੰਦੀ ।।ਦੁਪਹਿਰ ਨੂੰ ਕੁੜੀ ਦਾ ਫੋਨ ਆ ਜਾਂਦਾ ਮਾਤਾ ਅੱਜ ਨਹੀਂ ਆ ਸਕਦੀ ।ਹੁਣ ਸਹਿਰ ਕਿਸੇ ਮੀਟਿੰਗ ਚ ਜਾਣਾ ।ਫੋਨ ਤੇ ਦਸ ਦੇ ਕੀ ਗੱਲ ਕਰਨੀ ਸੀ ਰਾਜੋ ਫੋਨ ਬੰਦ ਕਰ ਦਿੰਦੀ ਇਹ ਕਹਿਕੇ ਕੁਝ ਨਹੀਂ ਧੀਏ ।।ਸੁਖੀ ਵਸਦੇ ਰਹੋ ਆਪਣੇ ਘਰ

**ਅਰਵਿੰਦਰ ਕੌਰ ਸੰਧੂ ਸਰਸਾ ਹਰਿਆਣਾ**



# ਕ੍ਰਾਈਮ ਸਟੋਰੀ

ਵਿਸ਼ਵ ਪ੍ਰਸਿੱਧ ਸੈਰ ਸਪਾਟਾ ਸਥਾਨ ਮਾਂਡੂ ਦੇ ਨਜ਼ਦੀਕ ਦੇ ਇਕ ਪਿੰਡ ਤਾਰਾਪੁਰ ਵਿੱਚ ਪੈਦਾ ਹੋਈ ਪਿੰਕੀ ਨੂੰ ਦੇਖ ਕੇ ਕੋਈ ਯਕੀਨ ਨਹੀਂ ਕਰ ਸਕਦਾ ਸੀ ਕਿ ਉਹ ਇਕ ਆਦਿਵਾਸੀ ਲੜਕੀ ਹੈ। ਇਸ ਦੀ ਵਜ ਾ ਇਹ ਸੀ ਕਿ ਪਿੰਕੀ ਦੇ ਨੈਣ ਨਕਸ਼ ਅਤੇ ਰਹਿਣ-ਸਹਿਣ ਸਭ ਕੁਝ ਸ਼ਹਿਰੀਆਂ ਵਰਗੇ ਸਨ। ਇੰਨਾ ਹੀ ਨਹੀਂ, ਉਸ ਦੀ ਇੱਛਾ ਅਤੇ ਇਰਾਦੇ ਵੀ ਸ਼ਹਿਰੀਆਂ ਵਰਗੇ ਸਨ, ਜਿਹਨਾਂ ਨੂੰ ਪੂਰਾ ਕਰਨ ਦੇ ਲਈ ਉਹ ਕੋਈ ਵੀ ਰਿਸਕ ਲੈਣ ਤੋਂ ਕਤਰਾਉਂਦੀ ਨਹੀਂ ਸੀ।

ਬਾਜ਼ ਬਹਾਦਰ ਅਤੇ ਰਾਣੀ ਰੂਪਮਤੀ ਦੀ ਪ੍ਰੇਮ ਕਹਾਣੀ ਕਹਿਣ ਵਾਲੇ ਮਾਂਡੂ ਦੇ ਆਸ ਪਾਸ ਸੈਂਕੜੇ ਛੋਟੇ-ਛੋਟੇ ਪਿੰਡ ਹਨ ਜਿੱਥੋਂ ਦੀ ਖਖੂਬਸੂਰਤ ਛਟਾ ਅਤੇ ਇਤਿਹਾਸਕ ਇਮਾਰਤਾਂ ਦੇਖਣ ਲਈ ਦੁਨੀਆਂ ਭਰ ਤੋਂ ਕੁਦਰਤ ਪ੍ਰੇਮੀ ਅਤੇ ਸ਼ਾਂਤੀ ਪ੍ਰਿਆ ਲੋਕ ਆਉਂਦੇ ਹਨ। ਇੱਥੇ ਆਉਣ ਵਾਲੇ ਮਹਿਸੂਸ ਕਰਦੇ ਹਨ ਕਿ ਇੱਥੇ ਵਾਕਿਆ ਹੀ ਕੁਦਰਤੀ ਅਤੇ ਪ੍ਰੇਮ ਦਾ ਆਪਸ ਵਿੱਚ ਗਹਿਰਾ ਸਬੰਧ ਹੈ।

ਇੱਥੋਂ ਦੀਆਂ ਲੜਕੀਆਂ ਦੀ ਅੱਲੜ ਤਾ, ਰਵਾਇਤ ਅਤੇ ਅਨੁਵੰਸ਼ਕੀ ਖ਼ੂਬਸੂਰਤੀ ਦੇਖ ਕੇ ਇਹ ਧਾਰਨਾ ਹੋਰ ਵੀ ਪ੍ਰਬੱਲ ਹੁੰਦੀ ਹੈ ਕਿ ਪ੍ਰੇਮ ਵਾਕਿਆ ਹੀ ਪ੍ਰੇਮ ਹੈ। ਇਸ ਦਾ ਕੋਈ ਵਿਕਲਪ ਨਹੀਂ ਸਿਵਾਏ ਪ੍ਰੇਮ ਦੇ। ਛੋਟੀ ਪਿੰਕੀ ਜਦੋਂ ਮਾਂਡੂ ਆਉਣ ਵਾਲੇ ਸੈਲਾਨੀਆਂ ਨੂੰ ਦੇਖਦੀ ਅਤੇ ਉਹਨਾਂ ਦੀਆਂ ਗੱਲਾਂ ਸੁਣਦੀ ਤਾਂ ਉਸ ਨੂੰ ਲਗਦਾ ਕਿ ਜਿਵੇਂ ਦੀ ਜ਼ਿੰਦਗੀ ਉਸ ਨੂੰ ਚਾਹੀਦੀ ਹੈ ਵੈਸੀ ਉਸ ਦੀ ਕਿਸਮਤ ਵਿੱਚ ਨਹੀਂ ਕਿਉਂਕਿ ਦੁਨੀਆਂ ਵਿੱਚ ਕਾਫ਼ੀ ਕੁਝ ਪੈਸਿਆਂ ਨਾਲ ਮਿਲਦਾ ਹੈ, ਜੋ ਉਸ ਕੋਲ ਹੈ ਨਹੀਂ।

ਮਾਮੂਲੀ ਖਾਂਦੇ-ਪੀਂਦੇ ਪਰਿਵਾਰ ਦੀ ਪਿੰਕੀ ਜਿਵੇਂ-ਜਿਵੇਂ ਵੱਡੀ ਹੁੰਦੀ ਗਈ, ਉਵੇਂ ਹੀ ਜਵਾਨੀ ਦੇ ਨਾਲ ਨਾਲ ਉਸ ਦੀਆਂ ਇੱਛਾਵਾਂ ਵੀ ਪ੍ਰਵਾਨ ਚੜ ਦੀਆਂ ਗਈਆਂ। ਜਵਾਨ ਹੁੰਦੇ ਹੁੰਦੇ ਪਿੰਕੀ ਨੂੰ ਇੰਨਾ ਤਾਂ ਸਮਝ ਵਿੱਚ ਆਉਣ ਲੱਗ ਗਿਆ ਸੀ ਕਿ ਇਹ ਸਭ ਕੁਝ, ਯਾਨਿ ਵੱਡਾ ਬੰਗਲਾ, ਮੋਟਰ ਗੱਡੀ, ਗਹਿਣੇ, ਫ਼ੈਸ਼ਨ ਦੀਆਂ ਸਾਰੀਆਂ ਚੀਜ਼ਾਂ, ਆਦਿ ਉਸ ਦੀ ਕਿਸਮਤ ਵਿੱਚ ਨਹੀਂ। ਲਿਹਾਜ਼ਾ ਜੋ ਹੈ, ਉਸ ਨੂੰ ਉਸੇ ਵਿੱਚ ਸੰਤੁਸ਼ਟੀ ਕਰ ਲੈਣੀ ਚਾਹੀਦੀ ਹੈ।

ਪਰ ਇਸ ਦੇ ਬਾਵਜੂਦ ਪਿੰਕੀ ਆਪਣੇ ਸ਼ੌਂਕ ਨਹੀਂ ਦਬਾ ਸਕੀ। ਘੁੰਮਣ-ਫ਼ਿਰਨ ਅਤੇ ਮੌਜ ਮਸਤੀ ਕਰਨ ਦੇ ਉਸ ਦੇ ਸੁਪਨੇ ਦਿਲ ਵਿੱਚ ਦਫ਼ਨ ਹੋ ਹੋ ਕੇ ਰਹਿ ਗਏ ਸਨ। ਘਰ ਵਾਲਿਆਂ ਨੇ ਸਮੇਂ 'ਤੇ ਉਸ ਦਾ ਵਿਆਹ ਧਰਮਪੁਰੀ ਕਸਬੇ ਦੇ ਨਜ਼ਦੀਕ ਦੇ ਪਿੰਡ ਰਾਮਪੁਰ ਦੇ ਵਿਜੇ ਚੌਹਾਨ ਨਾਲ ਕਰ ਦਿੱਤਾ। ਵਿਆਹ ਤੋਂ ਬਾਅਦ ਉਹ ਆਪਣੇ ਪਤੀ ਨਾਲ ਧਾਰ ਦੇ ਜੁਲਾਨੀਆ ਵਿੱਚ ਜਾ ਕੇ ਰਹਿਣ ਲੱਗੀ।

ਪੇਸ਼ੇ ਤੋਂ ਡਰਾਈਵਰ ਵਿਜੇ ਆਪਣੀ ਪਤਨੀ ਦੀ ਇਸ ਕਮਜ਼ੋਰੀ ਨੂੰ ਜਲਦੀ ਹੀ ਸਮਝ ਗਿਆ ਸੀ ਕਿ ਪਿੰਕੀ ਦੇ ਸੁਪਨੇ ਬਹੁਤ ਵੱਡੇ ਹਨ, ਜਿਹਨਾਂ ਨੂੰ ਪੂਰਾ ਕਰਨ ਦੇ ਲਈ ਬਹੁਤ ਸਾਰੀ ਦੌਲਤ ਚਾਹੀਦੀ ਹੋਵੇਗੀ। ਉਹਨਾਂ ਨੂੰ ਕਮਾ ਕੇ ਪੂਰੇ ਕਰ ਸਕਣਾ ਘੱਟ ਤੋਂ ਘੱਟ ਇਸ ਜਨਮ ਵਿੱਚ ਤਾਂ ਉਸ ਦੇ ਵੱਸ ਦੀ ਗੱਲ ਨਹੀਂ। ਇਸ ਤੋਂ ਬਾਅਦ ਵੀ ਉਸ ਦੀ ਹਰ ਮੁਮਕਿਨ ਕੋਸ਼ਿਸ਼ ਇਹੀ ਰਹਿੰਦੀ ਸੀ ਕਿ ਉਹ ਹਰ ਖ਼ੁਸ਼ੀ ਲਿਆ ਕੇ ਆਪਣੀ ਪਤਨੀ ਦੇ ਕਦਮਾਂ ਵਿੱਚ ਸੁੱਟ ਦੇਵੇ।

ਇਸ ਲਈ ਉਹ ਹੱਡ ਭੰਨਵੀਂ ਮਿਹਨਤ ਕਰਦਾ ਸੀ, ਪਰ ਡਰਾਈਵਰੀ ਤੋਂ ਇੰਨੀ ਆਮਦਨੀ ਨਹੀਂ ਹੋ ਪਾਉਂਦੀ ਸੀ ਕਿ ਉਹ ਸਭ ਕੁਝ ਪਿੰਕੀ ਦੀਆਂ ਲੋੜਾਂ ਅਨੁਸਾਰ ਖ਼ਰੀਦ ਸਕਦਾ। ਇੱਛਾ ਹੈ ਪਰ ਜ਼ਰੂਰਤ ਨਹੀਂ, ਇਹ ਗੱਲ ਵਿਜੇ ਪਿੰਕੀ ਨੂੰ ਤਰ ਾਂ-ਤਰ ਾਂ ਨਾਲ ਵਕਤ-ਵਕਤ 'ਤੇ ਸਮਝਾਉਂਦਾ ਵੀ ਰਹਿੰਦਾ ਸੀ।

ਪਰ ਆਪਣੀਆਂ ਸ਼ਰਤਾਂ 'ਤੇ ਜ਼ਿੰਦਗੀ ਜਿਊਣ ਦੀ ਆਦਤੀ ਹੁੰਦੀ ਜਾ ਰਹੀ ਸੀ ਪਿੰਕੀ ਨੂੰ। ਪਤੀ ਦੀ ਮਜਬੂਰੀ ਤਾਂ ਸਮਝ ਵਿੱਚ ਆਉਂਦੀ ਸੀ, ਪਰ ਉਸ ਦੀਆਂ ਗੱਲਾਂ ਦਾ ਅਸਰ ਉਸ ਤੋਂ ਬਹੁਤ ਜਲਦੀ ਉਤਰ ਜਾਂਦਾ ਸੀ। ਵਿਆਹ ਤੋਂ ਬਾਅਦ ਕੁਝ ਦਿਨ ਤਾਂ ਪਿਆਰ-ਮੁਹੱਬਤ ਵਿੱਚ ਠੀਕ-ਠਾਕ ਗੁਜ਼ਰੇ। ਇਸ ਵਿਚਕਾਰ ਪਿੰਕੀ ਨੇ ਦੋ ਬੇਟਿਆਂ ਨੂੰ ਜਨਮ ਦਿੱਤਾ ਜਿਹਨਾਂ ਦੇ ਨਾਂ ਹਿਮਾਂਸ਼ੂ ਅਤੇ ਅਨੁਜ ਰੱਖੇ ਗਏ।

ਵਿਜੇ ਨੂੰ ਜ਼ਿੰਦਗੀ ਵਿੱਚ ਸਭ ਕੁਝ ਮਿਲ ਚੁੱਕਾ ਸੀ ਸੋ ਉਹ ਸੰਤੁਸ਼ਟ ਸੀ, ਪਰ ਪਿੰਕੀ ਦੀ ਬੇਚੈਨੀ ਅਤੇ ਛਟਪਟਾਹਟ ਪਹਿਲਾਂ ਵਾਂਗ ਹੀ ਬਰਕਰਾਰ ਸੀ। ਬੇਟਿਆਂ ਦੇ ਕੁਝ ਵੱਡਾ ਹੁੰਦੇ ਹੀ ਉਸ ਦੀਆਂ ਹਸਰਤਾਂ ਫ਼ਿਰ ਸਿਰ ਚੁੱਕਣ ਲੱਗੀਆਂ। ਬੱਚਿਆਂ ਦੇ ਪੈਦਾ ਹੋ ਜਾਣ ਤੋਂ ਬਾਅਦ ਘਰ ਦੇ ਖ਼ਰਚੇ ਵੱਧ ਗਏ ਸਨ, ਪਰ ਵਿਜੇ ਦੀ ਆਮਦਨੀ ਵਿੱਚ ਕੋਈ ਖ਼ਾਸ ਵਾਧਾ ਨਹੀਂ ਸੀ ਹੋਇਆ।

ਅਕਸਰ ਨੌਕਰੀ ਦੇ ਸਿਲਸਿਲੇ ਵਿੱਚ ਵਿਜੇ ਨੂੰ ਲੰਮੇ-ਲੰਮੇ ਟੂਰ ਕਰਨੇ ਪੈਂਦੇ ਸਨ। ਇਸੇ ਵਿਚਕਾਰ ਪਿੰਕੀ ਦੀ ਹਾਲਤ ਹੋਰ ਵੀ ਖ਼ਸਤਾ ਹੋ ਜਾਂਦੀ ਸੀ। ਪਤੀ ਇਸ ਤੋਂ ਜ਼ਿਆਦਾ ਨਾ ਕੁਝ ਕਰ ਸਕਦਾ ਹੈ ਅਤੇ ਨਾ ਕਰ ਸਕੇਗਾ। ਇਹ ਗੱਲ ਚੰਗੀ ਤਰ ਾਂ ਉਸ ਦੀ ਸਮਝ ਵਿੱਚ ਆ ਚੁੱਕੀ ਸੀ। ਹੁਣ ਤਕ ਵਿਆਹ ਹੋਏ 17 ਸਾਲ ਹੋ ਗਏ ਸਨ, ਇਸ ਕਰ ਕੇ ਹੁਣ ਉਸ ਨੂੰ ਵਿਜੇ ਤੋਂ ਅਜਿਹੀ ਕੋਈ ਉਮੀਦ ਨਹੀਂ ਸੀ ਕਿ ਉਹ ਉਸ ਦੀਆਂ ਖ਼ਆਹਿਸ਼ਾਂ ਪੂਰੀਆਂ ਕਰੇਗਾ।

ਫ਼ਿਰ ਜਲਦੀ ਹੀ ਪਿੰਕੀ ਦੀ ਜ਼ਿੰਦਗੀ ਵਿੱਚ ਇੱਕ ਅਜਿਹਾ ਮੋੜ ਆਇਆ ਜੋ ਅੰਨ ਾ ਵੀ ਸੀ ਅਤੇ ਖ਼ਤਰਨਾਕ ਵੀ। ਇਹ ਇਕ ਅਜਿਹਾ ਮੋੜ ਸੀ ਜਿਸ ਦਾ ਸਫ਼ਰ ਤਾਂ ਸੁਹਾਵਣਾ ਸੀ ਪਰ ਮੰਜ਼ਿਲ ਮਿਲਣ




## ਖ਼ਵਾਇਸ਼ਾਂ ਨੇ ਉਜਾੜਿਆ ਪਰਿਵਾਰ

ਦੀ ਕੋਈ ਗਰੰਟੀ ਨਹੀਂ ਸੀ। ਇਸ ਤੋਂ ਬਾਅਦ ਪਿੰਕੀ ਉਸ ਅੰਨੇ ਪਰ ਦਿਲਚਸਪ ਰਸਤੇ 'ਤੇ ਚੱਲ ਪਈ। ਉਸ ਨੇ ਨਾ ਅੰਜਾਮ ਦੀ ਪਰਵਾਹ ਕੀਤੀ ਅਤੇ ਨਾ ਹੀ ਪਤੀ ਅਤੇ ਬੱਚਿਆਂ ਦੀ। ਇਸ ਨਾਲ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਇੱਛਾਵਾਂ ਅਤੇ ਗ਼ੈਰ ਜ਼ਰੂਰੀ ਲੋੜਾਂ ਸਾਹਮਣੇ ਜ਼ਿੰਮੇਵਾਰੀਆਂ ਨੇ ਦਮ ਤੋੜ ਦਿੱਤਾ ਸੀ। ਪਿੰਕੀ ਨੂੰ ਸੰਭਲ ਕੇ ਚੱਲਣ ਦੀ ਬਜਾਏ ਫ਼ਿਸਲਣ ਵਿੱਚ ਜ਼ਿਆਦਾ ਫ਼ਾਇਦਾ ਨਜ਼ਰ ਆਇਆ।

ਵਿਜੇ ਦਾ ਇੱਕ ਦੋਸਤ ਸੀ ਦਲੀਪ ਚੌਹਾਨ। ਉਹ ਬੇਰੁਜ਼ਗਾਰ ਸੀ ਅਤੇ ਕੰਮ ਦੀ ਭਾਲ ਵਿੱਚ ਇੱਧਰ-ਉੱਧਰ ਭਟਕ ਰਿਹਾ ਸੀ। ਕਾਫ਼ੀ ਦਿਨਾਂ ਬਾਅਦ ਦੋਵੇਂ ਮਿਲੇ ਤਾਂ ਵਿਜੇ ਨੂੰ ਉਸ ਦੀ ਹਾਲਤ 'ਤੇ ਤਰਸ ਆ ਗਿਆ। ਉਸ ਨੇ ਹੌਲੀ-ਹੌਲੀ ਦਲੀਪ ਨੂੰ ਡ੍ਰਾਈਵਿੰਗ ਸਿਖਾ ਦਿੱਤੀ। ਧਾਰ, ਮਾਂਡੂ ਅਤੇ ਇੰਦੌਰ ਵਿੱਚ ਡ੍ਰਾਈਵਰਾਂ ਦੀ ਕਾਫ਼ੀ ਮੰਗ ਹੈ, ਇਸ ਕਰ ਕੇ ਡ੍ਰਾਈਵਿੰਗ ਸਿੱਖਣ ਤੋਂ ਬਾਅਦ ਉਹ ਗੱਡੀ ਚਲਾਉਣ ਲੱਗਾ। ਦੋਸਤ ਹੋਣ ਦੇ ਨਾਲ ਨਾਲ ਵਿਜੇ ਹੁਣ ਉਸ ਦਾ ਉਸਤਾਦ ਵੀ ਸੀ।

ਡ੍ਰਾਈਵਿੰਗ ਸਿੱਖਣ ਦੌਰਾਨ ਦਲੀਪ ਦਾ ਵਿਜੇ ਦੇ ਘਰ ਆਉਣਾ-ਜਾਣਾ ਕਾਫ਼ੀ ਵੱਧ ਗਿਆ। ਇਕ ਤਰ ਾਂ ਨਾਲ ਉਹ ਘਰ ਦੇ ਮੈਂਬਰ ਵਰਗਾ ਹੋ ਗਿਆ ਸੀ। ਜਦੋਂ ਵਿਜੇ ਦਲੀਪ ਨੂੰ ਡ੍ਰਾਈਵਿੰਗ ਸਿਖਾ ਰਿਹਾ ਸੀ ਤਾਂ ਪਿੰਕੀ ਦਲੀਪ ਨੂੰ ਜਿਸਮ ਦੀ ਜ਼ੁਬਾਨ ਸਮਝਾਉਣ ਲੱਗੀ। ਉਸ ਦੇ ਹੁਸਨ ਅਤੇ ਅਦਾਵਾਂ ਦਾ ਦੀਵਾਨਾ ਹੋ ਕੇ ਦਲੀਪ ਦੋਸਤੀ-ਯਾਰੀ ਹੀ ਨਹੀਂ, ਗੁਰੂ ਚੇਲੇ ਦੀ ਪ੍ਰੰਪਰਾ ਅਤੇ ਰਿਸ਼ਤੇ ਨੂੰ ਵੀ ਭੁੱਲ ਕੇ ਪਿੰਕੀ ਦੇ ਪਿਆਰ ਵਿੱਚ ਕੁਝ ਇਸ ਤਰ ਾਂ ਡੁੱਬਿਆ ਕਿ ਉਸ ਨੂੰ ਵੀ ਚੰਗੇ-ਮਾੜੇ ਦਾ ਹੋਸ਼ ਨਾ ਰਿਹਾ।

ਅਜਿਹੇ ਮਾਮਲਿਆਂ ਵਿੱਚ ਅਕਸਰ ਔਰਤ ਹੀ ਪਹਿਲ ਕਰਦੀ ਹੈ ਜਿਸ ਕਾਰਨ ਮਰਦ ਨੂੰ ਫ਼ਿਸਲਦਿਆਂ ਦੇਰ ਨਹੀਂ ਲਗਦੀ। ਦਲੀਪ ਇਕੱਲਾ ਸੀ, ਸੋ ਉਸ ਦੇ ਖ਼ਰਚੇ ਘੱਟ ਸਨ। ਇਸ ਕਰ ਕੇ ਉਹ ਆਪਣੀ ਕਮਾਈ ਪਿੰਕੀ ਦੇ ਸ਼ੌਂਕ ਅਤੇ ਖ਼ਵਾਹਿਸ਼ਾਂ ਨੂੰ ਪੂਰਾ ਕਰਨ ਵਿੱਚ ਖ਼ਰਚ ਕਰਨ ਲੱਗਾ। ਇਸ ਦੇ ਬਦਲੇ ਪਿੰਕੀ ਉਸ ਦੀਆਂ ਜਿਸਮਾਨੀ ਜ਼ਰੂਰਤਾਂ ਪੂਰੀਆਂ ਕਰਨ ਲੱਗੀ। ਜਦੋਂ ਵੀ ਵਿਜੇ ਘਰ ਨਾ ਹੁੰਦਾ ਜਾਂ ਗੱਡੀ ਲੈ ਕੇ ਕਿਤੇ ਬਾਹਰ ਗਿਆ ਹੁੰਦਾ ਤਾਂ ਦਲੀਪ ਉਸ ਦੇ ਘਰੇ ਹੁੰਦਾ।

ਪਤੀ ਦੀ ਗ਼ੈਰ-ਹਾਜ਼ਰੀ ਵਿੱਚ ਪਿੰਕੀ ਉਸ ਦੇ ਨਾਲ ਆਨੰਦ ਦੇ ਸਾਗਰ ਵਿੱਚ ਗੋਤੇ ਲਗਾਉਂਦੀ। ਵਿਜੇ ਇਸ ਰਿਸ਼ਤੇ ਤੋਂ ਅਣਜਾਣ ਸੀ ਕਿਉਂਕਿ ਉਸ ਨੂੰ ਪਤਨੀ ਅਤੇ ਦੋਸਤ ਦੋਹਾਂ 'ਤੇ ਪੂਰਨ ਭਰੋਸਾ ਸੀ। ਇਹ ਭਰੋਸਾ ਓਦੋਂ ਟੁੱਟਿਆ ਜਦੋਂ ਉਸਮਨੂੰ ਪਤਨੀ ਅਤੇ ਦੋਸਤ ਦੇ ਸਬੰਧਾਂ ਦਾ ਅਹਿਸਾਸ ਹੋਇਆ।

ਸ਼ੱਕ ਹੁੰਦੇ ਹੀ ਉਹ ਦੋਹਾਂ ਦੀ ਚੋਰੀ-ਛਿਪੇ ਨਿਗਰਾਨੀ ਕਰਨ ਲੱਗਾ। ਫ਼ਿਰ ਜਲਦੀ ਹੀ ਉਸ ਦੇ ਸਾਹਮਣੇ ਸਪਸ਼ਟ ਹੋ ਗਿਆ ਕਿ ਉਸ ਦੀ ਪਤਨੀ ਬੇਵਫ਼ਾ ਅਤੇ ਯਾਰ ਦਗ਼ਾਬਾਜ਼ ਨਿਕਲਿਆ। ਸ਼ੱਕ ਦੇ ਯਕੀਨ ਵਿੱਚ ਬਦਲਣ 'ਤੇ ਵਿਜੇ ਤਿਲਮਿਲਾ ਉਠਿਆ, ਪਰ ਇਹ ਪਿੰਕੀ ਦੇ ਪ੍ਰਤੀ ਉਸ ਦੀ ਦੀਵਾਨਗੀ ਹੀ ਸੀ ਕਿ ਉਸ ਨੇ ਕੋਈ ਸਖ਼ਤ ਕਦਮ ਨਾ ਚੁੱਕਦੇ ਹੋਏ ਉਸ ਨੂੰ ਸਮਝਾਇਆ। ਪਰ ਪਾਣੀ ਸਿਰ ਤੋਂ ਲੰਘ ਚੁੱਕਾ ਸੀ। ਦਰਅਸਲ ਤਾਂ, ਕਿਉਂਕਿ ਪਤੀ ਦਾ ਹਾਲੇ ਵੀ ਕੁਝ ਲਿਹਾਜ਼ ਅਤੇ ਡਰ ਸੀ ਜਿਸ ਕਰ ਕੇ ਪਿੰਕੀ ਖੁੱਲੇ ਆਮ ਆਪਣੇ ਆਸ਼ਕ ਦਿਓਰ ਨਾਲ ਰੰਗਰਲੀਆਂ ਨਹੀਂ ਸੀ ਮਨਾ ਰਹੀ। ਫ਼ਿਰ ਇਕ ਦਿਨ ਪਿੰਕੀ ਕੋਈ ਪਰਵਾਹ ਕੀਤੇ ਬਿਨਾਂ ਦਲੀਪ ਦੇ ਨਾਲ ਹੀ ਚਲੀ ਗਈ। ਚਲੀ ਜਾਣ ਦਾ ਮਤਲਬ ਇਹ ਨਹੀਂ ਸੀ ਕਿ ਉਹ ਅੱਧੀ ਰਾਤ ਨੂੰ ਕੁਝ ਜ਼ਰੂਰੀ ਸਮਾਨ ਲੈ ਕੇ ਪ੍ਰੇਮੀ ਨਾਲ ਕਿਤੇ ਦੌੜ ਗਈ ਸੀ ਬਲਕਿ ਉਸ ਨੇ ਵਿਜੇ ਨੂੰ ਬਕਾਇਦਾ ਤਲਾਕ ਦੇ ਦਿੱਤਾ ਅਤੇ ਉਸ ਦੀ ਗ੍ਰਹਿਸਥੀ ਦੇ ਬੰਧਨ ਤੋਂ ਖ਼ੁਦ ਨੂੰ ਮੁਕਤ ਕਰ ਲਿਆ।

ਕੋਈ ਰੁਕਾਵਟ ਜਾਂ ਅੜਿੱਕਾ ਪੇਸ਼ ਨਾ ਆਵੇ, ਇਸ ਲਈ ਉਹ ਅਤੇ ਦਲੀਪ ਧਾਰ ਆ ਕੇ ਰਹਿਣ ਲੱਗੇ। ਪਹਿਲਾਂ ਪ੍ਰੇਮਿਕਾ ਅਤੇ ਹੁਣ ਪਤਨੀ ਬਣ ਗਈ ਪਿੰਕੀ ਲਈ ਦਲੀਪ ਨੇ ਧਾਰ ਦੀ ਸਿਲਵਰ ਹਿਲ ਕਾਲੋਨੀ ਵਿੱਚ ਮਕਾਨ ਲੈ ਲਿਆ। ਮਕਾਨ ਅਤੇ ਕਾਲੋਨੀ ਦਾ ਮਾਹੌਲ ਠੀਕ ਅਜਿਹਾ ਹੀ ਸੀ ਜਿਵੇਂ ਪਿੰਕੀ ਸੋਚਿਆ ਕਰਦੀ ਸੀ।

ਇਹ ਪਿੰਕੀ ਦੇ ਦੂਜੇ ਪਰਿਵਾਰ ਦੀ ਸ਼ੁਰੂਆਤ ਸੀ ਜਿਸ ਵਿੱਚ ਦਲੀਪ ਉਸ ਦਾ ਇਕ ਤਰ ਾਂ ਨਾਲ ਦੀਵਾਨਾ ਸੀ। ਜਿਵੇਂ ਪਹਿਲੇ ਵਿਆਹ ਤੋਂ ਬਾਅਦ ਵਿਜੇ ਹੋਇਆ ਕਰਦਾ ਸੀ। ਪਤੀ ਆਲੇ-ਦੁਆਲੇ ਘੁੰਮਦਾ ਸੀ, ਹੋਟਲਾਂ ਵਿੱਚ ਖਾਣਾ ਖੁਆਵੇ, ਸਿਨੇਮਾ ਦਿਖਾਵੇ। ਇਹੀ ਪਿੰਕੀ ਚਾਹੁੰਦੀ ਸੀ ਜੋ ਦਲੀਪ ਕਰ ਰਿਹਾ ਸੀ। ਖ਼ਰੀਦਦਾਰੀ ਕਰਾਉਣ ਵਿੱਚ ਵੀ ਉਹ ਵਿਜੇ ਵਰਗੀ ਕਜੂੰਸੀ ਨਹੀਂ ਸੀ ਕਰਦਾ।

ਇੱਥੇ ਵੀ ਕੁਝ ਦਿਨ ਤਾਂ ਵਧੀਆ ਲੰਘੇ ਪਰ ਜਲਦੀ ਹੀ ਦਲੀਪ ਦੀ ਜੇਬ ਜਵਾਬ ਦੇਣ ਲੱਗੀ। ਪਿੰਕੀ ਦੇ ਹੁਸਨ ਨੂੰ ਉਹ ਹੁਣ ਤਕ ਜੀ ਭਰ ਕੇ ਭੋਗ ਚੁੱਕਾ ਸੀ, ਇਸ ਕਰ ਕੇ ਉਸ ਦੀ ਗਰਮੀ ਉਤਰਨ ਲੱਗੀ ਸੀ, ਪਰ ਪਤਨੀ ਬਣਾ ਕੇ ਲਿਆਇਆ ਸੀ ਸੋ ਪਿੰਕੀ ਨੂੰ ਉਹ ਕੁਝ ਨਹੀਂ ਸੀ ਕਹਿ ਸਕਦਾ। ਪਿਆਰ ਦੇ ਦਿਨਾਂ ਦੌਰਾਨ ਕੀਤੇ ਗਏ ਵਾਅਦਿਆਂ ਦਾ ਹਲਫ਼ਨਾਮਾ ਪਿੰਕੀ ਕਦੇ ਵੀ ਖੋਲ ਕੇ ਬੈਠ ਜਾਂਦੀ ਸੀ ਤਾਂ ਉਸ ਦੀ ਕੋਈ ਜ਼ੁਬਾਨ ਨੂੰ ਕੋਈ ਸਫ਼ਾਈ ਨਹੀਂ ਸੀ ਸੁੱਝਦੀ।

ਜਲਦੀ ਹੀ ਪਿੰਕੀ ਦੀ ਸਮਝ ਵਿੱਚ ਆ ਗਿਆ ਕਿ ਦਲੀਪ ਵੀ ਹੁਣ ਉਸ ਦੀਆਂ ਇੱਛਾਵਾਂ ਪੂਰੀਆਂ ਨਹੀਂ ਕਰ ਸਕਦਾ ਤਾਂ ਉਹ ਉਸ ਤੋਂ ਤੰਗ ਆ ਗਈ, ਪਰ ਹੁਣ ਉਹ ਸਿਵਾਏ ਕਲਪਣ ਦੇ ਹੋਰ ਕੁਝ ਨਹੀਂ ਕਰ ਸਕਦੀ ਸੀ। ਦਲੀਪ ਦੀ ਚਾਦਰ ਵਿੱਚ ਵੀ ਹੁਣ ਪਿੰਕੀ ਦੇ ਪੈਰ ਨਹੀਂ ਸਮਾ ਰਹੇ ਸਨ। ਗ੍ਰਹਿਸਥੀ ਦੇ ਖ਼ਰਚੇ ਵੱਧ ਰਹੇ ਸਨ। ਇਸ ਕਰ ਕੇ ਪਿੰਕੀ ਨੇ ਵੀ ਪੀਥਮਪੁਰ ਦੀ ਇਕ ਫ਼ੈਕਟਰੀ ਵਿੱਚ ਨੌਕਰੀ ਕਰ ਲਈ ਕਿਉਂਕਿ ਆਪਣੀ ਸਥਿਤੀ ਤੋਂ ਨਾ ਤਾਂ ਉਹ ਖ਼ੁਸ਼ ਸੀ ਅਤੇ ਨਾ ਹੀ ਸੰਤੁਸ਼ਟ।

ਇਸ ਉਮਰ ਅਤੇ ਹਾਲਾਤ ਵਿੱਚ ਤੀਜਾ ਵਿਆਹ ਉਹ ਕਰ ਨਹੀਂ ਸੀ ਸਕਦੀ, ਪਰ ਵਿਜੇ ਨੂੰ ਉਹ ਭੁੱਲ ਨਾ ਸਕੀ ਜੋ ਹੁਣ ਵੀ ਜੁਲਾਨੀਆ ਵਿੱਚ ਰਹਿ ਰਿਹਾ ਸੀ। ਪਿੰਕੀ ਨੂੰ ਲੱਗਾ ਕਿ ਕਿਉਂ ਨਾ ਪਹਿਲੇ ਪਤੀ ਨੂੰ ਦੇਖੀਏ ਅਤੇ ਦੁਬਾਰਾ ਉਸੇ ਨੂੰ ਹੀ ਨਿਚੋੜਿਆ ਜਾਵੇ। ਇਹ ਸੋਚ ਕੇ ਉਸ ਨੇ ਇਕ ਦਿਨ ਵਿਜੇ ਨੂੰ ਫ਼ੋਨ ਕੀਤਾ ਤਾਂ ਸ਼ੁਰੂਆਤੀ ਸ਼ਿਕਵੇ-ਸ਼ਿਕਾਇਤਾਂ ਸੁਣਨ ਤੋਂ ਬਾਅਦ, ਉਸ ਨੂੰ ਗੱਲ ਬਣਦੀ ਨਜ਼ਰ ਆਈ।

ਅਜਿਹਾ ਆਪਣੇ ਦੇਸ਼ ਵਿੱਚ ਬਹੁਤ ਘੱਟ ਹੁੰਦਾ ਹੈ ਕਿ ਤਲਾਕ ਤੋਂ ਬਾਅਦ ਪਤੀ-ਪਤਨੀ ਵਿੱਚ ਦੁਬਾਰਾ ਪਿਆਰ ਜਾਗ ਪਵੇ। ਹਾਂ ਯੌਰਪ ਜਾਂ ਅਮਰੀਕਾ ਵਿੱਚ ਇਹ ਆਮ ਗੱਲ ਹੈ। ਵਿਜੇ ਨੇ ਦੁਬਾਰਾ ਉਸ ਵਿੱਚ ਦਿਲਚਸਪੀ ਦਿਖਾਈ ਤਾਂ ਪਿੰਕੀ ਦੀ ਗੱਲ ਬਣ ਗਈ।

ਉਹ 28 ਜੁਲਾਈ ਦੀ ਰਾਤ ਸੀ ਜਦੋਂ ਦਲੀਪ ਰੋਜ਼ਾਨਾ ਵਾਂਗ ਆਪਣੀ ਡਿਊਟੀ ਕਰ ਕੇ ਘਰ ਮੁੜਿਆ। ਉਸ ਨੂੰ ਇਹ ਦੇਖ ਕੇ ਹੈਰਾਨੀ ਹੋਈ ਕਿ ਉਸ ਦੇ ਘਰ ਵਿੱਚ ਧੂੰਆ ਨਿਕਲ ਰਿਹਾ ਹੈ, ਯਾਨਿ ਘਰ ਸੜ ਰਿਹਾ ਹੈ। ਉਸ ਨੇ ਸ਼ੋਰ ਮਚਾਉਣਾ ਆਰੰਭ ਕੀਤਾ ਤਾਂ ਦੇਖਦੇ ਹੀ ਦੇਖਦੇ ਪੜੌਸੀ ਇਕੱਠੇ ਹੋ ਗਏ ਅਤੇ ਘਰ ਦਾ ਦਰਵਾਜ਼ਾ ਤੋੜ ਦਿੱਤਾ ਜੋ ਅੰਦਰੋਂ ਬੰਦ ਸੀ। ਅੰਦਰ ਦਾ ਨਜ਼ਾਰਾ ਦੇਖ ਕੇ ਦਲੀਪ ਅਤੇ ਪੜੌਸੀ ਹੈਰਾਨ ਰਹਿ ਗਏ। ਪਿੰਕੀ ਕਿਚਨ ਵਿੱਚ ਮਰੀ ਪਈ ਸੀ ਜਦਕਿ ਵਿਜੇ ਬੈਡਰੂਮ ਵਿੱਚ। ਜ਼ਾਹਿਰ ਹੈ ਕੁਝ ਗੜਬੜ ਹੋਈ ਸੀ। ਹੋਇਆ ਕੀ ਸੀ, ਇਹ ਜਾਣਨ ਲਈ ਲੋਕ ਪੁਲੀਸ ਦੇ ਆਉਣ ਦਾ ਇੰਤਜ਼ਾਰ ਕਰਨ ਲੱਗੇ। ਹੈਰਾਨੀ ਦੀ ਇਕ ਗੱਲ ਇਹ ਸੀ ਕਿ ਆਖਿਰ ਦੋਵੇਂ ਮਰੇ ਕਿਵੇਂ ? ਪੁਲੀਸ ਆਈ ਤਾਂ ਛਾਣਬੀਣ ਅਤੇ ਪੁੱਛਗਿੱਛ ਆਰੰਭ ਹੋਈ। ਦਲੀਪ ਦੇ ਇਹ ਦੱਸਣ 'ਤੇ ਕਿ ਮ੍ਰਿਤਕ ਵਿਜੇ ਉਸ ਦੀ ਪਤਨੀ ਪਿੰਕੀ ਦਾ ਪਹਿਲਾ ਪਤੀ ਅਤੇ ਉਸ ਦਾ ਦੋਸਤ ਸੀ, ਪਹਿਲਾਂ ਤਾਂ ਕਹਾਣੀ ਉਲਝਦੀ ਨਜ਼ਰ ਆਈ ਪਰ ਜਲਦੀ ਹੀ ਸੁਲਝ ਗਈ।

ਦੋਹੇਂ ਲਾਸ਼ਾਂ ਪੋਸਟ ਮਾਰਟਮ ਲਈ ਭੇਜ ਦਿੱਤੀਆਂ ਗਈਆਂ। ਪੁਲੀਸ ਨੇ ਦਲੀਪ ਤੋਂ ਪੁੱਛਗਿੱਛ ਕੀਤੀ ਤਾਂ ਉਸ ਦੀ ਗੱਲ ਤੋਂ ਲੱਗਾ ਕਿ ਉਹ ਝੂਠ ਨਹੀਂ ਬੋਲ ਰਿਹਾ। ਉਸ ਨੇ ਪੁਲੀਸ ਨੂੰ ਦੱਸਿਆ ਕਿ ਉਹ ਕੰਮ ਤੋਂ ਮੁੜਿਆ ਤਾਂ ਘਰ ਦੇ ਅੰਦਰੋਂ ਧੂੰਆ ਨਿਕਲਦਾ ਦੇਖ ਉਹ ਘਬਰਾ ਗਿਆ। ਉਸ ਨੇ ਮਦਦ ਲਈ ਗੁਹਾਰ ਲਗਾਈ, ਅਤੇ ਇਸ ਤੋਂ ਬਾਅਦ ਜੋ ਹੋਇਆ ਉਹ ਸਭ ਦੇ ਸਾਹਮਣੇ ਹੈ।

ਜਲਦੀ ਹੀ ਇਸ ਦੋਹਰੇ ਹੱਤਿਆਕਾਂਡ ਜਾਂ ਖ਼ੁਦਕੁਸ਼ੀ ਦੀ ਖ਼ਬਰ ਅੱਗ ਵਾਂਗ ਫ਼ੈਲ ਗਈ। ਇਸ ਘੱਟਨਾ ਬਾਰੇ ਸਾਰਿਆਂ ਦੇ ਆਪੋ ਆਪਣੇ ਅੰਦਾਜ਼ੇ ਸਨ, ਪਰ ਸਾਰਿਆਂ ਨੂੰ ਇਸ ਗੱਲ ਦਾ ਇੰਤਜ਼ਾਰ ਸੀ ਕਿ ਆਖ਼ਿਰ ਪੁਲੀਸ ਕੀ ਕਹਿੰਦੀ ਹੈ। ਪੁਲੀਸ ਨੂੰ ਦਿੱਤੇ ਬਿਆਨ ਵਿੱਚ ਪਿੰਕੀ ਦੀ ਮਾਂ ਮੁੰਨੀਬਾਈ ਨੇ ਦੱਸਿਆ ਸੀ ਕਿ ਪਿੰਕੀ ਅਤੇ ਵਿਜੇ ਦਾ ਜੀਵਨ ਠੀਕ ਚੱਲ ਰਿਹਾ ਸੀ, ਪਰ ਦਲੀਪ ਨੇ ਆ ਕੇ ਪਤਾ ਨਹੀਂ ਕਿਵੇਂ ਪਿੰਕੀ ਨੂੰ ਫ਼ਸਾ ਲਿਆ।

ਜਦਕਿ ਦਲੀਪ ਦਾ ਕਹਿਣਾ ਸੀ ਕਿ ਉਸ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ ਕਿ ਉਸ ਦੀ ਗ਼ੈਰ-ਮੌਜੂਦਗੀ ਵਿੱਚ ਪਿੰਕੀ ਪਹਿਲੇ ਪਤੀ ਵਿਜੇ ਨੂੰ ਮਿਲਦੀ ਸੀ ਜਾਂ ਫ਼ੋਨ 'ਤੇ ਗੱਲਾਂ ਕਰਦੀ ਸੀ। ਪਿੰਕੀ ਦੇ ਭਰਾ ਕਾਨਹਾ ਸੁਵੇ ਨੇ ਜ਼ਰੂਰ ਇਹ ਮੰਨਿਆ ਕਿ ਉਸ ਨੇ ਪਿੰਕੀ ਨੂੰ ਬਹੁਤ ਸਮਝਾਇਆ, ਪਰ ਉਹ ਨਾ ਮੰਨੀ। ਪਿੰਕੀ ਕਦੋਂ ਵਿਜੇ ਨੂੰ ਤਲਾਕ ਦੇ ਕੇ ਦਲੀਪ ਨਾਲ ਰਹਿਣ ਲੱਗੀ, ਇਹ ਉਸ ਨੂੰ ਵੀ ਪਤਾ ਨਹੀਂ ਸੀ।

ਤਲਾਕ ਤੋਂ ਬਾਅਦ ਦੋਵੇਂ ਬੇਟੇ ਵਿਜੇ ਦੇ ਕੋਲ ਹੀ ਰਹਿ ਗਏ ਸਨ। ਵਿਜੇ ਦੇ ਭਰਾ ਅਜੇ ਦੇ ਮੁਤਾਬਕ ਹਾਦਸੇ ਦੇ ਦਿਨ ਵਿਜੇ ਰਾਜਸਥਾਨ ਦੇ ਪ੍ਰਸਿੱਧ ਧਾਰਮਿਕ ਸਥਾਨ ਸਾਂਵਰੀਆ ਸੇਠ ਜਾਣ ਲਈ ਕਹਿ ਕੇ ਘਰ ਤੋਂ ਨਿਕਲਿਆ ਸੀ।

ਉਹ ਛੋਟੇ ਬੇਟੇ ਅਨੁਜ ਨੂੰ ਆਪਣੇ ਨਾਲ ਲੈ ਗਿਆ ਸੀ। ਅਨੁਜ ਨੂੰ ਉਸ ਨੇ ਇਕ ਵਾਕਫ਼ਕਾਰ ਦੀ ਕਾਰ ਵਿੱਚ ਬਿਠਾ ਕੇ ਆਪਣੀ ਸਾਲੀ ਦੇ ਕੋਲ ਛੱਡ ਦਿੱਤਾ ਸੀ, ਜੋ ਇੱਕ ਅਧਿਆਪਕਾ ਹੈ।

ਹੁਣ ਪੁਲੀਸ ਕੋਲ ਸਿਵਾਏ ਅੰਦਾਜ਼ੇ ਤੋਂ ਕੁਝ ਨਹੀਂ ਸੀ ਬਚਿਆ। ਇਸ ਤੋਂ ਆਖ਼ਰੀ ਅੰਦਾਜ਼ਾ ਇਹ ਲਗਾਇਆ ਗਿਆ ਕਿ ਵਿਜੇ ਪਿੰਕੀ ਦੇ ਬੁਲਾਉਣ 'ਤੇ ਉਸ ਦੇ ਘਰ ਆਉਂਦਾ ਸੀ ਅਤੇ ਕਿਸੇ ਗੱਲ 'ਤੇ ਵਿਵਾਦ ਹੋ ਜਾਣ ਕਾਰਨ ਉਸ ਨੇ ਪਿੰਕੀ ਦੀ ਹੱਤਿਆ ਕਰ ਕੇ ਘਰ ਵਿੱਚ ਅੱਗ ਲਗਾ ਦਿੱਤੀ। ਉਸ ਤੋਂ ਬਾਅਦ ਉਹ ਖ਼ੁਦ ਵੀ ਸਾੜੀ ਦਾ ਫ਼ੰਦਾ ਬਣਾ ਕੇ ਲਟਕ ਗਿਆ। ਫ਼ੰਦਾ ਉਸ ਦਾ ਵਜ਼ਨ ਸਹਿ ਨਾ ਸਕਿਆ, ਇਸ ਕਰ ਕੇ ਉਹ ਡਿੱਗ ਕੇ ਬੇਹੋਸ਼ ਹੋ ਗਿਆ। ਉਸੇ ਹਾਲਾਤ ਵਿੱਚ ਦਮ ਘੁਟਣ ਕਾਰਨ ਉਸ ਦੀ ਮੌਤ ਹੋ ਗਈ ਹੋਵੇਗੀ।

ਬਾਅਦ ਵਿੱਚ ਇਹ ਗੱਲ ਵੀ ਨਿਕਲ ਕੇ ਆਈ ਕਿ ਵਿਜੇ ਪਿੰਕੀ ਨਾਲ ਦੁਬਾਰਾ ਪਿਆਰ ਨਹੀਂ ਕਰਨ ਲੱਗਾ ਸੀ ਬਲਕਿ ਉਸ ਦੀ ਬੇਵਫ਼ਾਈ ਤੋਂ ਉਹ ਖਾਰ ਖਾਈ ਬੈਠਾ ਸੀ। ਉਸ ਦਿਨ ਮੌਕਾ ਮਿਲਦੇ ਹੀ ਉਸ ਨੇ ਪਿੰਕੀ ਨੂੰ ਉਸ ਦੀ ਬੇਵਫ਼ਾਈ ਦੀ ਸਜ਼ਾ ਦੇ ਦਿੱਤੀ, ਪਰ ਬਦਕਿਸਮਤੀ ਨਾਲ ਖ਼ੁਦ ਵੀ ਮਾਰਿਆ ਗਿਆ। ਸੱਚ ਕੀ ਸੀ, ਇਹ ਦੱਸਣ ਲਈ ਨਾ ਪਿੰਕੀ ਹੈ ਅਤੇ ਨਾ ਹੀ ਵਿਜੇ। ਪੋਸਟ ਮਾਰਟਮ ਰਿਪੋਰਟ ਦੇ ਮੁਤਾਬਕ ਦੋਵਾਂ ਦੀ ਮੌਤ ਦਮ ਘੁਟਣ ਨਾਲ ਹੋਈ ਸੀ, ਪਰ ਪਿੰਕੀ ਦੇ ਪੇਟ 'ਤੇ ਇਕ ਧਾਰਦਾਰ ਹਥਿਆਰ ਦਾ ਨਿਸ਼ਾਨ ਵੀ ਸੀ ਜੋ ਸੰਭਵ ਵੀ ਸੀ। ਵਿਜੇ ਦੇ ਸਿਰ 'ਤੇ ਲੱਗੀ ਸੱਟ ਤੋਂ ਅੰਦਾਜ਼ਾ ਲਗਾਇਆ ਗਿਆ ਕਿ ਖ਼ੁਦ ਨੂੰ ਫ਼ਾਂਸੀ ਲਗਾਉਂਦੇ ਵਕਤ ਉਹ ਡਿੱਗ ਗਿਆ ਹੋਵੇਗਾ, ਇਸ ਕਰ ਕੇ ਉਸ ਦੇ ਸਿਰ ਵਿੱਚ ਸੱਟ ਲੱਗ ਗਈ ਸੀ। ਇਹੀ ਗੱਲ ਸੱਚ ਦੇ ਜ਼ਿਆਦਾ ਨਜ਼ਦੀਕ ਲੱਗਦੀ ਹੈ ਕਿ ਵਿਜੇ ਨੇ ਪਹਿਲਾਂ ਪਿੰਕੀ ਨੂੰ ਮਾਰਿਆ, ਅਤੇ ਉਸ ਤੋਂ ਬਾਅਦ ਉਸ ਨੇ ਖ਼ੁਦ ਨੂੰ ਵੀ ਫ਼ਾਂਸੀ ਲਗਾ ਲਈ, ਪਰ ਕਿਉਂ ? ਇਸ ਦਾ ਜਵਾਬ ਕਿਸੇ ਕੋਲ ਨਹੀਂ ਕਿਉਂਕਿ ਉਹ ਵਾਕਿਆ ਹੀ ਪਤਨੀ ਨੂੰ ਬਹੁਤ ਚਾਹੁੰਦਾ ਸੀ, ਪਰ ਉਸ ਨੂੰ ਬੇਵਫ਼ਾਈ ਦੀ ਸਜ਼ਾ ਵੀ ਦੇਣਾ ਚਾਹੁੰਦਾ ਸੀ। ਦੂਜੇ ਪਾਸੇ, ਪਿੰਕੀ ਦਾ ਇਰਾਦਾ ਉਸ ਤੋਂ ਦੁਬਾਰਾ ਪੈਸੇ ਹੜਪਣ ਦਾ ਸੀ। ਸ਼ਾਇਦ ਇਸੇ ਕਾਰਨ ਉਹ ਤੜਫ਼ ਕੇ ਰਹਿ ਗਿਆ। ਪਿੰਕੀ ਸਮਝਦਾਰੀ ਤੋਂ ਕੰਮ ਲੈਂਦੀ ਤਾਂ ਵਿਜੇ ਦੀ ਘੱਟ ਆਮਦਨ ਵਿੱਚ ਕਰੋੜਾਂ ਪਤਨੀਆਂ ਵਾਂਗ ਆਪਣਾ ਘਰ ਚਲਾ ਸਕਦੀ ਸੀ, ਪਰ ਆਪਣੀਆਂ ਸ਼ਰਤਾਂ 'ਤੇ ਜ਼ਿੰਦਗੀ ਜਿਊਣ ਦੀ ਜ਼ਿਦ ਅਤੇ ਖੁਆਹਿਸ਼ਾਂ ਉਸ ਨੂੰ ਮਹਿੰਗੀਆਂ ਪਈਆਂ ਜਿਸ ਕਾਰਨ ਉਸ ਦੇ ਬੱਚੇ ਅਨਾਥ ਹੋ ਗਏ। ਹੁਣ ਉਹਨਾਂ ਦੀ ਚਿੰਤਾ ਕਰਨ ਵਾਲਾ ਕੋਈ ਨਹੀਂ ਰਿਹਾ।

ਦਲੀਪ ਕਿਤੇ ਵੀ ਸ਼ੱਕ ਦੇ ਦਾਇਰੇ ਵਿੱਚ ਨਹੀਂ ਸੀ, ਉਸ ਦਾ ਹਾਦਸੇ ਦੇ ਵਕਤ ਪਹੁੰਚਣਾ ਵੀ ਇਕ ਇਤਫ਼ਾਕ ਹੀ ਸੀ। ਪ੍ਰੇਸ਼ਾਨ ਤਾਂ ਉਹ ਵੀ ਪਿੰਕੀ ਦੀਆਂ ਵਧਦੀਆਂ ਮੰਗਾਂ ਤੋਂ ਸੀ, ਪਰ ਇਸ ਸਭ ਤੋ ਇੰਝ ਛੁਟਕਾਰਾ ਮਿਲੇਗਾ, ਇਸ ਦੀ ਉਮੀਦ ਉਸ ਨੂੰ ਬਿਲਕੁਲ ਨਹੀਂ ਵੀ ਨਹੀਂ ਸੀ।



ਗੁਰਪ੍ਰੀਤ ਸਿੰਘ ਤੰਗੌਰੀ

# ਸ਼ਾਹੀ ਸ਼ਹਿਰ ਪਟਿਆਲਾ

*ਬਾਬਾ ਆਲਾ ਸਿੰਘ ਨੇ ਆਪਣੇ ਦੇਹਾਂਤ (ਸੰ. 1765 ਈ.) ਤੋਂ ਪਹਿਲਾਂ ਇਥੇ ਚੰਗਾ ਨਗਰ ਵਸਾ ਦਿੱਤਾ ਸੀ ਅਤੇ ਆਪਣੀ ਰਿਆਸਤ ਦੀ ਰਾਜਧਾਨੀ ਵੀ ਬਰਨਾਲੇ ਤੋਂ ਇਥੇ ਬਦਲ ਲਈ ਸੀ। ਇਸ ਨਗਰ ਵਾਲੀ ਥਾਂ'ਤੇ ਗੁਰੂ ਤੇਗ ਬਹਾਦਰ ਜੀ ਨੇ ਚਰਣ ਪਾਏ ਸਨ। ਸਿੱਖ ਇਤਿਹਾਸ ਅਨੁਸਾਰ ਜਦੋਂ ਗੁਰੂ ਤੇਗ ਬਹਾਦਰ ਜੀ ਸੈਫ਼ਾਬਾਦ (ਬਹਾਦਰਗੜ੍ਹ) ਵਿਚ ਠਹਿਰੇ ਹੋਏ ਸਨ, ਤਾਂ ਲਹਿਲ ਪਿੰਡ ਦਾ ਇਕ ਝੀਵਰ, ਭਾਗ ਰਾਮ, ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਉਸ ਦੇ ਪਿੰਡ ਵਿਚ ਪਧਾਰਨ ਅਤੇ ਨਿਵਾਸੀਆਂ ਨੂੰ ਇਕ ਭਿਆਨਕ, ਨਾਮੁਰਾਦ ਬੀਮਾਰੀ ਤੋਂ ਬਚਾਉਣ। ਗੁਰੂ ਜੀ ਲਹਿਲ ਪਿੰਡ ਆਏ ਅਤੇ ਇਕ ਟੋਭੇ ਦੇ ਕੰਢੇ ਬੋਹੜ ਦੇ ਬ੍ਰਿਛ ਹੇਠਾਂ ਬੈਠੇ।*

ਪਟਿਆਲਾ ਭਾਰਤੀ ਪੰਜਾਬ ਸੂਬੇ ਦੇ ਦੱਖਣ-ਪੂਰਬ ਵਿੱਚ ਸਥਿੱਤ ਇੱਕ ਸ਼ਹਿਰ, ਜ਼ਿਲ੍ਹਾ ਅਤੇ ਸਾਬਕਾ ਰਿਆਸਤ ਹੈ। ਇਹ ਸ਼ਹਿਰ ਪਟਿਆਲਾ ਜ਼ਿਲ੍ਹੇ ਦਾ ਪ੍ਰਸ਼ਾਸ਼ਨਿਕ ਕੇਂਦਰ ਹੈ। ਇਹ ਸ਼ਹਿਰ ਬਾਬਾ ਆਲਾ ਸਿੰਘ ਨੇ 1763 ਵਿੱਚ ਵਸਾਇਆ ਸੀ, ਜਿਥੋਂ ਇਸਦਾ ਨਾਂ ਆਲਾ ਦੀ ਪੱਟੀ ਅਤੇ ਮਗਰੋਂ ਪੱਟੀਆਲਾ ਅਤੇ ਫੇਰ ਪਟਿਆਲਾ ਪੈ ਗਿਆ। ਪਟਿਆਲਾ ਜ਼ਿਲ੍ਹੇ ਦੀਆਂ ਸੀਮਾਵਾਂ ਉੱਤਰ ਵਿੱਚ ਫਤਹਿਗੜ੍ਹ, ਰੂਪਨਗਰ ਅਤੇ ਚੰਡੀਗੜ੍ਹ ਨਾਲ, ਪੱਛਮ ਵਿੱਚ ਸੰਗਰੂਰ ਜ਼ਿਲ੍ਹੇ ਨਾਲ, ਪੂਰਬ ਵਿੱਚ ਅੰਬਾਲਾ ਅਤੇ ਕੁਰੁਕਸ਼ੇਤਰ ਨਾਲ ਅਤੇ ਦੱਖਣ ਵਿੱਚ ਕੈਥਲ ਨਾਲ ਲੱਗਦੀਆਂ ਹਨ। ਇਹ ਸ ?ਥਾਨ ਸਿੱਖਿਆ ਦੇ ਖੇਤਰ ਵਿੱਚ ਵੀ ਆਗੂ ਰਿਹਾ ਹੈ। ਦੇਸ਼ ਦਾ ਪਹਿਲਾ ਡਿਗਰੀ ਕਾਲਜ ਮਹਿੰਦਰਾ ਕਾਲਜ ਦੀ ਸ ?ਥਾਪਨਾ 1870 ਵਿੱਚ ਪਟਿਆਲਾ ਵਿੱਚ ਹੀ ਹੋਈ ਸੀ । ਇਹ ਸ਼ਹਿਰ ਰਵਾਇਤੀ ਪੱਗ,ਪਰਾਂਦੇ,ਨਾਲੇ,ਪਟਿਆਲਾ ਸ਼ਾਹੀ ਸਲਵਾਰ,ਪੰਜਾਬੀ ਜੁੱਤੀ ਅਤੇ ਪਟਿਆਲਾ ਪੈੱਗ ਲਈ ਪ੍ਰਸਿੱਧ ਹੈ। ਪਟਿਆਲਾ ਜ਼ਿਲ੍ਹਾ ਦੇ ਸਦਰ ਮੁਕਾਮ ਵਜੋਂ ਜਾਣੇ ਜਾਂਦੇ ਪਟਿਆਲਾ ਨਗਰ ਦਾ ਆਪਣਾ ਹੀ ਇਤਿਹਾਸ ਅਤੇ ਸਭਿਆਚਾਰ ਹੈ।



ਸੰਨ 1948 ਈ. ਤਕ ਇਹ ਪਟਿਆਲਾ ਰਿਆਸਤ ਦੀ ਰਾਜਧਾਨੀ ਰਿਹਾ ਹੈ ਅਤੇ ਉਸ ਤੋਂ ਬਾਦ ਸੰਨ 1956 ਈ. ਤਕ ਇਹ ਪੈਪਸੂ ਸਰਕਾਰ ਦੀ ਰਾਜਧਾਨੀ ਬਣਿਆ ਰਿਹਾ ਹੈ। ਹੁਣ ਭਾਵੇਂ ਇਹ ਕੇਵਲ ਪਟਿਆਲੇ ਜ਼ਿਲ੍ਹੇ ਦਾ ਸਦਰ ਮੁਕਾਮ ਹੈ, ਪਰ ਇਸ ਦਾ ਆਪਣਾ ਹੀ ਸਭਿਆਚਾਰਿਕ ਪਿਛੋਕੜ ਹੈ ਅਤੇ ਅਨੇਕ ਖੇਤਰਾਂ ਵਿਚ ਇਸ ਦੀ ਝੰਡੀ ਕਾਇਮ ਹੈ। ਇਸ ਦੀ ਸਥਾਪਨਾ ਫੂਲਕੀਆਂ ਖ਼ਾਨਦਾਨ ਦੇ ਬਾਬਾ ਆਲਾ ਸਿੰਘ ਨੇ ਸੰਨ 1753 ਈ. ਵਿਚ ਕੀਤੀ। ਇਸ ਸਥਾਨ ਉਤੇ ਪਹਿਲਾਂ ਪਟਾਂਵਾਲਾ ਥੇਹ ਹੁੰਦਾ ਸੀ। ਬਾਬਾ ਆਲਾ ਸਿੰਘ ਨੇ ਸੰਨ 1753 ਈ. ਵਿਚ ਸਨੌਰ ਪਰਗਨਾਹ ਦੇ 84 ਪਿੰਡਾਂ ਨੂੰ ਆਪਣੇ ਅਧੀਨ ਕਰਕੇ ਥੇਹ ਵਾਲੀ ਥਾਂ ਉਤੇ ਪਹਿਲਾਂ ਕੱਚੀ ਗੜ੍ਹੀ ਬਣਵਾਈ ਅਤੇ ਦਸ ਸਾਲ ਬਾਦ ਸੰਨ 1763 ਈ. ਵਿਚ ਕਿਲ੍ਹਾ ਮੁਬਾਰਕ ਦੀ ਨੀਂਹ ਰਖੀ। ਉਸ ਦਿਨ ਤੋਂ ਇਹ ਨਗਰ 'ਪਟਿਆਲਾ' ਵਜੋਂ ਪ੍ਰਸਿੱਧ ਹੋ ਗਿਆ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਨਾਂ 'ਪਟੀ-ਆਲਾ' ਦਾ ਸੰਯੁਕਤ ਸ਼ਬਦ ਹੈ। ਬਾਬਾ ਆਲਾ ਸਿੰਘ ਨੇ ਆਪਣੇ ਦੇਹਾਂਤ (ਸੰ. 1765 ਈ.) ਤੋਂ ਪਹਿਲਾਂ ਇਥੇ ਚੰਗਾ ਨਗਰ ਵਸਾ ਦਿੱਤਾ ਸੀ ਅਤੇ ਆਪਣੀ ਰਿਆਸਤ ਦੀ ਰਾਜਧਾਨੀ ਵੀ ਬਰਨਾਲੇ ਤੋਂ ਇਥੇ ਬਦਲ ਲਈ ਸੀ। ਇਸ ਨਗਰ ਵਾਲੀ ਥਾਂ'ਤੇ ਗੁਰੂ ਤੇਗ ਬਹਾਦਰ ਜੀ ਨੇ ਚਰਣ ਪਾਏ ਸਨ। ਸਿੱਖ ਇਤਿਹਾਸ ਅਨੁਸਾਰ ਜਦੋਂ ਗੁਰੂ ਤੇਗ ਬਹਾਦਰ ਜੀ ਸੈਫ਼ਾਬਾਦ (ਬਹਾਦਰਗੜ੍ਹ) ਵਿਚ ਠਹਿਰੇ ਹੋਏ ਸਨ, ਤਾਂ ਲਹਿਲ ਪਿੰਡ ਦਾ ਇਕ ਝੀਵਰ, ਭਾਗ ਰਾਮ, ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਉਸ ਦੇ ਪਿੰਡ ਵਿਚ ਪਧਾਰਨ ਅਤੇ ਨਿਵਾਸੀਆਂ ਨੂੰ ਇਕ ਭਿਆਨਕ, ਨਾਮੁਰਾਦ ਬੀਮਾਰੀ ਤੋਂ ਬਚਾਉਣ। ਗੁਰੂ ਜੀ ਲਹਿਲ ਪਿੰਡ ਆਏ ਅਤੇ ਇਕ ਟੋਭੇ ਦੇ ਕੰਢੇ ਬੋਹੜ ਦੇ ਬ੍ਰਿਛ ਹੇਠਾਂ ਬੈਠੇ। ਪਿੰਡ ਵਾਲਿਆਂ ਦੀ ਬੀਮਾਰੀ ਗੁਰੂ ਜੀ ਦੀ ਕ੍ਰਿਪਾ ਨਾਲ ਠੀਕ ਹੋ ਗਈ। ਗੁਰੂ ਜੀ ਦੀ ਬੈਠਣ ਵਾਲੀ ਥਾਂ ਉਤੇ ਹੁਣ ਗੁਰਦੁਆਰਾ ਦੂਖ- ਨਿਵਾਰਨ ਸਾਹਿਬ ਬਣਿਆ ਹੋਇਆ ਹੈ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਪਹਿਲਾਂ ਇਥੇ ਰਾਜਾ ਅਮਰ ਸਿੰਘ ਨੇ ਇਕ ਬਾਗ਼ ਲਗਵਾਇਆ ਅਤੇ ਨਿਹੰਗ ਸਿੰਘਾਂ ਦੇ ਸਪੁਰਦ ਕਰ ਦਿੱਤਾ। ਸੰਨ 1930 ਈ. ਵਿਚ ਮਹਾਰਾਜਾ ਭੂਪਿੰਦਰ ਸਿੰਘ ਨੇ ਇਥੇ ਗੁਰਦੁਆਰਾ ਬਣਵਾਇਆ ਅਤੇ ਉਸ ਦਾ ਪ੍ਰਬੰਧ ਪਟਿਆਲਾ ਸਰਕਾਰ ਦੇ ਹਵਾਲੇ ਕਰ ਦਿੱਤਾ। ਪੈਪਸੂ ਬਣਨ'ਤੇ ਇਸ ਦੀ ਵਿਵਸਥਾ 'ਧਰਮ ਅਰਥ ਬੋਰਡ' ਨੂੰ ਸੌਂਪੀ ਗਈ। ਪੈਪਸੂ ਦੇ ਖ਼ਤਮ ਹੋਣ ਤੋਂ ਬਾਦ ਇਹ ਗੁਰੂ- ਧਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੋ ਗਿਆ। ਹੁਣ ਇਸ ਗੁਰਦੁਆਰੇ ਦੀ ਨਵੀਂ ਇਮਾਰਤ ਬਣ ਚੁਕੀ ਹੈ। ਗੁਰੂ ਕਾ ਲੰਗਰ , ਸਰੋਵਰ ਅਤੇ ਰਿਹਾਇਸ਼ੀ ਕਮਰੇ ਵੀ ਗੁਰਦੁਆਰਾ ਪਰਿਸਰ ਵਿਚ ਬਣੇ ਹੋਏ ਹਨ। ਬਸੰਤ ਪੰਚਮੀ ਵਾਲੇ ਦਿਨ ਇਥੇ ਸਾਲਾਨਾ ਧਾਰਮਿਕ ਮੇਲਾ ਲਗਦਾ ਹੈ। ਇਸ ਨਗਰ ਵਿਚ ਦੂਜਾ ਗੁਰੂ-ਧਾਮ ਗੁਰਦੁਆਰਾ ਮੋਤੀ ਬਾਗ਼ ਹੈ। ਸਥਾਨਕ ਪਰੰਪਰਾ ਅਨੁਸਾਰ ਸੰਨ 1675 ਈ. ਨੂੰ ਦਿੱਲੀ ਜਾਂਦੇ ਹੋਇਆਂ ਗੁਰੂ ਜੀ ਕੁਝ ਦੇਰ ਲਈ ਇਸ ਥਾਂ ਉਤੇ ਠਹਿਰੇ ਸਨ। ਇਥੇ ਉਦੋਂ ਬਿਲਕੁਲ ਜੰਗਲ ਹੁੰਦਾ ਸੀ। ਮਹਾਰਾਜਾ ਨਰਿੰਦਰ ਸਿੰਘ ਨੇ ਜਦੋਂ ਮੋਤੀਬਾਗ਼ ਮਹੱਲ ਦਾ ਨਿਰਮਾਣ ਕਰਵਾਇਆ ਤਾਂ ਸੰਨ 1852 ਈ. ਵਿਚ ਇਹ ਗੁਰਦੁਆਰਾ ਵੀ ਬਣਵਾਇਆ। ਹੁਣ ਇਸ ਦੀ ਨਵੀਂ ਇਮਾਰਤ ਬਣ ਚੁਕੀ ਹੈ। ਉੱਚੇ ਥੜੇ ਉਤੇ ਬਣੇ ਇਸ ਗੁਰਦੁਆਰੇ ਵਿਚ ਪਹਿਲਾਂ ਦਸਮ ਗ੍ਰੰਥ ਦੀ ਇਕ ਇਤਿਹਾਸਿਕ ਬੀੜ ਵੀ ਸੰਭਾਲੀ ਹੋਈ ਸੀ। ਇਸ ਦਾ ਪ੍ਰਬੰਧ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਾਲੀ ਕਮੇਟੀ ਹੀ ਕਰਦੀ ਹੈ। ਇਥੇ ਹਰ ਸਾਲ ਗੁਰੂ ਤੇਗ ਬਹਾਦੁਰ ਜੀ ਦੇ ਜਨਮ ਅਤੇ ਸ਼ਹਾਦਤ ਵਾਲੇ ਦਿਨਾਂ ਉਤੇ ਭਾਰੀ ਦੀਵਾਨ ਸਜਦੇ ਹਨ। ਗੁਰੂ ਜੀ ਦੀ ਸ਼ਹਾਦਤ ਵਾਲੇ ਦਿਨ ਅਕਸਰ ਨਗਰ ਕੀਰਤਨ ਇਸ ਗੁਰਦੁਆਰੇ ਤੋਂ ਸ਼ੁਰੂ ਕਰਕੇ ਅਤੇ ਸ਼ਹਿਰ ਦੀਆਂ ਸੜਕਾਂ ਅਤੇ ਬਾਜ਼ਾਰਾਂ ਵਿਚੋਂ ਗੁਜ਼ਾਰਦੇ ਹੋਇਆਂ ਗੁਰਦੁਆਰਾ ਦੂਖ ਨਿਵਾਰਨ ਵਿਚ ਸਮਾਪਤ ਕੀਤਾ ਜਾਂਦਾ ਹੈ।

### ਪੁਲਾੜ ਯਾਤਰੀ

ਪਹਿਲਾ ਭਾਰਤੀ ਪੁਲਾੜ ਯਾਤਰੀ ਰਾਕੇਸ਼ ਸ਼ਰਮਾ ਪਟਿਆਲੇ ਦਾ ਜੰਮ-ਪਲ ਸੀ।

### ਸਿੱਖਿਆ

1947 ਵਿੱਚ ਅਜ਼ਾਦੀ ਤੋਂ ਬਾਅਦ ਪਟਿਆਲਾ ਸਿੱਖਿਆ ਦਾ ਕੇਂਦਰ ਬਣ ਗਿਆ। ਇਥੇ ਬਹੁਤ ਸਾਰੇ ਸਕੂਲ, ਕਾਲਜ, ਯੂਨੀਵਰਸਿਟੀ ਅਤੇ ਹੋਰ ਸਿੱਖਿਆ ਕੇਂਦਰ ਹਨ। ਯਾਦਵਿੰਦਰਾ ਪਬਲਿਕ ਸਕੂਲ, ਪੰਜਾਬੀ ਯੂਨੀਵਰਸਿਟੀ,ਥਾਪਰ ਯੂਨੀਵਰਸਿਟੀ,ਰਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ,ਜਰਨਲ ਸਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖਾਲਸਾ ਕਾਲਜ,ਮਹਿੰਦਰਾ ਕਾਲਜ,ਮੁਲਤਾਨੀ ਮਲ ਮੋਦੀ ਕਾਲਜ,ਸਰਕਾਰੀ ਮੈਡੀਕਲ ਕਾਲਜ,ਸਰਕਾਰੀ ਕਾਲਜ ਲੜਕੀਆਂ,ਬਿਕਰਮ ਕਮਰਸ ਕਾਲਜ, ਨੇਤਾ ਜੀ ਸੁਭਾਸ ਨੈਸ਼ਨਲ ਸਪੋਰਟਸ ਅਥਾਰਟੀ ਮੋਜੂਦ ਹਨ।

### ਖੇਡ ਦੇ ਮੈਦਾਨ

ਰਾਜਾ ਭਲਿੰਦਰ ਸਿੰਘ ਸਪੋਰਟਸ ਕੰਪਲੈਕਸ ਪੋਲੋ ਗਰਾਉਡ ,ਯਾਦਵਿੰਦਰਾ ਸਪੋਰਟਸ ਸਟੇਡੀਅਮ ਅਤੇ ਰਿੰਗ ਹਾਲ ਰੋਲਰ ਸਕੇਟਿੰਗ ਰਾਜਿੰਦਰਾ ਕੋਠੀ ਪਟਿਆਲਾ ਜੋ ਬਾਰਾਂਦਰੀ 'ਚ ਸਥਿੱਤ ਹੈ ਜੋ ਕਿ ਹੈਰੀਟੇਜ ਹੋਟਲ ਹੈ

### ਕਿਲ੍ਹਾ ਮੁਬਾਰਕ



ਕਿਲਾ ਮੁਬਾਰਕ, ਪਟਿਆਲਾ

ਵੰਡੇ ਗਏ ਪੰਜਾਬ ਦੇ ਦੋ ਪ੍ਰਮੁੱਖ ਸ਼ਹਿਰਾਂ ਲਾਹੌਰ ਤੇ ਅੰਮ੍ਰਿਤਸਰ ਮਗਰੋਂ ਕੇਵਲ ਪਟਿਆਲਾ ਹੀ ਅਜਿਹਾ ਹੈ ਜਿਸ ਦੀ ਵਿਰਾਸਤ ਅਨੋਖੀ 'ਤੇ ਅਮੀਰ ਦਿੱਖ ਵਾਲੀ ਹੈ। ਇਸ ਸ਼ਹਿਰ ਦੇ ਬਾਨੀ ਬਾਬਾ ਆਲਾ ਸਿੰਘ ਨੇ 12 ਫਰਵਰੀ 1763 ਨੂੰ ਕਿਲ੍ਹਾ ਮੁਬਾਰਕ ਦੀ ਨੀਂਹ ਰੱਖੀ ਸੀ। ਸ਼ਹਿਰ ਦਾ ਮੁੱਢ ਬੰਨਣ ਵਾਲੇ ਦਿਹਾੜੇ ਨੂੰ ਅੱਜ ਕਿਸੇ ਨੇ ਯਾਦ ਨਹੀਂ ਰੱਖਿਆ। ਪਟਿਆਲਾ,ਜਿਹੜਾ ਵਿਕਾਸ ਅਤੇ ਸੁੰਦਰਤਾ ਦੀਆਂ ਕਈ ਪੁਲਾਂਘਾਂ ਮਗਰੋਂ ਅੱਜ ਵਿਰਾਸਤੀ ਦਿੱਖ ਦੀ ਮਿਸਾਲ ਹੈ, ਪਿੱਛੇ ਪਟਿਆਲਾ ਰਿਆਸਤ ਦਾ ਹੀ ਵੱਡਮੁਲਾ ਰੋਲ ਰਿਹਾ ਹੈ। ਬਾਬਾ ਆਲਾ ਸਿੰਘ ਦੀ ਦੂਰਅੰਦੇਸ਼ੀ ਦੀ ਬਦੌਲਤ ਪਟਿਆਲਾ ਸ਼ਹਿਰ 'ਪਟਿਆਲਾ ਰਿਆਸਤ' ਦੀ ਸੰਨ 1765 ਤੋਂ ਦੇਸ਼ ਆਜ਼ਾਦ ਹੋਣ ਤੱਕ ਰਾਜਧਾਨੀ ਰਿਹਾ ਹੈ। ਉਨ੍ਹਾਂ ਨੇ ਇਥੇ 1757 'ਚ ਇੱਕ ਕੱਚੀ ਗੜ੍ਹੀ ਉਸਾਰੀ ਸੀ। ਰਾਜਸੀ ਤੇ ਪ੍ਰਸ਼ਾਸਕੀ ਪੱਖ ਤੋਂ ਹੋਰ ਮਜ਼ਬੂਤ ਹੋਣ ਮਗਰੋਂ 12 ਫਰਵਰੀ 1763 ਨੂੰ ਕਿਲ੍ਹਾ ਮੁਬਾਰਕ ਦੀ ਨੀਂਹ ਰੱਖੀ। ਪੱਟੀ ਦੇ ਆਲੇ ਦੀ 'ਅੱਲ' ਮਗਰੋਂ ਇਹ ਸ਼ਹਿਰ ਪਟਿਆਲਾ ਦੇ ਨਾਂ 'ਤੇ ਪ੍ਰਸਿੱਧ ਹੋਇਆ। ਪਹਿਲਾਂ ਬਾਬਾ ਆਲਾ ਸਿੰਘ ਨੇ ਆਪਣੀ ਰਾਜਧਾਨੀ ਕੁਝ ਚਿਰ ਬਰਨਾਲੇ ਵੀ ਰੱਖੀ, ਪਰ ਬਾਅਦ 'ਚ ਇਹ ਪਟਿਆਲਾ ਲੈ ਆਂਦੀ ਗਈ। ਦੇਸ਼ ਦੀਆਂ ਪ੍ਰਮੁੱਖ ਰਿਆਸਤਾਂ 'ਚੋਂ ਪਟਿਆਲਾ ਹੀ ਅਜਿਹੀ ਇਕੱਲੀ ਅਹਿਮ ਰਿਆਸਤ ਰਹੀ ਹੈ, ਜਿਸ ਦੇ ਕੌਮਾਂਤਰੀ ਪੱਧਰ 'ਤੇ ਬਾਕੀ ਰਿਆਸਤਾਂ ਨਾਲੋਂ ਵੱਧ ਤੇ ਮਿਆਰੀ ਸਬੰਧ ਰਹੇ ਹਨ। ਅੰਦਰੂਨੀ ਕਿਲ੍ਹੇ ਅੰਦਰ ਵੱਡ ਆਕਾਰੀ ਇਮਾਰਤਾਂ, ਜਿਹੜੀਆਂ ਭਵਨ ਉਸਾਰੀ ਦਾ ਕਮਾਲ ਸਨ। ਕਿਲ੍ਹਾ ਅੰਦਰੂਨ 'ਚ ਵੱਖ-ਵੱਖ ਚਿੱਤਰਕਾਰਾਂ ਦੇ ਚਿੱਤਰ ਹਨ। ਕਿਲੇ 'ਚ ਸਥਾਪਤ ਅਜਾਇਬਘਰ ਜਿੱਥੇ ਹਥਿਆਰਾਂ ਦੀ ਗੈਲਰੀ ਹੈ, ਦੇ ਵਿਲੱਖਣ ਮੀਨਾਕਾਰੀ ਨਾਲ ਲਬਰੇਜ਼ ਛੱਤ ਹੈ। ਕਿਲ੍ਹਾ ਮੁਬਾਰਕ: ਪਟਿਆਲਾ ਦੇ ਸੰਸਥਾਪਕ ਬਾਬਾ ਆਲਾ ਸਿੰਘ ਦੁਆਰਾ 1763 ਈ. ਵਿਚ ਕਿਲਾ ਮੁਬਾਰਕ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਦੇ ਆਲੇ ਦੁਆਲੇ ਹੀ ਪੂਰਾ ਸ਼ਹਿਰ ਵਸਿਆ ਹੋਇਆ ਹੈ। ਰਿਆਸਤਾਂ ਟੁੱਟਣ ਤੋਂ ਪਹਿਲਾਂ ਤੱਕ ਸ਼ਾਹੀ ਪਰਿਵਾਰ ਇਸ ਕਿਲ੍ਹੇ ਵਿਚ ਦੀ ਰਹਿੰਦਾ ਸੀ। ਕਿਲ੍ਹੇ ਅੰਦਰ ਬਣੇ ਰਿਆਸਤ ਦੇ ਦਰਬਾਰ ਹਾਲ ਵਿੱਚ ਇੱਕ ਮਿਊਜ਼ੀਅਮ ਬਣਾਇਆ ਹੋਇਆ ਹੈ ਜਿਸ ਵਿਚ ਰਿਆਸਤ ਨਾਲ ਸਬੰਧਿਤ ਪੁਰਾਣੀਆਂ ਯਾਦਾਂ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੇ ਕੁਝ ਹਥਿਆਰ ਵੀ ਸੁਸ਼ੋਭਿਤ ਹਨ। ਕਿਲ੍ਹਾ ਅੰਦਰੂਨ ਆਪਣੇ ਆਪ ਵਿਚ ਪੁਰਾਣੀ ਹਸਤ ਤੇ ਸ਼ਿਲਪ ਕਲਾ ਦਾ ਨਮੂਨਾ ਹੈ। ਇਸ ਦੇ ਅੰਦਰ ਹੀ ਬਣੀ ਉਹ ਜੋਤ ਜਿਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਜਦੋਂ ਤੱਕ ਉਹ ਜੋਤ ਜਲਦੀ ਰਹੇਗੀ ਉਦੋਂ ਤੱਕ ਹੀ ਪਟਿਆਲਾ ਦੀ ਹੋਂਦ ਬਰਕਰਾਰ ਰਹਿ ਸਕਦੀ ਹੈ, ਹਮੇਸ਼ਾ ਸੈਲਾਨੀਆਂ ਦੇ ਦਿਲ ਵਿਚ ਅਜੀਬ ਤਰ੍ਹਾਂ ਦੇ ਖਿਆਲ ਪੈਦਾ ਕਰਦੀ ਰਹੀ ਹੈ। ਕਿਲ੍ਹਾ ਮੁਬਾਰਕ ਪੁਰਾਣੀਆਂ ਰਿਆਸਤਾਂ ਦੇ ਕਿਲ੍ਹਿਆਂ ਵਿਚੋਂ ਇੱਕ ਹੈ। ਆਪਣੇ ਜ਼ਮਾਨੇ ਦੇ ਸੁਰੱਖਿਆ ਢਾਂਚੇ ਨੂੰ ਦੇਖਦੇ ਹੋਏ ਬਣਾਏ ਗਏ ਕਿਲ੍ਹਾ ਮੁਬਾਰਕ ਦੇ ਵੱਖ ਵੱਖ ਹਿੱਸੇ ਜਿਹੜੇ ਕਿ ਇੱਕ ਰਾਜ ਚਲਾਉਣ ਦੀਆਂ ਸਾਰੀਆਂ ਪ੍ਰਕਿਰਿਆਵਾਂ ਨੂੰ ਪੂਰਾ ਕਰਦੇ ਹਨ, ਉਹ ਇਥੇ ਪਹੁੰਚਣ ਵਾਲਿਆਂ ਦੇ ਦਿਲ ਵਿਚ ਹਮੇਸ਼ਾ ਉਤਸੁਕਤਾ ਪੈਦਾ ਕਰਦੇ ਹਨ। ਮਹਾਰਾਜਾ ਪ੍ਰਤਾਪ ਸਿੰਘ ਨੇ ਆਪਣੇ ਪਿਤਾ ਮਹਾਰਾਜਾ ਰਿਪੁਦਮਨ ਸਿੰਘ ਦੀ ਮੌਤ ਤੋਂ ਬਾਅਦ 1942 'ਚ ਇਸੇ ਕਿਲ੍ਹੇ ਵਿੱਚ ਪਿਤਾ ਦੀ ਥਾਂ ਸਹੁੰ ਚੁੱਕੀ।

### ਸ਼ੀਸ ਮਹਿਲ

ਸ਼ੀਸ਼ ਮਹਿਲ ਪਟਿਆਲੇ ਦੀਆਂ ਪ੍ਰਮੁੱਖ ਵਿਰਾਸਤੀ ਇਮਾਰਤਾਂ ਵਿਚੋਂ ਇੱਕ ਹੈ। ਇਥੇ ਬਣਿਆ ਲਛਮਣ ਝੂਲਾ ਸੈਲਾਨੀਆਂ ਨੂੰ ਇੱਕ ਵਾਰ ਹਰਿਦੁਆਰ ਦੀ ਯਾਦ ਦਿਵਾ ਦਿੰਦਾ ਹੈ। ਕਲਾ ਪ੍ਰੇਮੀ ਮਹਾਰਾਜਾ ਨਰਿੰਦਰ ਸਿੰਘ ਨੇ ਸ਼ੀਸ਼ ਮਹਿਲ ਦੇ ਲਈ ਕਸ਼ਮੀਰ ਅਤੇ ਰਾਜਸਥਾਨ ਤੋਂ ਪੇਂਟਰ ਬੁਲਵਾ ਕੇ ਸ਼ੀਸ਼ ਮਹਿਲ ਦੀਆਂ ਕੰਧਾਂ ਪੇਂਟ ਕਰਵਾਈਆਂ ਸਨ। ਇਥੇ ਇੱਕ ਮੈਡਲ ਗੈਲਰੀ ਬਣੀ ਹੋਈ ਹੈ, ਜਿਸ ਵਿਚ ਵਿਰਾਸਤ ਨਾਲ ਸਬੰਧਿਤ ਸੈਂਕੜੇ ਮੈਡਲਾਂ ਅਤੇ ਹੋਰ ਪੁਰਾਤਨ ਸਿੱਕਿਆਂ ਦੀ ਕੁਲੈਕਸ਼ਨ ਮੌਜੂਦ ਹੈ। ਸ਼ੀਸ਼ ਮਹਿਲ ਵਿਚ ਬਣੀ ਬਨਾਸਰ ਆਰਟ ਗੈਲਰੀ ਆਪਣੇ ਆਪ ਵਿਚ ਰਿਆਸਤ ਦੀ ਕਲਾ ਨੂੰ ਸੰਭਾਲ ਕੇ ਰੱਖਣ ਵਿਚ ਸਮਰੱਥ ਹੈ।

### ਮੋਤੀ ਬਾਗ ਪੈਲੇਸ

ਆਪਣੇ ਜ਼ਮਾਨੇ ਦੀ ਖ਼ੂਬਸੂਰਤ ਕਲਾ ਦਾ ਨਮੂਨਾ ਮੋਤੀ ਬਾਗ ਪੈਲੇਸ ਵਿਖੇ ਅੱਜ ਏਸ਼ੀਆ ਦਾ ਸਭ ਤੋਂ ਵੱਡਾ ਖੇਡ ਸੰਸਥਾਨ ਨੇਤਾ ਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ



# ਗੁਰੂ ਘਰਾਂ ਵਿੱਚ ਗਿੱਧੇ ਭੰਗੜੇ

ਗੁਰੂ ਘਰਾਂ ਵਿੱਚ ਅੱਜ ਕੱਲ੍ਹ ਜੋ ਗਿੱਧੇ ਭੰਗੜੇ ਪੈਣੇ ਸ਼ੁਰੂ ਹੋ ਚੁੱਕੇ ਹਨ ਕਿ ਇਹ ਗੱਲਾਂ ਕਿੱਥੋਂ ਤੱਕ ਚੰਗੀਆਂ ਤੇ ਸੱਚੀਆਂ ਹਨ ਹਰ ਕੋਈ ਗੁਰੂ ਦੇ ਨਾਂ ਤੇ ਬਾਣੀ ਦੇ ਨਾਂ ਤੇ ਆਪਣੀਆਂ ਰੋਟੀਆਂ ਸੇਕ ਰਹੇ ਹਨ ਜਿੰਨੇ ਵੀ ਆਪਣੇ ਆਪ ਨੂੰ ਜ਼ਿਆਦਾ ਪੜ੍ਹੇ ਲਿਖੇ ਸਮਝਦੇ ਹਨ ਉਹ ਹੀ ਗੁਰੂ ਘਰ ਦੀ ਬੇਅਦਬੀ ਅਤੇ ਇਹੋ ਜਿਹੇ ਪੁੱਠੇ ਕੰਮਾਂ ਦੇ ਹੱਕਦਾਰ ਹੁੰਦੇ ਹਨ। ਬਾਣੀ ਦਾ ਇਨ੍ਹਾਂ ਨੂੰ ਕੋਈ ਗਿਆਨ ਨਹੀਂ ਨਾ ਹੀ ਕਿਸੇ ਤੋਂ ਇਨ੍ਹਾਂ ਨੇ ਬਾਣੀ ਦੀ ਕਥਾ ਸੁਣੀ ਹੈ ਪਰ ਇਹ ਆਪਣੀਆਂ ਕੀਤੀਆਂ ਸਕੂਲੀ ਪੜ੍ਹਾਈਆਂ ਦਾ ਹੀ ਗਿਆਨ ਵੰਡ ਰਹੇ ਹਨ ਅੱਜ ਸਾਡਾ ਪੰਜਾਬੀ ਭਾਈਚਾਰਾ ਸਿੱਖ ਕਮਿਊਨਿਟੀ ਜਾਂ ਕਿਸੇ ਹੋਰ ਸਟੇਟ ਦਾ ਭਾਰਤ ਵਿਚ ਰਹਿੰਦੇ ਦੇਸ ਪ੍ਰਦੇਸਾਂ ਵਿੱਚ ਆਪਣਾ ਕਾਰੋਬਾਰ ਆਪਣਾ ਜੀਵਨ ਪ੍ਰਦੇਸਾਂ ਵਿਚ ਰਹਿ ਕੇ ਹੀ ਗੁਜ਼ਾਰਨਾ ਚਾਹੁੰਦੇ ਹਨ ਜ਼ਿਆਦਾਤਰ ਕੈਨੇਡਾ ਅਮਰੀਕਾ ਆਸਟਰੇਲੀਆ ਇਨ੍ਹਾਂ ਦੇਸ਼ਾਂ ਵਿੱਚ ਆਪਣਾ ਪੰਜਾਬੀ ਭਾਈਚਾਰਾ ਪੰਜਾਬੀ ਮਾਂ ਬੋਲੀ ਨੂੰ ਪੰਜਾਬੀ ਕਲਚਰ ਨੂੰ ਪਿਆਰ ਕਰਨ ਵਾਲੇ ਦਿਨ ਰਾਤ ਕਮਾਈਆਂ ਕਰਕੇ ਆਪਣਾ ਵਧੀਆ ਜੀਵਨ ਗੁਜ਼ਾਰਾ ਕਰ ਰਹੇ ਹਨ। ਅੱਜ ਬਾਹਰ ਪ੍ਰਦੇਸ਼ਾਂ ਵਿੱਚ ਥਾਂ ਥਾਂ ਤੇ ਗਿੱਧੇ ਭੰਗੜੇ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ ਅਤੇ ਪੰਜਾਬੀ ਕਲਚਰ ਦੇ ਨਾਮ ਤੇ ਇਨ੍ਹਾਂ ਦੀ ਰਖਵਾਲੀ ਕੀਤੀ ਜਾ ਰਹੀ ਹੈ ਠੀਕ ਹੈ ਆਪਣੀ ਥਾਂ ਤੇ ਗਿੱਧੇ ਭੰਗੜੇ ਵੀ ਸਮੇਂ ਦੇ ਹਿਸਾਬ ਨਾਲ ਪੈਣੇ ਚਾਹੀਦੇ ਹਨ ਪਰ ਇਹ ਗੱਲਾਂ ਬਿਲਕੁਲ ਹੀ ਸਿੱਖੀ ਸਿਧਾਂਤਾਂ ਦੇ ਉਲਟ ਹਨ ਜੋ ਕਿ ਗੁਰੂ ਘਰਾਂ ਦੇ ਵਿੱਚ ਗਿੱਧੇ ਭੰਗੜੇ ਦੀਆਂ ਕਲਾਸਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ। ਸ਼ਾਮਾਂ ਦੇ ਟਾਈਮ ਗੁਰਦੁਆਰੇ ਦੇ ਵਿੱਚ ਕੀਰਤਨ ਅਤੇ ਪਾਠ ਹੁੰਦਾ ਹੈ ਥੱਲੇ ਢੋਲ ਅਤੇ ਗੀਤਾਂ ਦੇ ਨਾਲ ਗਿੱਧੇ ਭੰਗੜੇ ਉੱਚੀ ਉੱਚੀ ਆਵਾਜ਼ਾਂ ਵਿੱਚ ਪਾਏ ਜਾਂਦੇ ਹਨ ਕੁਝ ਮਹੀਨੇ ਪਹਿਲਾਂ ਕੈਨੇਡਾ ਦੇ ਸ਼ਹਿਰ ਸਰੀ ਵਿੱਚ ਨਗਰ ਕੀਰਤਨ ਵਿੱਚ ਭੰਗੜੇ ਗਿੱਧੇ ਰਸਤੇ ਵਿੱਚ ਪਵਾਏ ਗਏ ਤੇ ਹੁਣ ਨਵੀਂ ਖਬਰ ਵੇਖਣ ਨੂੰ ਪਿਛਲੇ ਦੋ ਵੀ ਇੱਕ ਪਹਿਲਾਂ ਆਈ ਚੰਡੀਗੜ੍ਹ ਮੁਹਾਲੀ ਸ਼ਹਿਰ ਵਿੱਚ ਨਗਰ ਕੀਰਤਨ ਕੱਢਣ ਦੇ ਵੇਲੇ ਬੋਲੀਆਂ ਭੰਗੜੇ ਗਿੱਧੇ ਪਾਏ ਗਏ ਭਾਵੇਂ ਅਸੀਂ ਬਾਹਰ ਪ੍ਰਦੇਸ਼ਾਂ ਵਿੱਚ ਹਾਂ ਜਾਂ ਪੰਜਾਬ ਦੀ ਧਰਤੀ ਦੇ ਉੱਤੇ ਇਹ ਕੀ ਕੁਝ ਹੋ ਰਿਹਾ ਹੈ ਦਿਨੋਂ ਦਿਨ ਸਿੱਖੀ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਕੁਝ ਲੋਕ ਇੱਥੇ ਗੁਰਬਾਣੀ ਦੀਆਂ ਪੰਕਤੀਆਂ ਵਰਤ ਕੇ ਵੀ ਆਪਣਾ ਉੱਲੂ ਸਿੱਧਾ ਕਰ ਰਹੇ ਹਨ ਪਰ ਪੂਰੀ ਜੋ ਇੱਕ ਲੈਣ ਪੜ੍ਹ ਕੇ ਲੋਕਾਂ ਨੂੰ ਸੁਣਾ ਦਿੰਦੇ ਹਨ ਕਿ ਗੁਰੂ ਸਾਹਿਬ ਨੇ ਭੰਗੜੇ ਗਿੱਧੇ ਪਾਣ ਨੂੰ ਕਿਹਾ ਹੈ ਪਰ ਇਹ ਉਸ ਦੇ ਬਿਲਕੁਲ ਉਲਟ ਹੈ ਪੂਰੀ ਗੁਰਬਾਣੀ ਦੀ ਵਿਚਾਰ ਕਰੋ ਤੇ ਫਿਰ ਉਸ ਨੂੰ ਸਮਝੋ। ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਜਦੋਂ ਇਨ੍ਹਾਂ ਗੁਰਦੁਆਰਿਆਂ ਦੇ ਵਿੱਚ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਾ ਜਾਂ ਸਰਬਜੀਤ ਸਿੰਘ ਧੂੰਦਾ ਆਉਂਦੇ ਹਨ ਤਾਂ ਉਹ ਇਨ੍ਹਾਂ ਗੱਲਾਂ ਤੇ ਵਿਚਾਰ ਵਟਾਂਦਰਾ ਕਮੇਟੀ ਵਾਲਿਆਂ ਨਾਲ ਜਾਂ ਸੰਗਤਾਂ ਨਾਲ ਸਾਂਝਾ ਕਿਉਂ ਨਹੀਂ ਕਰਦੇ। ਉਧਰ ਜੋ ਪੰਜਾਬ ਵਿੱਚ ਚੰਡੀਗੜ੍ਹ ਮੁਹਾਲੀ ਵਿੱਚ ਨਗਰ ਕੀਰਤਨ ਤੇ ਬੋਲੀਆਂ ਭੰਗੜੇ ਪਾਏ ਗਏ ਉਹ ਗੁਰਦੁਆਰਾ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਅਦਾਰੇ ਵਿੱਚ ਹੈ ਉੱਥੋਂ ਦੇ ਸੁਝਵਾਨ ਕਥਾ ਪ੍ਰਚਾਰਕ ਜੋ ਮੰਜੀ ਸਾਹਿਬ ਕਥਾ ਕਰਦੇ ਹਨ ਉਨ੍ਹਾਂ ਨੂੰ ਵੀ ਇਸ ਮੁੱਦੇ ਤੇ ਬੋਲਣਾ ਚਾਹੀਦਾ ਹੈ, ਇਹ ਸਭ ਚੁੱਪ ਕਿਉਂ ਹਨ ਪਹਿਲਾਂ ਤਾਂ ਗੁਰੂ ਘਰਾਂ ਵਿੱਚ ਸਿਰਫ਼ ਕੁਰਸੀਆਂ ਹੀ ਲੱਗੀਆਂ ਸਨ ਤੇ ਹੁਣ ਗਿੱਧੇ ਭੰਗੜੇ ਸ਼ੁਰੂ ਹੋ ਗਏ ਆਉਣ ਵਾਲੇ ਸਮੇਂ ਵਿੱਚ ਹੋਰ ਕੀ ਕੁਝ ਹੋਵੇਗਾ ਇਹ ਸਮਾਂ ਹੀ ਦੱਸੇਗਾ ਕਿਉਂਕਿ ਲੋਕ ਜ਼ਿਆਦਾ ਪੜ੍ਹਾਈਆਂ ਕਰ ਚੁੱਕੇ ਹਨ ਜੇ ਕੋਈ ਕਮੇਟੀ ਨਾਲ ਵਿਚਾਰ ਵਟਾਂਦਰਾ ਕਰਨ ਦੀ ਗੱਲ ਹੁੰਦੀ ਹੈ ਤਾਂ ਅੱਗੋਂ ਔਖੇ, ਮਾੜੇ ਚੰਗੇ ਬੋਲ ਬੋਲਦੇ ਹਨ।ਕੁਝ ਸਿੰਘਾਂ ਨੇ ਕਮੇਟੀ ਵਾਲਿਆਂ ਨਾਲ ਗੱਲ ਕੀਤੀ ਪਰ ਉਹ ਇਸ ਪੱਖੋਂ ਆਪਣੇ ਹੱਥ ਝਾੜ ਗਏ ਕਿ ਕਹਿੰਦੇ ਹਨ ਕਿ ਇਹ ਗੁਰਦੁਆਰਾ ਨਹੀਂ ਇਹ ਇੱਕ ਸਕੂਲ ਹੈ ਪਰ ਦੂਸਰੀ ਮੰਜ਼ਿਲ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਸਵੇਰੇ ਸ਼ਾਮ ਕੀਰਤਨ ਹੁੰਦਾ ਹੈ ਐਤਵਾਰ ਨੂੰ ਭਾਰੀ ਦੀਵਾਨ ਲਗਾਏ ਜਾਂਦੇ ਹਨ। ਬੱਚਿਆਂ ਦੀ ਸਿਖਲਾਈ ਲਈ ਹੋਰ ਬਾਹਰ ਕਿਰਾਏ ਤੇ ਥਾਵਾਂ ਬਥੇਰੀਆਂ ਮਿਲ ਜਾਂਦੀਆਂ ਹਨ ਜੇ ਰਲ ਮਿਲ ਕੇ ਸਾਰੇ ਚਾਹੁਣ ਤਾਂ ਇਹ ਕੁਝ ਵੀ ਹੋ ਸਕਦਾ ਹੈ ਕਿਉਂਕਿ ਜਿਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਕੁਝ ਸਿਖਾਉਣ ਦਾ ਸ਼ੌਕ ਹੈ ਉਹ ਆਪਣੀ ਜੇਬ ਵਿੱਚੋਂ ਥੋੜ੍ਹੇ ਥੋੜ੍ਹੇ ਪੈਸੇ ਪਾ ਕੇ ਰਲ ਕੇ ਇਹ ਕੰਮ ਦਾ ਉਪਰਾਲਾ ਕਰ ਸਕਦੇ ਹਨ।ਗੁਰੂ ਘਰ ਕੀਰਤਨ, ਕਥਾ, ਪਾਠ, ਗੁੱਟਕਾ ਅਤੇ ਹੋਰ ਇੱਦਾਂ ਦੀਆਂ ਧਾਰਮਿਕ ਸਿੱਖਿਆਵਾਂ ਲਈ ਬਣਾਏ ਜਾਂਦੇ ਹਨ ਨਾ ਕਿ ਇੱਥੇ ਗੰਦੇ ਮੰਦੇ ਗੀਤਾਂ ਤੇ ਭੰਗੜੇ ਗਿੱਧੇ ਪਵਾਏ ਜਾਣ ਜਿਹੜੇ ਕੰਮ ਮੱਸੇ ਰੰਗੜ ਨੇ ਕੁਝ ਸਾਲ ਪਹਿਲਾਂ ਦਰਬਾਰ ਸਾਹਿਬ ਵਿੱਚ ਕਰਵਾਏ ਸਨ ਅੱਜ ਸਾਡੇ ਉਹ ਹੀ ਸਿੱਖ ਧਾਰਮਿਕ ਆਗੂ ਜਾਂ ਸਾਡੇ ਆਪਣੇ ਹੀ ਬੰਦੇ ਆਪਣੀਆਂ ਬੱਚੀਆਂ ਨੇ ਗਿੱਧੇ ਭੰਗੜੇ ਖੁਦ ਗੁਰਦੁਆਰਿਆਂ ਵਿੱਚ ਪਵਾ ਰਹੇ ਹਨ ਸਿੱਖੀ ਤੇ ਹੋ ਰਹੇ ਦਿਨੋਂ ਦਿਨ ਵੱਡੇ ਘਾਤਕ ਹਮਲੇ ਚਿੰਤਾਜਨਕ ਹਨ। ਪਰ ਇਹ ਸਭ ਕੁਝ ਇੱਕ ਬੰਦੇ ਦੇ ਕਹਿਣ ਤੇ ਕਰਨ ਨਾਲ ਕੁਝ ਨਹੀਂ ਹੋਵੇਗਾ ਸਾਰੀਆਂ ਭੈਣਾਂ ਵੀਰਾਂ ਪੰਜਾਬੀ ਭਾਈਚਾਰੇ ਨੂੰ ਰਲ ਮਿਲ ਕੇ ਇਕੱਠੇ ਹੋਣ ਦੀ ਕੋਸ਼ਿਸ਼ ਕਰਨੀ ਪਵੇਗੀ ਜਦ ਤੱਕ ਅਸੀਂ ਇੱਕ ਛੱਤ ਥੱਲੇ ਇਕੱਠੇ ਨਹੀਂ ਹੁੰਦੇ ਬੈਠ ਕੇ ਵਿਚਾਰ ਸਾਂਝੀ ਨਹੀਂ ਕਰਦੇ ਉਦੋਂ ਤੱਕ ਸਾਡੇ ਤੇ ਇਹ ਭਾਰੀ ਹਮਲੇ ਹੁੰਦੇ ਰਹਿਣਗੇ ਕਿਉਂਕਿ ਲੋਕਾਂ ਨੂੰ ਬਾਣੀ ਦੇ ਗਿਆਨ ਤੋਂ ਬਹੁਤ ਦੂਰ ਰੱਖਿਆ ਜਾ ਰਿਹਾ ਹੈ। ਸੋ ਸਭ ਨੂੰ ਪਤਾ ਹੈ ਸੱਚ ਕੌੜਾ ਹੈ ਅੱਜ ਕੱਲ੍ਹ ਸੱਚ ਲਿਖਣ ਤੋਂ ਲੋਕ ਡਰਦੇ ਵੀ ਹਨ ਬੋਲਦੇ ਵੀ ਨਹੀਂ ਹਨ ਤੇ ਸੁਣਨਾ ਵੀ ਪਸੰਦ ਨਹੀਂ ਕਰਦੇ ਕਿਉਂਕਿ ਸੱਚਿਆਂ ਨੂੰ ਡਰਾਇਆ ਧਮਕਾਇਆ ਜਾਂਦਾ ਹੈ ਉਨ੍ਹਾਂ ਨੂੰ ਹੋਰ ਵੀ ਬਾਹਰੋਂ ਬਥੇਰਾ ਧਮਕੀਆਂ ਦਿੱਤੀਆਂ ਜਾਂਦੀਆਂ ਹਨ ਪਰ ਜੋ ਸੱਚ ਹੈ ਉਹ ਤਾਂ ਸੱਚ ਹੀ ਰਹੇਗਾ ਠੀਕ ਹੈ ਸਾਡੇ ਲਿਖੇ ਬੋਲ ਅੱਜ ਲੋਕਾਂ ਨੂੰ ਮਾੜੇ ਲੱਗਦੇ ਹਨ ਜਾਂ ਮਾਰੇ ਲੱਗਣਗੇ ਪਰ ਆਉਣ ਵਾਲੇ ਸਮੇਂ ਵਿੱਚ ਸਭ ਨੂੰ ਪਤਾ ਲੱਗ ਜਾਵੇਗਾ ਸੋ ਆਓ ਸਾਰੇ ਇਕੱਠੇ ਹੋ ਕੇ ਇਨ੍ਹਾਂ ਗੱਲਾਂ ਵੱਲ ਧਿਆਨ ਮਾਰੀਏ ਕਿ ਗੁਰਦੁਆਰਿਆਂ ਦੇ ਵਿੱਚ ਭੰਗੜੇ ਗਿੱਧੇ ਵਾਲੇ ਕਿੰਨੇ ਕੁ ਜਾਇਜ਼ ਹਨ।

**ਸਿੰਦਰ ਸਿੰਘ ਮੀਰਪੁਰੀ** 5592850841

# ਨਵੀਂ ਸ਼ੁਰੂਆਤ ਦੀ ਉਡੀਕ 'ਚ ਕਾਂਗਰਸ



**ਰਸ਼ੀਦ ਕਿਦਵਈ**

ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਏ ਜਾਣ ਦੇ ਸਵਾਲ 'ਤੇ ਕਾਂਗਰਸ ਜਿਸ ਤਰ੍ਹਾਂ ਸ਼ਸ਼ੋਪੰਜ ਦੀ ਸ਼ਿਕਾਰ ਹੋਈ, ਉਹ ਕੋਈ ਨਵੀਂ ਗੱਲ ਨਹੀਂ ਕਿਉਂਕਿ ਉਹ ਇਕ ਅਰਸੇ ਤੋਂ ਦੁਚਿੱਤੀ ਦੀ ਸ਼ਿਕਾਰ ਹੈ। ਉਸ ਦੀ ਸਭ ਤੋਂ ਵੱਡੀ ਦੁਚਿੱਤੀ ਪਾਰਟੀ ਦੇ ਪ੍ਰਧਾਨ ਨੂੰ ਲੈ ਕੇ ਹੈ। ਰਾਹੁਲ ਗਾਂਧੀ ਦੇ ਜਾਨਸ਼ੀਨ ਸੰਬੰਧੀ ਸੋਨੀਆ ਗਾਂਧੀ ਅਤੇ ਪ੍ਰਿਅੰਕਾ ਦੇ ਨਾਲ ਖ਼ੁਦ ਰਾਹੁਲ ਨੇ ਹਾਲੇ ਤਕ ਕੋਈ ਪਸੰਦ ਜ਼ਾਹਰ ਨਹੀਂ ਕੀਤੀ ਹੈ। ਇਸ ਕਾਰਨ ਇਸ ਮਸਲੇ 'ਤੇ ਬੇਯਕੀਨੀ ਹੋਰ ਵੱਧ ਗਈ ਹੈ। ਦੇਖਣਾ ਹੈ ਕਿ ਇਹ ਦੁਚਿੱਤੀ 10 ਅਗਸਤ ਨੂੰ ਹੋਣ ਵਾਲੀ ਕਾਂਗਰਸ ਵਰਕਿੰਗ ਕਮੇਟੀ ਦੀ ਬੈਠਕ ਵਿਚ ਦੂਰ ਹੋ ਸਕਦੀ ਹੈ ਜਾਂ ਨਹੀਂ? ਜਦ ਪਾਰਟੀ ਰਾਜੀਵ ਗਾਂਧੀ ਦਾ 75ਵਾਂ ਜਨਮ ਦਿਨ ਜ਼ੋਰ-ਸ਼ੋਰ ਨਾਲ ਮਨਾਉਣ ਦੀ ਤਿਆਰੀ ਕਰ ਰਹੀ ਹੈ ਉਦੋਂ ਸ਼ਸ਼ੋਪੰਜ ਦੀ ਸਥਿਤੀ ਉਸ ਲਈ ਚੰਗੀ ਨਹੀਂ। ਕੁਝ ਨੇਤਾਵਾਂ ਨੂੰ ਉਮੀਦ ਹੈ ਕਿ ਹੋਂਦ ਦੇ ਸੰਕਟ ਨਾਲ ਜੂਝਦੀ ਪਾਰਟੀ ਰਾਜੀਵ ਗਾਂਧੀ ਦੀ ਵਿਰਾਸਤ ਦੇ ਦਮ 'ਤੇ ਵਾਪਸੀ ਕਰ ਸਕਦੀ ਹੈ। ਫ਼ਿਲਹਾਲ ਪਾਰਟੀ ਅੱਗੇ ਸਭ ਤੋਂ ਵੱਡੀ ਚੁਣੌਤੀ ਰਾਹੁਲ ਗਾਂਧੀ ਦਾ ਜਾਨਸ਼ੀਨ ਚੁਣਨ ਦੀ ਹੈ। ਇਸ ਨੂੰ ਲੈ ਕੇ ਕਾਂਗਰਸ ਵਿਚ ਦੋ ਮਤ ਹਨ। ਇਕ ਧੜਾ ਸਚਿਨ ਪਾਇਲਟ ਜਾਂ ਜਯੋਤਿਰਾਦਿਤਿਆ ਸਿੰਧੀਆ ਵਰਗੇ ਨੌਜਵਾਨ ਨੇਤਾ ਨੂੰ ਪ੍ਰਧਾਨ ਅਤੇ ਮਿਲਿੰਦ ਦੇਵੜਾ ਨੂੰ ਖ਼ਜ਼ਾਨਚੀ ਬਣਾਉਣ 'ਤੇ ਜ਼ੋਰ ਦੇ ਰਿਹਾ ਹੈ। ਓਥੇ ਹੀ ਦੂਜਾ ਧੜਾ ਮੁਕੁਲ ਵਾਸਨਿਕ, ਸੁਸ਼ੀਲ ਕੁਮਾਰ ਸ਼ਿੰਦੇ ਜਾਂ ਮਲਿਕਾਰਜੁਨ ਖੜਗੇ ਨੂੰ ਅੰਤ੍ਰਿਮ ਅਤੇ ਪਾਇਲਟ, ਸਿੰਧੀਆ ਅਤੇ ਦੇਵੜਾ ਨੂੰ ਉਪ ਪ੍ਰਧਾਨ ਬਣਾਉਣ ਦੇ ਪੱਖ ਵਿਚ ਹੈ। ਪਾਰਟੀ ਤੇ ਭਵਿੱਖ ਵਿਚ ਰਾਹੁਲ ਗਾਂਧੀ ਦੀ ਭੂਮਿਕਾ ਬਾਰੇ ਵੀ ਸ਼ਸ਼ੋਪੰਜ ਵਿਚ ਹੀ ਹੈ। ਪਹਿਲਾਂ ਇਹ ਸੋਚਿਆ ਗਿਆ ਕਿ ਰਾਹੁਲ ਬਿਨਾਂ ਕਿਸੇ ਅਹੁਦੇ ਦੇ ਵਿਚਾਰਕ ਧੁਰੀ ਦੀ ਭੂਮਿਕਾ ਵਿਚ ਰਹਿਣਗੇ ਪਰ ਉਹ ਅਤੇ ਉਨ੍ਹਾਂ ਦੀ ਟੀਮ ਅਹੁਦੇਦਾਰਾਂ ਦੀ ਨਿਯੁਕਤੀ, ਸੰਸਦੀ ਰਣਨੀਤੀ ਅਤੇ ਸਾਰੇ ਮੁੱਦਿਆਂ 'ਤੇ ਅਹਿਮ ਭੂਮਿਕਾ ਨਿਭਾਉਣਾ ਚਾਹੁੰਦੀ ਹੈ। ਹਾਲ ਹੀ ਵਿਚ ਰਾਹੁਲ ਨੇ ਕਰਨਾਟਕ ਸੰਕਟ ਲਈ ਵੀ ਕਿਸੇ ਅੰਦਰਲੇ ਵਿਅਕਤੀ ਨੂੰ ਹੀ ਦੋਸ਼ੀ ਦੱਸ ਕੇ ਸਭ ਨੂੰ ਸੁੰਨ ਕਰ ਦਿੱਤਾ ਸੀ। ਰਾਸ਼ਟਰਪਤੀ ਟਰੰਪ ਦੇ ਬਿਆਨ 'ਤੇ ਵੀ ਉਨ੍ਹਾਂ ਦਾ ਵਤੀਰਾ ਸ਼ਸ਼ੀ ਥਰੂਰ ਜਿਹੇ ਆਗੂਆਂ ਦੇ ਪਰਿਪੱਕ ਪ੍ਰਤੀਕਰਮ ਦੇ ਉਲਟ ਰਿਹਾ। ਇਹੋ ਸਥਿਤੀ ਕਸ਼ਮੀਰ ਮਾਮਲੇ ਵਿਚ ਵੀ ਦਿਖਾਈ ਦਿੱਤੀ। ਫ਼ਿਲਹਾਲ ਅਜਿਹੇ ਕੋਈ ਸੰਕੇਤ ਨਹੀਂ ਮਿਲ ਰਹੇ ਕਿ ਪਾਰਟੀ ਦੀ ਦਸ਼ਾ-ਦਿਸ਼ਾ ਸੁਧਾਰਨ ਲਈ ਰਾਹੁਲ ਕੋਈ ਦੇਸ਼-ਵਿਆਪੀ ਕੋਸ਼ਿਸ਼ ਕਰਨ ਜਾ ਰਹੇ ਹੋਣ। ਕਾਂਗਰਸੀ ਹਲਕਿਆਂ ਤੋਂ ਮਿਲੇ ਸੰਕੇਤਾਂ ਮੁਤਾਬਕ ਪ੍ਰਿਅੰਕਾ ਨੂੰ 2024 ਦੀਆਂ ਚੋਣਾਂ ਵਿਚ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਦੇ ਤੌਰ 'ਤੇ ਪੇਸ਼ ਕੀਤਾ ਜਾ ਸਕਦਾ ਹੈ। ਹਾਲਾਂਕਿ ਇਹ ਤਿੰਨ ਵਿਅਕਤੀਆਂ 'ਤੇ ਨਿਰਭਰ ਕਰੇਗਾ। ਇਕ ਰਾਹੁਲ, ਦੂਜੇ ਉਨ੍ਹਾਂ ਦੇ ਜਾਨਸ਼ੀਨ ਅਤੇ ਤੀਜੀ ਖ਼ੁਦ ਪ੍ਰਿਅੰਕਾ। ਸੰਨ 2022 ਦੀਆਂ ਉੱਤਰ ਪ੍ਰਦੇਸ਼ ਚੋਣਾਂ ਪ੍ਰਿਅੰਕਾ ਗਾਂਧੀ ਲਈ ਸਖ਼ਤ ਇਮਤਿਹਾਨ ਹੋਣਗੀਆਂ। ਉਸ ਨੇ ਸੋਨਭੱਦਰ ਮਾਮਲੇ ਵਿਚ ਕੁਝ ਦਮ ਜ਼ਰੂਰ ਦਿਖਾਇਆ ਪਰ ਉਨਾਵ ਮਾਮਲੇ ਵਿਚ ਉਹ ਸਿਰਫ਼ ਟਵਿੱਟਰ ਤਕ ਹੀ ਸੀਮਤ ਰਹਿ ਗਈ। ਉੱਤਰ ਪ੍ਰਦੇਸ਼ ਵਿਚ ਮਿਸ਼ਨ 2022 ਲਈ ਪ੍ਰਿਅੰਕਾ ਨੂੰ ਰੋਜ਼ਾਨਾ ਲਗਪਗ 16 ਘੰਟੇ ਸਖ਼ਤ ਮਿਹਨਤ ਕਰਨੀ ਹੋਵੇਗੀ। ਉਸ ਨੂੰ ਸਿੱਧਰਮਈਆ, ਓਮਾਨ ਚਾਂਡੀ ਅਤੇ ਰਮੇਸ਼ ਚੇਨੀਥਲਾ ਵਰਗੇ ਖੇਤਰੀ ਨੇਤਾਵਾਂ ਦੀ ਤਰ੍ਹਾਂ ਉੱਭਰਨਾ ਹੋਵੇਗਾ। ਇਸ ਵਾਸਤੇ ਦਿੱਲੀ ਦੀ ਸਕੂਨ ਭਰੀ ਅਤੇ ਚਮਕ-ਦਮਕ ਵਾਲੀ ਜੀਵਨਸ਼ੈਲੀ ਦਾ ਮੋਹ ਤਿਆਗਣਾ ਪਵੇਗਾ। ਰਾਹੁਲ ਦੇ ਅਸਤੀਫ਼ੇ ਤੋਂ ਬਾਅਦ ਕਾਂਗਰਸ ਦਾ ਰੋਜ਼ਮੱਰ੍ਹਾ ਦਾ ਕੰਮਕਾਜ ਚੁਣੌਤੀ ਬਣ ਗਿਆ ਹੈ। ਜਿੱਥੇ ਸੋਨੀਆ ਗਾਂਧੀ ਨੇ ਖ਼ੁਦ ਨੂੰ ਸੰਸਦੀ ਮਾਮਲਿਆਂ ਤਕ ਸੀਮਤ ਕਰ ਲਿਆ ਹੈ, ਉੱਥੇ ਹੀ ਪ੍ਰਿਅੰਕਾ ਦੀ ਜ਼ਿੰਮੇਵਾਰੀ ਵੱਧ ਗਈ ਹੈ। ਉਸ ਨੂੰ ਬਾਗੀਆਂ ਨਾਲ ਨਜਿੱਠਣ ਅਤੇ ਅਹਿਮ ਨਿਯੁਕਤੀਆਂ ਵਿਚ ਮਦਦ ਦੇ ਨਾਲ ਹੀ ਅਗਲੇਰੇ ਮੁਹਾਜ਼ ਤੋਂ ਅਗਵਾਈ ਕਰਨੀ ਪੈ ਰਹੀ ਹੈ।

ਇਕ ਦਿਨ ਉਹ ਮੁੰਬਈ ਵਿਚ ਬਗਾਵਤ ਨੂੰ ਸਫਲ ਤਰੀਕੇ ਨਾਲ ਸ਼ਾਂਤ ਕਰ ਕੇ ਦਿੱਲੀ ਪਰਤੀ ਹੀ ਸੀ ਕਿ ਪਤਾ ਲੱਗਾ ਕਿ ਅਮੇਠੀ ਦੇ ਰਾਜਾ ਰਹੇ ਸੰਜੇ ਸਿੰਘ ਅਤੇ ਉਨ੍ਹਾਂ ਦੀ ਪਤਨੀ ਨੇ ਪਾਰਟੀ ਛੱਡ ਦਿੱਤੀ ਹੈ। ਆਪਣੀ ਬੋਲਣ ਦੀ ਕਲਾ ਅਤੇ ਅਦਾਕਾਰੀ ਦੇ ਹੁਨਰ ਲਈ ਮਸ਼ਹੂਰ ਪਾਰਟੀ ਦੀ ਸੂਬਾਈ ਯੂਨਿਟ ਦਾ ਇਕ ਮੁਖੀ ਵੀ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਦੇ ਘਰੇ ਦੇਖਿਆ ਗਿਆ। ਜੇ ਅਗਲੇ ਸਾਲ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਕਾਂਗਰਸ ਦਾ ਚੋਣ ਚਿਹਰਾ ਬਣਦੇ ਹਨ ਤਾਂ ਇਸ ਪਿੱਛੇ ਪ੍ਰਿਅੰਕਾ ਗਾਂਧੀ ਹੀ ਹੋਵੇਗੀ। ਪ੍ਰਿਅੰਕਾ ਭਾਵੇਂ ਹੀ ਪ੍ਰਧਾਨਗੀ ਦੀ ਦਾਅਵੇਦਾਰ ਨਾ ਹੋਵੇ ਪਰ ਸੰਗਠਨ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਵਰਗੇ ਲੋਕ ਉਸ ਦਾ ਸਾਥ ਨਹੀਂ ਛੱਡਣਗੇ। ਇਹ ਕੋਈ ਰਾਜ਼ ਨਹੀਂ ਹੈ ਕਿ ਛੱਤੀਸਗੜ੍ਹ, ਅਰੁਣਾਚਲ ਦੀਆਂ ਸੂਬਾਈ ਯੂਨਿਟਾਂ ਦੇ ਮੁਖੀ, ਯੂਥ ਕਾਂਗਰਸ ਦੇ ਅੰਤ੍ਰਿਮ ਪ੍ਰਧਾਨ ਅਤੇ ਮਹਾਰਾਸ਼ਟਰ ਅਤੇ ਹਰਿਆਣਾ ਲਈ ਚੋਣ ਟੀਮ ਨੂੰ ਚੁਣਨ ਵਰਗੀਆਂ ਨਿਯੁਕਤੀਆਂ ਗਾਂਧੀ ਪਰਿਵਾਰ ਦੀ ਮੌਨ ਸਹਿਮਤੀ ਨਾਲ ਹੀ ਹੋਈਆਂ ਹਨ। ਕਾਂਗਰਸ ਨੂੰ ਨੇੜਿਓਂ ਜਾਨਣ ਵਾਲਾ ਕੋਈ ਵੀ ਸ਼ਖ਼ਸ ਦੱਸ ਸਕਦਾ ਹੈ ਕਿ ਕਿਸੇ ਵੀ ਨਿਯੁਕਤੀ ਨੂੰ ਗਾਂਧੀ ਪਰਿਵਾਰ ਤੋਂ ਸਹਿਮਤੀ ਲੈ ਕੇ ਹੀ ਯਕੀਨੀ ਬਣਾਇਆ ਜਾ ਸਕਦਾ ਹੈ। ਜਿੱਥੇ ਰਾਹੁਲ ਗਾਂਧੀ ਹਾਲੇ ਵੀ ਲੋਕ ਸਭਾ ਚੋਣ ਵਿਚ ਭਾਰੀ ਹਾਰ ਦੀ ਜ਼ਿੰਮੇਵਾਰੀ ਤੈਅ ਕਰਨ 'ਤੇ ਅੜੇ ਹੋਏ ਹਨ, ਉੱਥੇ ਹੀ ਪ੍ਰਿਅੰਕਾ ਅਤੇ ਸੋਨੀਆ ਗਾਂਧੀ ਇਸ ਮੁੱਦੇ ਨੂੰ ਉਦੋਂ ਤਕ ਟਾਲ ਕੇ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਦੀਆਂ ਚਾਹਵਾਨ ਦਿਖਾਈ ਦਿੰਦੀਆਂ ਹੈ ਜਦ ਤਕ ਕਾਂਗਰਸ ਫਿਰ ਤੋਂ ਕੁਝ ਚੋਣ ਸਫਲਤਾਵਾਂ ਦਾ ਸਵਾਦ ਨਾ ਚੱਖ ਲਵੇ। ਇਸ ਮਾਮਲੇ ਵਿਚ ਵੀ ਉਮੀਦਾਂ ਪੂਰੀ ਤਰ੍ਹਾਂ ਪ੍ਰਿਅੰਕਾ 'ਤੇ ਹੀ ਟਿਕੀਆਂ ਹਨ ਕਿ ਸਿਰਫ਼ ਉਹੀ ਰਾਹੁਲ ਗਾਂਧੀ ਨੂੰ ਉਨ੍ਹਾਂ ਦਾ ਰੁਖ਼ ਨਰਮ ਕਰਨ ਲਈ ਮਨਾ ਸਕਦੀ ਹੈ।

ਆਪਣੇ ਪੱਧਰ 'ਤੇ ਗਾਂਧੀ ਪਰਿਵਾਰ ਪਾਰਟੀ ਸੰਗਠਨ ਨਾਲ ਪੂਰੀ ਤਾਲ ਮਿਲਾਈ ਰੱਖਣ ਲੱਗਾ ਹੈ। ਅਦਾਲਤੀ ਲੜਾਈਆਂ ਲਈ ਉਸ ਨੂੰ ਪਾਰਟੀ ਨੇਤਾਵਾਂ ਦਾ ਪੂਰਾ ਸਮਰਥਨ ਮਿਲ ਰਿਹਾ ਹੈ। ਇਨ੍ਹਾਂ 'ਚੋਂ ਦੋ ਮਾਮਲੇ ਤਾਂ ਰਾਹੁਲ ਗਾਂਧੀ ਨਾਲ ਹੀ ਜੁੜੇ ਹੋਏ ਹਨ। ਵੈਸੇ ਇੰਦਰਾ ਗਾਂਧੀ ਦੇ ਦੌਰ ਵਿਚ 1969 ਅਤੇ 1977 ਵਿਚ ਕਾਂਗਰਸ ਵਿਚ ਜਿਹੋ ਜਿਹੀ ਪਾਟੋਧਾੜ ਦੇਖਣ ਨੂੰ ਮਿਲੀ ਸੀ, ਉਸ ਦੀ ਤੁਲਨਾ ਵਿਚ 2014 ਅਤੇ 2019 ਵਿਚ ਹਾਰ ਦੇ ਬਾਵਜੂਦ ਕਾਂਗਰਸ ਵਿਚ ਕਿਸੇ ਤਰ੍ਹਾਂ ਦੀ ਵੱਡੀ ਬਗਾਵਤ ਨਹੀਂ ਹੋਈ ਜਾਂ ਵੱਡੇ ਪੈਮਾਨੇ 'ਤੇ ਨੇਤਾਵਾਂ ਨੇ ਪਾਰਟੀ ਨਹੀਂ ਛੱਡੀ ਹੈ। ਫਿਰ ਵੀ ਲਗਪਗ 15 ਸਾਬਕਾ ਮੁੱਖ ਮੰਤਰੀਆਂ, ਦਰਜਨਾਂ ਸਾਬਕਾ ਕੇਂਦਰੀ ਮੰਤਰੀਆਂ ਅਤੇ ਪਾਰਟੀ ਦੇ ਸਾਬਕਾ ਜਨਰਲ ਸਕੱਤਰਾਂ ਦੇ ਰੂਪ ਵਿਚ ਵੰਸ਼ਵਾਦੀ ਨੇਤਾਵਾਂ ਦੀ ਖੇਪ ਨਵੇਂ ਕਾਬਲ ਲੋਕਾਂ ਨੂੰ ਲੁਭਾਉਣ ਦੇ ਲਿਹਾਜ਼ ਨਾਲ ਕੁਝ ਖ਼ਾਸ ਨਹੀਂ ਕਰ ਸਕੀ ਹੈ। ਜਦ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਚੁਣਨ ਦੀ ਵਾਰੀ ਆਈ ਤਾਂ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਦੀ ਤੁਲਨਾ ਵਿਚ ਪ੍ਰਿਅੰਕਾ ਦਾ ਦਖ਼ਲ ਜ਼ਿਆਦਾ ਰਿਹਾ।

ਇਸ ਕਾਰਨ ਇਹ ਬਹਿਸ ਜ਼ੋਰ ਫੜਨ ਲੱਗੀ ਹੈ ਕਿ 'ਪ੍ਰਿਅੰਕਾ ਰਾਹੁਲ ਤੋਂ ਬਿਹਤਰ ਹੈ।' ਇਸ ਗੱਲ ਦਾ ਕਿਸੇ ਨੂੰ ਇਲਮ ਨਹੀਂ ਕਿ ਰਾਹੁਲ ਗਾਂਧੀ ਕਾਂਗਰਸ ਵਿਚ ਪ੍ਰਿਅੰਕਾ ਦਾ ਕੱਦ ਉੱਚਾ ਹੋਣ ਬਾਰੇ ਕੀ ਸੋਚ ਰੱਖਦੇ ਹਨ। ਕੀ ਉਨ੍ਹਾਂ ਦੀ ਸਹਿਮਤੀ ਨਾਲ ਹੀ ਪ੍ਰਿਅੰਕਾ ਦੀ ਪਾਰਟੀ ਵਿਚ ਪੁੱਛ-ਪ੍ਰਤੀਤ ਵੱਧ ਰਹੀ ਹੈ? ਜੇ ਹਾਂ ਤਾਂ ਯਕੀਨਨ ਕਾਂਗਰਸ ਦੀ ਕਾਰਗੁਜ਼ਾਰੀ ਵੀ ਸੁਧਰੇਗੀ। ਵੈਸੇ ਜੇ ਅਗਲਾ ਪ੍ਰਧਾਨ ਪਾਰਟੀ ਲਈ ਸਮਰਪਿਤ ਨਾ ਹੋ ਕੇ ਸਿਰਫ਼ ਗਾਂਧੀ ਪਰਿਵਾਰ ਦੀ ਕਠਪੁਤਲੀ ਹੋਵੇਗਾ ਤਾਂ ਕਾਂਗਰਸ ਲਈ ਸ਼ਾਇਦ ਇਸ ਤੋਂ ਬੁਰਾ ਕੁਝ ਹੋਰ ਨਾ ਹੋਵੇ। ਜਦ 1997 ਵਿਚ ਬਿਨਾਂ ਕਿਸੇ ਅਹੁਦੇ ਦੇ ਸੋਨੀਆ ਗਾਂਧੀ ਪਾਰਟੀ ਵਿਚ ਸ਼ਾਮਲ ਹੋਈ ਸੀ ਤਾਂ ਪ੍ਰਧਾਨ ਰਹੇ ਸੀਤਾਰਾਮ ਕੇਸਰੀ ਦੀ ਕੋਈ ਹੈਸੀਅਤ ਹੀ ਨਹੀਂ ਰਹਿ ਗਈ ਸੀ। ਅਕਸਰ ਆਸਕਰ ਫਰਨਾਂਡੀਜ਼ ਅਤੇ ਵੀ. ਜਾਰਜ ਕੇਸਰੀ ਦੇ ਨਿਵਾਸ 'ਤੇ ਨਿਯੁਕਤੀਆਂ 'ਤੇ ਉਨ੍ਹਾਂ ਦੇ ਦਸਤਖ਼ਤ ਕਰਵਾਉਣ ਜਾਂਦੇ ਸਨ। ਕੇਸਰੀ ਇਸ ਤੋਂ ਬੇਹੱਦ ਦੁਖੀ ਰਹਿੰਦੇ ਸਨ ਕਿ ਉਨ੍ਹਾਂ ਨੂੰ ਬਸ ਦਸਤਖ਼ਤ ਕਰਨ ਤਕ ਹੀ ਸੀਮਤ ਕਰ ਦਿੱਤਾ ਗਿਆ ਹੈ।

ਕੀ ਕਾਂਗਰਸ ਦਾ ਮੌਜੂਦਾ ਸੰਕਟ ਗਾਂਧੀ ਪਰਿਵਾਰ ਦੀ ਵਿਰਾਸਤ ਦੀ ਸਮਾਪਤੀ 'ਤੇ ਮੋਹਰ ਲਗਾਵੇਗਾ ਜਾਂ ਨਵੀਂ ਸ਼ੁਰੂਆਤ ਦਾ ਜ਼ਰੀਆ ਬਣੇਗਾ? ਫ਼ਿਲਮਕਾਰ ਮਹੇਸ਼ ਭੱਟ ਕਹਿੰਦੇ ਹਨ ਕਿ ਹਰ ਅੰਤ ਦੀ ਰਾਹ ਵਿਚ ਵੀ ਇਕ ਅੰਤ ਹੁੰਦਾ ਹੈ। ਕਾਂਗਰਸ ਪਾਰਟੀ ਉਸ ਅੰਤ ਦੇ ਪੜਾਅ 'ਤੇ ਪੁੱਜ ਗਈ ਹੈ ਪਰ ਹਰੇਕ ਅੰਤ ਵਿਚ ਨਵੀਂ ਸ਼ੁਰੂਆਤ ਵੀ ਹੁੰਦੀ ਹੈ। ਕੀ ਕਾਂਗਰਸ ਆਪਣੇ ਪੁਰਾਣੇ ਸਰੂਪ ਤੋਂ ਬਾਹਰ ਨਿਕਲ ਕੇ ਖ਼ੁਦ ਵਿਚ ਨਵੇਂ ਸੁਧਾਰ ਕਰ ਸਕਦੀ ਹੈ। ਨਿੱਜੀ ਤੌਰ 'ਤੇ ਕਾਂਗਰਸੀ ਉਨ੍ਹਾਂ ਨਾਲ ਜ਼ਰੂਰ ਸਹਿਮਤ ਹੋਣੇ ਚਾਹੀਦੇ ਹਨ।

# ਸ਼ਾਹੀ ਸ਼ਹਿਰ ਪਟਿਆਲਾ

ਆਫ ਸਪੋਰਟਸ ਖੁੱਲ੍ਹਿਆ ਹੋਇਆ ਹੈ ਜਿਸ ਨਾਲ ਇਸ ਮਹਿਲ ਦਾ ਹੁਣ ਦੋਹਰਾ ਨਜ਼ਾਰਾ ਦੇਖਣ ਨੂੰ ਮਿਲਦਾ ਹੈ। ਇੱਕ ਤਾਂ ਮਹਿਲ ਦੀ ਖੂਬਸੂਰਤੀ ਅਤੇ ਸ਼ਾਹੀ ਘਰਾਣੇ ਦੇ ਰਹਿਣ ਸਹਿਣ ਅਤੇ ਸ਼ਾਹੀ ਠਾਠ ਬਾਠ ਦੀ ਜਿਉਂਦੀ ਜਾਗਦੀ ਮਿਸਾਲ ਮਿਲਦੀ ਹੈ, ਉੱਥੇ ਅੰਤਰਾਸ਼ਟਰੀ ਪੱਧਰ ਦੇ ਖੇਡਾਂ ਦੇ ਮੈਦਾਨ ਆਪਣਾ ਵੱਖਰਾ ਹੀ ਨਜ਼ਾਰਾ ਬੰਨ੍ਹਦੇ ਹਨ। ਇੱਥੇ ਖੁੱਲ੍ਹੀ ਸੰਸਥਾ ਜਿਥੇ ਅੰਤਰਰਾਸ਼ਟਰੀ ਪੱਧਰ ਦੇ ਕੋਚ ਪੈਦਾ ਕਰਦੀ ਹੈ, ਉੱਥੇ ਦੇਸ਼ਾਂ ਵਿਦੇਸ਼ਾਂ ਵਿਚ ਭਾਰਤ ਦਾ ਨਾਮ ਚਮਕਾਉਣ ਵਾਲੇ ਖਿਡਾਰੀ ਵੀ ਅਭਿਆਸ ਕਰਦੇ ਹਨ। ਮੋਤੀ ਬਾਗ ਪੈਲੇਸ ਨੂੰ ਮਹਾਰਾਜਾ ਨਰਿੰਦਰ ਸਿੰਘ ਨੇ ਸੰਨ 1847 ਵਿਚ ਬਣਵਾਇਆ। ਇਹ ਲਾਹੌਰ ਦੇ ਸ਼ਾਲੀਮਾਰ ਬਾਗ ਦੀ ਤਰਜ਼ 'ਤੇ ਬਣਾਇਆ ਗਿਆ ਸੀ।

**ਬਾਰਾਂਦਰੀ**

ਬਾਰਾਂਦਰੀ ਦੇ ਨਾਲ ਪਟਿਆਲਾ ਦੀ ਵੱਖਰੀ ਹੀ ਪਹਿਚਾਣ ਹੈ। ਸ਼ਾਹੀ ਘਰਾਣੇ ਵੱਲੋਂ ਦੁਨੀਆਂ ਦੇ ਕੋਨੇ- ਕੋਨੇ ਤੋਂ ਲਿਆ ਕੇ ਲਾਏ ਗਏ ਰੁੱਖ ਬੂਟੇ ਆਪਣਾ ਵੱਖਰਾ ਹੀ ਨਜ਼ਾਰਾ ਪੇਸ਼ ਕਰਦੇ ਹਨ। ਇਸ ਦੇ ਨਾਲ ਹੀ ਸਵੇਰੇ ਅਤੇ ਸ਼ਾਮ ਇਥੇ ਸੈਰ ਕਰਨ ਵਾਲਿਆਂ ਲਈ ਇਹ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ।

**ਰਾਜਿੰਦਰਾ ਅਤੇ ਮਹਿੰਦਰਾ ਕੋਠੀ**

ਕਿਸੇ ਸਮੇਂ ਬਾਹਰ ਤੋਂ ਆਉਣ ਵਾਲੇ ਖਾਸ ਮਹਿਮਾਨਾਂ ਲਈ ਬਣਾਈ ਗਈ ਰਾਜਿੰਦਰਾ ਕੋਠੀ ਵਿਖੇ ਅੱਜ ਕੱਲ੍ਹ ਵਿਰਾਸਤੀ ਹੋਟਲ ਬਣਿਆ ਹੋਇਆ ਹੈ, ਜਿਹੜਾ ਪਟਿਆਲਾ ਦੇਖਣ ਦੀ ਇੱਛਾ ਰੱਖਣ ਵਾਲਿਆਂ ਲਈ ਨਿਸ਼ਚਿਤ ਤੌਰ 'ਤੇ ਖਿੱਚ ਦਾ ਕੇਂਦਰ ਰਹਿੰਦਾ ਹੈ। ਇਸੇ ਤਰ੍ਹਾਂ ਮਹਿੰਦਰਾ ਕੋਠੀ ਜਿਥੇ ਇਸ ਸਮੇਂ ਰਾਜੀਵ ਗਾਂਧੀ ਲਾਅ ਯੂਨੀਵਰਸਿਟੀ ਚੱਲ ਰਹੀ ਹੈ, ਦੀ ਦਿੱਖ ਵੀ ਕਿਸੇ ਤੋਂ ਘੱਟ ਨਹੀਂ ਹੈ।

**ਕਾਲੀ ਮਾਤਾ ਮੰਦਰ**

ਸ਼ਾਹੀ ਘਰਾਣੇ ਵੱਲੋਂ ਕੋਲਕਾਤਾ ਤੋਂ ਸ੍ਰੀ ਕਾਲੀ ਮਾਤਾ ਦੀ ਜੋਤ ਲਿਆ ਕੇ ਬਣਾਇਆ ਗਿਆ ਸ੍ਰੀ ਕਾਲੀ ਮਾਤਾ ਮੰਦਰ ਨਾ ਕੇਵਲ ਸ਼ਹਿਰ ਨਿਵਾਸੀਆਂ ਲਈ, ਸਗੋਂ ਆਸ ਪਾਸ ਪਿੰਡਾਂ ਤੋਂ ਇਲਾਵਾ ਦੂਰ ਦੂਰ ਦੇ ਲੋਕਾਂ ਲਈ ਪੂਜਣਯੋਗ ਸਥਾਨ ਹੈ। ਮਾਤਾ ਦੇ ਨਵਰਾਤਰਿਆਂ ਦੇ ਦੌਰਾਨ ਇਥੇ ਭਗਤਾਂ ਦਾ ਨਜ਼ਾਰਾ ਦੇਖਣਯੋਗ ਹੁੰਦਾ ਹੈ।

**ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ**

ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ, ਜਿੱਥੇ ਪੰਚਮੀ ਦਾ ਮੇਲਾ ਬੜੀ ਧੂਮ ਧਾਮ ਨਾਲ ਭਰਦਾ ਹੈ। ਸ਼ਹਿਰ ਨਿਵਾਸੀ ਸਵੇਰੇ-ਸ਼ਾਮ ਇਥੇ ਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰਦੇ ਹਨ। ਜਿਹੜੀ ਵੀ ਸ਼ਖ਼ਸ਼ੀਅਤ ਪਟਿਆਲਾ ਆਉਂਦੀ ਹੈ, ਉਹ ਇਥੇ ਆਸ਼ੀਰਵਾਦ ਜ਼ਰੂਰ ਪ੍ਰਾਪਤ ਕਰਕੇ ਜਾਂਦੀ ਹੈ।

**ਪਟਿਆਲਾ ਦੇ ਚੌਂਕ**

ਸ਼ਾਹੀ ਸ਼ਹਿਰ ਦੇ ਫੁਹਾਰਾ ਚੌਂਕ, ਲੀਲਾ ਭਵਨ ਚੌਂਕ, ਕੜਾਹ ਵਾਲਾ ਚੌਂਕ, ਅਨਾਰਦਾਨਾ ਚੌਂਕ, ਕਿਲ੍ਹਾ ਚੌਂਕ, ਅਦਾਲਤ ਬਜ਼ਾਰ, ਧਰਮਪੁਰਾ ਬਜ਼ਾਰ, ਆਰੀਆ ਸਮਾਜ ਚੌਂਕਾਂ ਦਾ ਆਪਣਾ ਇਤਿਹਾਸ ਹੈ। ਹਰੇਕ ਦੀ ਆਪਣੀ ਨਿੱਜੀ ਪਛਾਣ ਹੈ।

**ਦਰਵਾਜ਼ੇ ਅਤੇ ਸੈਂਟਰ ਸਟੇਟ ਲਾਇਬਰੇਰੀ**

ਰਿਆਸਤ ਦੇ ਦਿਨਾਂ ਵਿਚ ਹਰੇਕ ਸ਼ਹਿਰ ਨੂੰ ਜਾਣ ਵਾਲੇ ਰਸਤੇ 'ਤੇ ਇੱਕ ਗੇਟ ਬਣਿਆ ਹੋਇਆ ਸੀ। ਕੁੱਲ ਮਿਲਾ ਕੇ 10 ਦਰਵਾਜ਼ੇ ਹਨ ਅਤੇ ਹਰੇਕ ਨਾਮ ਸ਼ਹਿਰਾਂ ਦੇ ਨਾਮ 'ਤੇ ਰੱਖਿਆ ਹੋਇਆ ਹੈ। ਪੁਰਾਣਾ ਸ਼ਹਿਰ ਇਨ੍ਹਾਂ ਦਰਵਾਜ਼ਿਆਂ ਦੇ ਅੰਦਰ ਹੀ ਵਸਿਆ ਹੋਇਆ ਸੀ। ਸ਼ਿਮਲਾ ਦੀ ਤਰਜ਼ 'ਤੇ ਬਣੀ ਮਾਲ ਰੋਡ 'ਤੇ ਸੈਂਟਰ ਸਟੇਟ ਲਾਇਬਰੇਰੀ ਵਿਚ ਪੁਰਾਣਾ ਅਤੇ ਅਧੁਨਿਕ ਇਤਿਹਾਸ ਭਰਿਆ ਪਿਆ ਹੈ।

**ਵਿਰਾਸਤ ਸਮਾਨ**

ਇਸ ਅਜਾਇਬਘਰ, ਜਿਹੜਾ ਆਮ ਲੋਕਾਂ ਲਈ ਪੁਰਾਤਵ ਤੇ ਸੱਭਿਆਚਾਰਕ ਵਿਭਾਗ ਪੰਜਾਬ ਨੇ ਹਾਲ ਦੀ ਘੜੀ ਖੋਲ੍ਹਿਆ ਹੈ, ਵਿੱਚ ਪੁਰਾਣੀਆਂ ਇਤਿਹਾਸਕ ਬੰਦੂਕਾਂ, ਪਿਸਤੌਲ, ਭਾਲੇ, ਟੋਪ, ਢਾਲਾਂ, ਨੇਜ਼ੇ ਤੇ ਤਲਵਾਰਾਂ ਪ੍ਰਦਰਸ਼ਿਤ ਹਨ। ਇਸ ਵਿੱਚ ਬਾਦਸ਼ਾਹ ਨਾਦਰਸ਼ਾਹ ਦੀ ਤਲਵਾਰ 'ਸ਼ਿਕਾਰਗਾਹ' ਤੇ ਈਰਾਨ ਦੇ ਬਾਦਸ਼ਾਹ ਸ਼ਾਹ ਅੱਬਾਸ ਦੀ ਤਲਵਾਰ ਵੀ ਸ਼ਾਮਲ ਹੈ। ਗੁਰੂ ਗੋਬਿੰਦ ਸਿੰਘ ਦੀ ਤਲਵਾਰ ਸਮੇਤ ਹੋਰ ਹਥਿਆਰਾਂ ਦੀਆਂ ਦੁਰਲੱਭ ਨਿਸ਼ਾਨੀਆਂ ਇੱਥੇ ਹਨ। ਰਿਆਸਤ ਦੇ ਮਹਾਰਾਜਾ ਸਾਹਿਬ ਸਿੰਘ ਦੇ ਕਾਰਜਕਾਲ ਦੌਰਾਨ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਤੋਂ ਇਲਾਵਾ ਸੰਸਾਰ 'ਚੋਂ ਕਈ ਹੋਰ ਅਹਿਮ ਸ਼ਾਸਕ ਤੇ ਸ਼ਖਸੀਅਤਾਂ ਵੀ ਇਸ ਕਿਲ੍ਹੇ 'ਚ ਆਈਆਂ ਦੱਸੀਆਂ ਜਾਂਦੀਆਂ ਹਨ। ਇਸ ਦੇ ਬਾਵਜੂਦ ਕਿਲ੍ਹੇ ਅੰਦਰ ਸਥਾਪਿਤ ਤੇ ਖਸਤਾ ਹਾਲ ਦੇ ਸ਼ਿਕਾਰ 'ਬੁਰਜ ਬਾਬਾ ਆਲਾ ਸਿੰਘ' ਵਿਖੇ ਸਦੀਆਂ ਤੋਂ ਨਿਰੰਤਰ ਬਲ ਰਹੀ ਜੋਤ ਅੱਜ ਵੀ ਬਲ ਰਹੀ ਹੈ। ਇਹ ਜੋਤ ਕਿਲ੍ਹੇ ਦੀ ਉਸਾਰੀ ਤੋਂ ਪਹਿਲਾਂ ਹੀ ਇਥੇ ਟਿੱਬੇ ਦੀ ਬਣੀ ਇੱਕ ਝਿੜੀ ਅੰਦਰ ਬਲਦੀ ਸੀ। ਬਾਬਾ ਆਲਾ ਸਿੰਘ ਨੇ ਇਸ ਜੋਤ ਕੋਲ ਲੰਮੀ ਤਪੱਸਿਆ ਵੀ ਕੀਤੀ ਸੀ। ਇਥੇ ਉਨ੍ਹਾਂ ਦਾ ਤਪੱਸਵੀ ਥੜ੍ਹਾ ਵੀ ਮੌਜੂਦ ਹੈ।

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

# Newspaper Classifieds

MATRIMONIAL
PROPERTY
RECRUITMENT
NAME OF CHANGE
BUSINESS

It's time to
Grow your Business
Advertise with us...

24 ਘੰਟੇ ਆਨਲਾਈਨ ਪੜ੍ਹੋ
www.preetnama.com
ਲੇਖ, ਰਚਨਾਵਾਂ, ਕਾਵਿ ਕਿਆਰੀ, ਅਤੇ ਹੋਰ ਚਲੰਤ ਮਸਲੇ

ਜੇਕਰ ਤੁਸੀਂ ਵੀ ਆਪਣੇ ਵਪਾਰ
ਨੂੰ ਵਧਾਉਣਾ ਚਾਹੁੰਦੇ ਹੋ ਤਾਂ
ਅੱਜ ਹੀ ਸਾਡੇ ਨਾਲ ਜੁੜੋ

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

preetnamausa@gmail.com
Contact : +1 201-312-4180

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ ॥

## ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਵਲੋਂ

**113-10 101st Ave., South Richmond Hill NY 11419**



# "ਸਾਚਾ ਗੁਰੂ ਲਾਧੋ ਰੇ" ਦਿਵਸ



ਸ੍ਰੀ ਅਖੰਡ ਪਾਠ ਗੁਰਦੁਆਰਾ ਸਾਹਿਬ ਵਿਖੇ
ਆਰੰਭ ਸ੍ਰੀ ਅਖੰਡ ਪਾਠ 16 ਅਗਸਤ ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ
ਸਮਾਪਤੀ ਸ੍ਰੀ ਅਖੰਡ ਪਾਠ 18 ਅਗਸਤ ਦਿਨ ਐਤਵਾਰ ਸਵੇਰੇ 9:00 ਵਜੇ

## 18 ਅਗਸਤ ਦਿਨ ਐਤਵਾਰ

11:00 ਵਜੇ ਤੋਂ ਸ਼ਾਮ 5:00 ਵਜੇ ਤੱਕ ਸਮੋਕੀ ਪਾਰਕ ਵਿਖੇ ਦੀਵਾਨ ਸਜਣਗੇ ।

# Sunday, 18th August 2019 at Smokey Park

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਸਮੇਂ ਸੰਗਤਾਂ ਨੂੰ ਇਹ ਬਚਨ ਕਹੇ "ਬਾਬਾ ਬਸੇ ਗਰਾਮ ਬਕਾਲੇ", ਇਹ ਸੁਣ ਕੇ ਨਕਲੀ ਗੁਰੂ ਬਾਬੇ ਬਕਾਲੇ ਗੱਦੀਆਂ ਲਾਕੇ ਬੈਠ ਗਏ ਜਦੋਂ "ਬਾਬਾ ਮੱਖਣ ਸ਼ਾਹ ਲੁਬਾਣਾ", ਜਿਸ ਦੀ ਅਰਦਾਸ ਸੁਣ ਕੇ ਗੁਰੂ ਜੀ ਨੇ ਡੁਬਦਾ ਜਹਾਜ ਕਿਨਾਰੇ ਲਾਇਆ ਸੀ ਉਹ ਗੁਰੂ ਜੀ ਦਾ ਸ਼ੁਕਰਾਨਾ ਕਰਨ ਲਈ ਬਾਬੇ ਬਕਾਲੇ ਪਹੁੰਚਿਆ। ਬਾਈ ਗੁਰੂ ਵੇਖ ਕੇ ਹੈਰਾਨ ਹੋ ਗਿਆ ਸਾਰਿਆਂ ਨੂੰ ਪਰਖੱਣ ਤੋਂ ਬਾਦ ਉਸ ਨੇ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੂੰ ਪ੍ਰਗਟ ਕੀਤਾ ਅਤੇ ਕੋਠੇ ਤੇ ਚੜ੍ਹ ਕੇ ਉੱਚੀ ਉੱਚੀ ਪੁਕਾਰ ਕੇ ਕਹਿਣ ਲੱਗਾ "ਗੁਰੂ ਲਾਧੋ ਰੇ ਗੁਰੂ ਲਾਧੋ ਰੇ" । ਇਹ ਬਚਨ ਸੰਗਤਾਂ ਯਾਦ ਕਰਵਾਉਣ ਲਈ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿਖ ਸੈਂਟਰ ਨਿਊਯਾਰਕ ਵਲੋਂ ਹਰ ਸਾਲ "ਗੁਰੂ ਲਾਧੋ ਰੇ ਦਿਵਸ" ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ ।

### ਰਾਗੀ ਜੱਥੇ

ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ ।
ਭਾਈ ਰਾਏ ਸਿੰਘ ਜੀ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ।
ਭਾਈ ਗੁਰਪ੍ਰੀਤ ਸਿੰਘ ਜੀ ਬੱਲੜਵਾਲ ।
ਭਾਈ ਜੱਸਦੇਵ ਸਿੰਘ ਰਮਦਾਸ ।

### ਢਾਡੀ ਜੱਥਾ

ਭਾਈ ਮੋਹਨ ਸਿੰਘ ਜੀ ਬਡਾਨਾ ਅੰਬਾਲੇ ਵਾਲੇ।

### ਕਥਾਵਾਚਕ

ਗਿਆਨੀ ਅਮਰੀਕ ਸਿੰਘ ਜੀ ਚੰਡੀਗੜ੍ਹ ।
ਗਿਆਨੀ ਦਵਿੰਦਰ ਸਿੰਘ ਆਨੰਦਪੁਰ ਸਾਹਿਬ ।
ਭਾਈ ਜਸਪਾਲ ਸਿੰਘ ਹੈੱਡ ਗ੍ਰੰਥੀ ।

### ਵਿਸ਼ੇਸ਼

1. ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ 15-16-17 ਅਗਸਤ ਰੋਜਾਨਾ ਸ਼ਾਮ 7 ਤੋਂ 8 ਵਜੇ ਤੱਕ ਕੀਰਤਨ ਦੀ ਹਾਜਰੀ ਭਰਣਗੇ ।
2. 12-13-14-15-16-17 ਅਗਸਤ ਤੱਕ ਗਿਆਨੀ ਅਮਰੀਕ ਸਿੰਘ ਜੀ ਚੰਡੀਗੜ੍ਹ ਵਾਲੇ ਰੋਜਾਨਾ ਸ਼ਾਮ ਨੂੰ 8 ਵਜੇ ਤੋਂ 9 ਵਜੇ ਤੱਕ ਕੱਥਾ ਕਰਣਗੇ ।



















### ਪ੍ਰਬੰਧਕ ਕਮੇਟੀ

| | | |
|---|---|---|
| Gurmit Singh Mehmadpur | President | 917-225-6703 |
| Jogvinder Singh | Vice President | 347-645-0550 |
| Surinder Singh | Vice President | 917-226-6245 |
| Himmat Singh Sarpanch | General Secretary | 917-553-5036 |
| Daler Singh | General Secretary | 917-849-9033 |
| Sukhjinder Singh Rimpy | Vice Secretary | 917-578-6004 |
| Dalip Singh Raipur | Cashier | 917-660-7241 |
| Gareeb Taneja | Cashier | 347-612-8895 |
| Jaswinder Singh | Cashier | 917-293-9837 |
| Manjit Singh | Langar Incharge | 718-539-4000 |
| Balwinder Singh Kuke | Langar Incharge | 646-496-7400 |
| Gurdeep Singh | Building Incharge | 347-972-4900 |
| Mohinder Singh | Vice Building Incharge | 929-413-8041 |
| Gurmeet Kaur | Education Incharge | 212-313-1313 |
| Parminder Kaur | V.Education Incharge | 718-414-7708 |
| Jatinder Kaur | P.R.O | 917-440-4440 |
| Kulwant Kaur | P.R.O | |
| Balbir Singh | Advisor | |
| Harvinder Singh | General Manager | 718-709-6106 |

### BOARD OF TRUST

| | | |
|---|---|---|
| Satnam Singh | (Chairman) | 917-302-9488 |
| Balwinder Kaur | (Vice Chairman) | 917-687-3701 |
| Kulwant Singh | (Vice Chairman) | 718-306-7779 |
| Gurbachan Kaur | (Board of Trust Secretary) | 917-641-5415 |
| Raghbir Singh | (Senior) | 646-441-7482 |
| Gurdev Singh | (Senior) | 646-739-8783 |
| Jaspreet Singh | (Senior) | 929-365-8028 |
| Akal Singh | (Senior) | 516-244-3081 |
| Rashpal Singh | (Senior) | 917-855-5401 |
| Jagat Singh | (Senior) | 646-318-6759 |
| Lakhwinder Singh | (Junior) | |
| Malkit Singh | (Junior) | 917-913-3582 |
| Kuldeep Singh Begowal | (Junior) | 347-345-8537 |
| Gujinder Singh | (Junior) | 347-706-5659 |
| Gagandeep Singh | (Junior) | 917-608-6500 |
| Surinder Singh | (Junior) | 347-261-0916 |
| Prabhjot Kaur | (Junior) | |

**ਸੰਗਤਾਂ ਦੀ ਸੇਵਾ ਲਈ ਖਾਣ ਪੀਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ ।**
**ਸੰਗਤਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਪਰਿਵਾਰਾਂ ਸਹਿਤ ਹਾਜਰੀ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ।**

Dilbag Singh, Harjit Singh, Daljit Singh, Jaswinder Singh Tony, Sandeep Singh Gippy, Gurnam Singh, Surinder Singh, Sukhdev Singh, Navdeep Singh, Prince, Mahinder Singh Harry, Prabhjot Singh Rocky, Malkeet Singh, Malkeet Singh Neeta, Paramjit Singh, Harminder Singh, Balwinder Singh, Gulzar Singh, Manjinder Singh, Micky, Sethi, Sukhjinder S. Rimpy

ਸਾਬਕਾ ਪ੍ਰਧਾਨ

Ex Chairmans
Balwinder Singh Subhanpur
Sukhjinder Singh Subhanpur
Baldev Singh Gilzian

ਫੋਨ ਨੰਬਰ: 718 805 6941 - 718 805 7400
www.gurdwarababamakhanshahlubanany.com

ਸ਼ਾਨੇ ਪੰਜਾਬ ਰਾਈਟਰ BJ GLOBAL PUNJAB PTC PUNJABI jus GARV ਪੰਜਾਬ print linkers 347-475-5555

Print & Designed by : PrintLinkers.com 347-475-5555 (Dilpreet Singh)

FREE ADMISSION
FREE PARKING, FREE FOOD-CAKE-PAAN TASTING
FREE HENNA, PHOTOS, T-SHIRTS, BAGS & RAFFLES

Exclusive Events, Maliha Khan Makeup & Aisha's Wedding Decor Present:
Sumit Arya & Maliha Khan's

# DULHAN EXPO

## Bridal Show

Wedding Planning & Lifestyle Expos for The Sophisticated South Asian Bride

- 70 Vendors Per Expo; 100 Unique Ones Total
- Attend Both Expos for Maximum Choices
- Plan All Types of Events, Not Just Weddings

## LONG ISLAND

SUNDAY **Sept.15** 2019
12-6PM
**MARRIOTT MELVILLE**
1350 Walt Whitman Road, Melville NY 11747

## NEW JERSEY

SUNDAY **Sept.29** 2019
12-7PM
**DELTA HOTELS WOODBRIDGE**
(FORMERLY: RENAISSANCE WOODBRIDGE)
515 US Highway 1S, Iselin, New Jersey 08830

**OFFICIAL VENDORS:**
**Photo/Video:** Ravinder Arora/John Martin/Fredy Alvarez; **Sound:** Exclusive Events
**Stage Decor:** Aisha's Wedding Decor; **Fashion Choreography:** Karamjit Bhinder

**MEDIA SPONSORS:**
**Television & Radio:** Hum TV, B4U Network, ARY, Aaj Tak, ITV Gold, India Life TV, AwesomeTV, Easy96.com, Swaarg Sangeet Radio, AWSM Radio
**Magazines:** Little India, Gujarat Darpan, Za's Pages, India Life & Times, Tiranga
**Newspapers:** Desi Talk, Apna Punjab, Weekly Probash, Urdu Times, Preetnama
**Online Media:** ApneeCommunity.com, Sulekha.com, NJWedding.com

Wedding Planning . Designer Fashion Shows
Live Entertainment . Tons of Free Amenities
Jewelry/Fashion Shopping . Open to Public



**16 Years . 92 Expos**
**8 Expos Per Year**
**65-75 Booths Per Expo**
All Wedding Service Providers Under 1 Roof: Mandap Designers, Florists, Lighting, PhotoBooths, Deejays, Vocal Artists, Instrumentalists, Dancers, Cake, Makeup Artists, Mehndi Artists, Fashion Designers, Jewelers, Invitations, Limousines, Paan, Horse & Carriages, Casual Fashion/Jewelry & Much More

**COME PLAN YOUR**
Weddings
Receptions
Birthdays
Anniversaries
Sweet Sixteens
Graduations
Retirements
Corporate Events
Baby Showers

For Booths/Stalls at DulhanExpos, and other Marketing Ideas, Please Call/Text **SUMIT ARYA:**
**1.844.4DULHAN**
**732.754.1894**

For FREE Entry Passes, Directions & Additional Information, Please Visit our Website:
**DulhanExpo.com**

DulhanExpo provides it's Vendors a Promotional Platform & the Brides/Visitors a 1-Stop Shopping Convenience. Dulhan Inc. is not responsible for any Claims made by the Vendors & Delivery of Raffles and/or Deals offered by them. Please spend time Evaluating their Talent, Quality and Professionalism and Check all the References before Hiring them.

RAbhishek Sharma PHOTOGRAPHY
Makeup: Asiana Bridal & Training Academy